ਸਰਤ ਬਾਬੂ ਜੀ ਦੀ ਕਲਮ ਤੋਂ
ਅਨੋਖੀ ਰਚਨਾ

# ਵਿਚਕਾਰਲੀ ਭੈਣ

ਇਕ ਹੋਰ ਕਹਾਣੀ

---

ਲੇਖਕ-
ਬਾਬੂ ਸਰਤ ਚੰਦਰ ਚੈਟਰ ਜੀ

---

ਅਨੁਵਾਦਕ-
ਸ: ਦਸੌਂਧਾ ਸਿੰਘ ਜੀ

---

ਪ੍ਰਕਾਸ਼ਕ-
ਭਾਰਤ ਪੁਸਤਕ ਭੰਡਾਰ
ਕਟੜਾ ਆਹਲੂਵਾਲਾ ਅੰਮ੍ਰਿਤਸਰ

ਪਹਿਲੀ ਵਾਰ

ਪ੍ਰਕਾਸ਼ਕ–
ਭਗਤ ਦੁਰਗਾ ਦਾਸ ਮਾਲਿਕ
ਭਾਰਤ ਪੁਸਤਕ ਭੰਡਾਰ
ਕਟੜਾ ਆਹਲੂਵਾਲਾ ਅਮ੍ਰਿਤਸਰ

ਮੁਲ ੨॥)

ਪ੍ਰਿੰਟਰ–ਸਰਦਾਰ ਭੁਪਿੰਦਰ ਸਿੰਘ
ਬੀ.ਏ.ਅਲਐਲ.ਬੀ.
ਮੈਨੇਜਰ ਤੇ ਪ੍ਰਿੰਟਰ ਵਜ਼ੀਰ ਹਿੰਦ ਪ੍ਰੈਸ
ਹਾਲ ਬਜ਼ਾਰ ਅਮ੍ਰਿਤਸਰ

# ਵਿਚਕਾਰਲੀ ਭੈਣ

੧.

ਕਿਸ਼ਨ ਦੀ ਮਾਂ, ਛੋਲੇ ਕਚਾਲੂ ਵੇਚ ਵੇਚ ਕੇ, ਬੜੀ ਔਖਿਆਈ ਨਾਲ ਪਾਲ ਕੇ, ਉਹਨੂੰ ਚੌਦਾਂ ਸਾਲਾਂ ਦਾ ਕਰਕੇ ਮਰ ਗਈ। ਕਿਸ਼ਨ ਦਾ ਸਾਰੇ ਪਿੰਡ ਵਿਚ ਕੋਈ ਆਸਰਾ ਨਹੀਂ ਸੀ। ਇਸ ਦੀ ਮਤੇਈ ਭੈਣ, ਕਾਦੰਬਨੀ ਦੀ ਹਾਲਤ ਕੁਝ ਚੰਗੀ ਸੀ, ਲੋਕਾਂ ਆਖਿਆ, "ਜਾਹ ਕਿਸ਼ਨ ਤੂੰ ਆਪਣੀ ਭੈਣ ਦੇ ਘਰ ਜਾ ਰਹੋ।" ਉਹ ਖਾਂਦੇ ਪੀਂਦੇ ਆਦਮੀ ਹਨ, ਦਿਨ ਚੰਗੇ ਲੰਘ ਜਾਣਗੇ।

ਮਾਤਾ ਦੇ ਵਿਯੋਗ ਵਿਚ ਕਿਸ਼ਨ ਐਨਾ ਰੋਇਆ ਕਿ ਉਸ ਨੂੰ ਰੋਂਦਿਆਂ ਰੋਂਦਿਆਂ ਕਸ ਚੜ੍ਹ ਗਈ। ਜਦੋਂ ਰਾਜ਼ੀ ਹੋਇਆ ਤਾਂ ਉਸ ਨੇ ਭਿਖਿਆ ਮੰਗ ਕੇ ਸਰਾਧ ਕੀਤਾ। ਇਸ ਤੋਂ ਪਿਛੋਂ ਉਹ ਆਪਣੇ ਮੁੰਨੇ ਹੋਏ ਸਿਰ ਤੇ ਪੋਟਲੀ ਰੱਖ ਕੇ ਆਪਣੀ ਭੈਣ ਦੇ ਘਰ, ਰਾਜ ਘਾਟ ਜਾ ਪੁੱਜਾ। ਭੈਣ ਉਹਨੂੰ ਸਿਆਣਦੀ ਸੀ। ਉਹ ਇਹਦੀ ਜਾਣ ਪਛਾਣ ਕਰਕੇ ਤੇ ਆਉਣ ਦਾ ਸਬੱਬ ਸੁਣ ਕੇ ਅੱਗ ਬਘੋਲਾ ਹੋ ਉਠੀ। ਉਹ ਰਾਜੇ ਨਾਲ ਆਪਣੇ ਬਾਲ ਬਚਿਆਂ ਦਾ ਗੁਜ਼ਾਰਾ ਲਈ ਜਾਂਦੀ ਸੀ, ਇਹ ਬਿੱਜ ਕਿਧਰੋਂ ਪੈ ਗਈ?

ਪਿੰਡ ਦਾ ਜਿਹੜਾ ਬੁੱਢਾ ਕਿਸ਼ਨ ਨੂੰ ਘਰ ਲੈਕੇ

ਆਇਆ ਸੀ, ਉਸ ਨੂੰ ਪੰਜ ਸਤ ਖਰੀਆਂ ਖਰੀਆਂ ਸੁਣਾਉਣ ਤੋਂ ਪਿਛੋਂ 'ਕਾਦੰਬਨੀ' ਏਦਾਂ ਕਹਿਣ ਲੱਗੀ, "ਵਾਹਵਾ! ਚੰਗਾ ਮੇਰੇ ਸਕੇ ਸੋਧਰੇ ਨੂੰ ਆਟਾ ਮੁਕਾਉਣ ਲਈ ਲਿਆਏ ਹੋ?" ਫੇਰ ਆਪਣੀ ਮਤੇਈ ਮਾਂ ਨੂੰ ਫੂਲ ਝੜਾਉਂਦੀ ਹੋਈ ਬੋਲੀ, "ਕਮਜ਼ਾਤ ਕਿਸੇ ਥਾਂ ਦੀ, ਜਦ ਤਕ ਜੀਊਂਦੀ ਰਹੀ, ਕੱਦੇ ਖਾਲੀ ਹੱਥੀਂ ਵੀ ਆ ਕੇ ਪਤਾ ਨਹੀਂ ਲਿਆ, ਹੁਣ ਮਰ ਗਈ ਹੈ ਤਾਂ ਪੁੱਤ ਨੂੰ ਭੇਜ ਦਿਤਾ ਸੋ, ਸਾਡਾ ਮਾਸ ਹੀ ਮੋਟਾ ਵੇਖ ਲਿਆ ਹੋਣਾ ਏਂ? ਜਾ! ਬਾਬਾ ਏਸ ਪਰਾਏ ਪੁੱਤ ਨੂੰ ਏਥੋਂ ਮੋੜ ਕੇ ਲੈ ਜਾਹ ਮੈਂ ਇਹ ਕਜੀਆ ਨਹੀਂ ਪਾਉਣਾ ਚਾਹੁੰਦੀ।"

ਬੁੱਢਾ ਜ਼ਾਤ ਦਾ ਨਾਈ ਸੀ ਤੇ ਕਿਸ਼ਨ ਦੀ ਮਾਂ ਤੇ ਉਹਦੀ ਕਾਫੀ ਸ਼ਰਧਾ ਸੀ। ਉਹ ਇਹਨੂੰ ਮਾਂ ਆਖ ਕੇ ਹੀ ਬੁਲਾਇਆ ਕਰਦਾ ਸੀ। ਇਸ ਕਰਕੇ ਐਨੀਆਂ ਗੱਲਾਂ ਸੁਣ ਕੇ ਵੀ, ਉਹਨੇ ਖਹਿੜਾ ਨਹੀਂ ਛਡਿਆ। ਉਹਨੇ ਮਿਨਤਜਹੀ ਕਰਕੇ ਆਖਿਆ, "ਮਾਂ ਤੇਰੇ ਘਰ ਕੀ ਪਰਵਾਹ ਹੈ। ਲਛਮੀ ਅੰਦਰ ਬਾਹਰ ਉੱਛਲ ਦੀ ਫਿਰਦੀ ਹੈ। ਬੇ ਹਿਸਾਬ, ਨੌਕਰ, ਟਹਿਲਣਾਂ ਮੰਗਤੇ ਤੇ ਹੋਰ ਕੁੱਤੇ ਬਿਲੇ ਖਾਂਦੇ ਫਿਰਦੇ ਹਨ। ਜੇ ਇਹ ਲੜਕਾ ਦੋ ਰੋਟੀਆਂ ਖਾ ਲਏਗਾ ਤੇ ਬਾਹਰ ਬਰਾਂਡੇ ਵਿਚ ਸੌਂ ਰਹੇਗਾ ਤੇ ਤੈਨੂੰ ਕੀ ਭਾਰ ਲੱਗਣ ਲੱਗਾ ਹੈ?"

ਬੜਾ ਸਮਝਦਾਰ ਹੈ। ਜੇ ਭਰਾ ਸਮਝਕੇ ਨਹੀਂ ਤਾਂ ਇਕ ਬ੍ਰਾਹਮਣ ਦਾ ਬੇ ਆਸਰਾ ਬੱਚਾ ਹੀ ਸਮਝਕੇ ਘਰ ਦੇ ਕਿਸੇ ਖੂੰਜੇ ਖਰਲੇ ਵਿੱਚ ਰਹਿਣ ਲਈ ਥਾਂ ਦੇ ਦਿਉ।

ਇਹੋ ਜਹੀ ਉਸਤਤੀ ਸੁਣਕੇ ਤਾਂ ਪੁਲਸ ਦਾ ਥਾਣੇਦਾਰ

ਬੀ ਨਰਮ ਹੋ ਜਾਂਦਾ, ਕਾਦੰਬਨੀ ਤਾਂ ਇਕ ਇਸਤ੍ਰੀ ਸੀ। ਇਸ ਕਰਕੇ ਉਹ ਚੁੱਪ ਕਰ ਗਈ। ਬੁਢੇ ਨੇ ਕਿਸ਼ਨ ਨੂੰ ਉਹਲੇ ਲਿਜਾਕੇ ਉਹਦੇ ਕੰਨ ਵਿਚ ਘੁਸਰ ੨ ਕੀਤਾ ਜਿਸਨੂੰ ਸਮਝਕੇ ਉਹ ਅੱਖਾਂ ਪੂੰਝਦਾ ਹੋਇਆ ਬਾਹਰ ਨੂੰ ਤੁਰ ਗਿਆ ਕਿਸ਼ਨ ਨੂੰ ਆਸਰਾ ਮਿਲ ਗਿਆ।

ਕਾਦੰਬਨੀ ਦਾ ਪਤੀ ਨਵੀਨਚੰਦ ਚੌਲਾਂ ਦਾ ਆੜ੍ਹਤੀ ਸੀ। ਜਦੋਂ ਉਹ ਦੁਪਹਿਰ ਨੂੰ ਘਰ ਆਏ ਤਾਂ ਉਹਨਾਂ ਕਿਸ਼ਨ ਵੱਲ ਟੇਢੀਆਂ ਅੱਖਾਂ ਨਾਲ ਵੇਖਕੇ ਆਖਿਆ, 'ਇਹ ਕੌਣ ਹੈ?'।

ਕਾਦੰਬਨੀ ਨੇ ਮੂੰਹ ਮੋਮ ਜਿਹਾ ਕਰਕੇ ਆਖਿਆ, 'ਤੁਹਾਡੇ ਸਕੇ ਸਾਲੇ ਹਨ'। ਇਹਨਾਂ ਨੂੰ ਖੁਆਓ, ਪਿਲਾਓ, ਵੱਡੇ ਕਰੋ ਤੁਹਾਡਾ ਪਰਲੋਕ ਸੌਰ ਜਾਇਗਾ।'

ਨਵੀਨ ਆਪਣੀ ਮਤੇਈ ਸੱਸ ਦਾ ਮਰਨਾ ਸੁਣ ਹੀ ਚੁਕੇ ਸਨ। ਸਾਰੀਆਂ ਗੱਲਾਂ ਸਮਝਕੇ ਕਹਿਣ ਲੱਗੇ, 'ਠੀਕ ਹੈ, ਬੜਾ ਸੁਹਣਾ ਸਡੌਲ ਸਰੀਰ ਹੈ।'

ਘਰ ਵਾਲੀ ਨੇ ਆਖਿਆ, 'ਸਰੀਰ ਸਡੌਲ ਕਿਉ ਨ ਹੋਵੇ, ਪਿਤਾ ਜੋ ਕੁਝ ਖਟ ਕਮਾ ਗਏ ਸਨ ਕਾਲੇ ਮੂੰਹ ਵਾਲੀ ਨੇ ਸਭ ਕੁਝ ਇਹਦੇ ਢਿੱਡ ਵਿੱਚ ਪਾ ਛੱਡਿਆ ਹੈ। ਮੈਨੂੰ ਤਾਂ ਕਦੇ ਕੱਚੀ ਕੌਡੀ ਵੀ ਨਹੀਂ ਸੀ ਦਿਤੀ।

ਸ਼ਾਇਦ ਇਹ ਗਲ ਦੱਸਣੀ ਜ਼ਰੂਰੀ ਨਾ ਹੋਵੇਗੀ ਕਿ ਉਹਦੇ ਪਿਤਾ ਦਾ ਧਨ ਦੌਲਤ, ਇਕ ਮਿੱਟੀ ਦੀ ਕੱਚੀ ਝੁੱਗੀ ਤੇ ਇਸਦੇ ਲਾਗੇ ਇਕ ਨਿੰਬੂਆਂ ਦਾ ਬੂਟਾ ਸੀ। ਉਸੇ ਝੁੱਗੀ ਵਿਚ ਵਿਚਾਰੀ ਸਿਰੋਂ ਨੰਗੀ ਰਹਿੰਦੀ ਸੀ ਤੇ ਨਿੰਬੂ ਵੇਚਕੇ

ਇਸਦੀ ਸਕੂਲ ਦੀ ਫੀਸ ਪੂਰੀ ਕਰਦੀ ਹੁੰਦੀ ਸੀ। ਨਵੀਨ ਨੇ ਗੁਸੇ ਨੂੰ ਰੋਕਕੇ ਆਖਿਆ 'ਚੰਗੀ ਗਲ ਹੈ।'

ਕਾਦੰਬਨੀ ਨੇ ਆਖਿਆ, 'ਚੰਗੀ ਨਹੀਂ ਤਾਂ ਕੀ ਮਾੜੀ ਹੈ ਤੁਹਾਡਾ ਨਿਗਦਾ ਸਾਕ ਹੈ, ਉਸੇਤਰਾਂ ਰਖਣਾ ਪਏਗਾ। ਇਸਦੇ ਪਾਸੋਂ ਮੇਰੇ ਗੋਪਾਲ ਵਾਸਤੇ ਇਕ ਬੁਰਕੀ ਵੀ ਖਾਣ ਨੂੰ ਬਚ ਜਾਏ ਤਾਂ ਧੰਨ ਭਾਗ ਹਨ, ਨਹੀਂ ਤਾਂ ਸਾਰੇ ਦੇਸ ਵਿਚ ਬਦਨਾਮੀ ਹੋਵੇਗੀ।'

ਇਹ ਆਖਕੇ ਕਾਦੰਬਨੀ ਨੇ ਲਾਗਲੇ ਦੂਜੀ ਛੱਤ ਵੱਲ ਦੇ ਮਕਾਨ ਵੱਲ ਜਿਸਦੀ ਕਿ ਬਾਰੀ ਖੁਲ੍ਹੀ ਹੋਈ ਸੀ, ਕ੍ਰੋਧ ਭਰੀਆਂ ਅੱਖਾਂ ਨਾਲ ਤੱਕਿਆ, ਇਹ ਮਕਾਨ ਉਸਦੀ ਵਿਚ-ਕਾਰਲੀ ਦਿਰਾਣੀ 'ਹੇਮਾਂਗਨੀ' ਦਾ ਸੀ।

ਦੂਜੇ ਪਾਸੇ ਕਿਸ਼ਨ ਬਰਾਂਡੇ ਵਿਚ ਊਂਧੀ ਪਾਈ ਸ਼ਰਮ ਦੇ ਮਾਰਿਆ ਮਰਦਾ ਜਾ ਰਿਹਾ ਸੀ। ਕਾਦੰਬਨੀ ਲੰਗਰ ਵਿਚ ਜਾਕੇਨਾਰੀਅਲ ਦੇ ਖੋਪੇਵਿਚ ਥੋੜਾਜਿਹਾ ਤੇਲਲਿਆਕੇਬੋਲੀ, "ਜਾਹ ਜਾਕੇ ਤਾਲ ਤੇ ਨ੍ਹਾ ਆ। ਹੁਣ ਐਵੇਂ ਝੂਠ ਮੂਠ ਦਾ ਕੀ ਲਾਹ? ਹਾਂ ਸੱਚ ਕਿਤੇ ਤੈਨੂੰ ਅਤਰ ਉਤਰ ਲਾਉਣ ਦੀ ਆਦਤ ਤਾਂ ਨਹੀਂ ?"

ਇਸਤੋਂ ਪਿਛੋਂ ਉਸਨੇ ਜ਼ੋਰ ਦੀ ਸੁਆਮੀ ਨੂੰ ਆਖਿਆ' "ਜਦੋਂ ਨ੍ਹਾਉਣ ਜਾਓ ਤਾਂ ਏਸ ਬਾਬੂ ਸਾਹਿਬ ਨੂੰ ਵੀ ਨਾਲ ਲੈ ਜਾਣਾ। ਜੇ ਕਿਤੇ ਡੁਬ ਗਏ ਤਾਂ ਸਾਰੇ ਘਰ ਵਾਲਿਆਂ ਦੇ ਗਲ ਵਿਚ ਰੱਸਾ ਪੈ ਜਾਇਗਾ।"

ਕਿਸ਼ਨ ਰੋਟੀ ਖਾਣ ਬਹਿ ਗਿਆ। ਇਕੇ ਤਾਂ ਉਹ ਉਂਞ ਹੀ ਜ਼ਿਆਦਾ ਖਾਂਦਾ ਸੀ, ਦੂਜਾ ਇਕ ਦੋ ਦਿਨ ਦਾ ਭੁਖਾ

ਤੁਰਕੇ ਇੱਥੇ ਆਇਆ ਸੀ। ਇਹਨਾਂ ਕਾਰਨਾਂ ਕਰਕੇ ਥਾਲੀ ਵਿਚਲਾ ਸਭ ਕੁਝ ਖਾ ਕੇ ਵੀ ਉਹਦੀ ਭੁਖ ਦੂਰ ਨ ਹੋਈ। ਨਵੀਨ ਵੀ ਕੋਲ ਹੀ ਰੋਟੀ ਖਾ ਰਿਹਾ ਸੀ। ਇਹ ਵੇਖ ਕੇ ਉਸ ਨੇ ਕਿਹਾ! "ਕਿਸ਼ਨ ਨੂੰ ਥੋੜੇ ਚੌਲ ਹੋਰ ਦਿਉ।"

"ਦੇਂਦੀ ਹਾ।" ਇਹ ਆਖ ਕੇ ਕਦੰਬਨੀ ਉਠੀ ਤੇ ਉਸਨੇ ਚੌਲਾਂ ਦੀ ਭਰੀ ਹੋਈ ਪੂਰੀ ਬਾਲੀ ਲਿਆ ਕੇ ਕਿਸ਼ਨ ਦੀ ਥਾਲੀ ਵਿਚ ਉਲੱਦ ਦਿਤੀ। ਹੱਸਦੀ ਹੋਈ ਕਹਿਣ ਲੱਗੀ, "ਇਹ ਤਾ ਚੰਗੀ ਹੋਈ, ਹਰ ਰੋਜ਼ ਇਸ ਹਾਥੀ ਦੀ ਖੁਰਾਕ ਪੂਰੀ ਕਰਦਿਆਂ ੨ ਸਾਡਾ ਤਾਂ ਚੰਡ ਨਿਕਲ ਜਾਇਆ ਕਰੇਗਾ ਸ਼ਾਮ ਨੂੰ ਹੱਟੀਓਂ ਦੋ ਮਣ ਮੋਟਾ ਚੌਲ ਭੇਜ ਦੇਣਾ ਨਹੀਂ ਤਾਂ ਭੰਡਣੀ ਹੋਵੇਗੀ।"

ਦਰਦ ਭਰੀ ਲਜਿਆ ਨਾਲ ਕਿਸ਼ਨ ਦਾ ਸਿਰ ਹੋਰ ਵੀ ਝੁਕ ਗਿਆ। ਉਹ ਅਪਣੀ ਮਾਂ ਦਾ ਇਕ ਹੀ ਪੁਤ੍ਰ ਸੀ। ਇਹ ਤਾਂ ਪਤਾ ਨਹੀਂ ਕਿ ਉਸਦੀ ਦੁਖੀਆ ਮਾਂ ਉਹਨੂੰ ਬਰੀਕ ਜਾਂ ਵਧੀਆ ਚੌਲ ਖਿਲਾਉਂਦੀ ਸੀ ਜਾਂ ਨਹੀਂ ਪਰ ਏਨੀ ਗੱਲ ਜ਼ਰੂਰ ਸੀ ਕਿ ਉਸਨੂੰ ਢਿੱਡ ਭਰ ਕੇ ਖਾਣ ਬਦਲੇ ਨੀਵੀਂ ਪਾਉਣੀ ਕਦੇ ਨਹੀਂ ਸੀ ਪਈ। ਉਹਨੂੰ ਚੇਤਾ ਆਇਆ ਕਿ ਖੂਬ ਢਿਡ ਭਰ ਕੇ ਖਾਣ ਤੇ ਵੀ ਮੈਂ ਅਪਣੀ ਮਾਂ ਦੀ ਹੋਰ ਖੁਲਾਉਣ ਦੀ ਖਾਹਿਸ਼ ਨੂੰ ਨਹੀਂ ਸਾਂ ਰੋਕ ਸਕਦਾ। ਉਹਨੂੰ ਇਹ ਵੀ ਚੇਤਾ ਆਇਆ ਕਿ ਕੁਝ ਚਿਰ ਪਹਿਲਾਂ ਅਪਣੀ ਮਾਂ ਪਾਸੋਂ ਕੁਝ ਖਰੀਦਣ ਲਈ, ਦੋ ਚਾਰ ਕੜਛੀਆਂ ਜ਼ਿਆਦਾ ਚੌਲ ਖਾ ਕੇ ਹੀ ਪੈਸੇ ਵਸੂਲ ਕੀਤੇ ਸਨ।

ਉਹਦੀਆਂ ਦੋਹਾਂ ਅੱਖਾਂ ਵਿੱਚੋਂ ਵੱਡੇ ੨ ਅੱਥਰੂ ਥਾਲੀ

ਵਿਚ ਡਿਗਣ ਲੱਗੇ ਤੇ ਉਸੇ ਤਰ੍ਹਾਂ ਹੀ ਉਹ ਚੋਲ ਖਾਂਦਾ ਰਿਹਾ। ਉਹਨੂੰ ਏਨਾਂ ਹੌਂਸਲਾ ਵੀ ਨ ਪਿਆ ਕਿ ਖੱਬੇ ਹੱਥ ਨਾਲ ਅੱਖਾਂ ਦੇ ਅੱਥਰੂ ਹੀ ਪੂੰਝ ਲਏ। ਉਹ ਡਰਦਾ ਸੀ ਕਿ ਕਿਤੇ ਭੈਣ ਨ ਵੇਖ ਲਏ। ਅੱਜੇ ਥੋੜਾ ਚਿਰ ਪਹਿਲਾਂ ਐਵੇਂ ਝੂਠ ਮੂਠ ਅੱਖਾਂ ਪੂੰਝਣ ਦੇ ਅਪ੍ਰਾਧ ਵਿਚ ਝਿੜਕ ਖਾ ਚੁਕਾ ਸੀ ਤੇ ਇਹ ਝਿੜਕ ਹੀ ਉਹਦੇ ਐਡੇ ਵੱਡੇ ਮਾਂ ਦੇ ਹਿਰਖ ਨੂੰ ਦਬਾ ਬੈਠੀ ਸੀ।

—o—

## ੨.

ਦੋਹਾਂ ਭਰਾਵਾਂ ਨੇ ਜੱਦੀ ਮਕਾਨ ਆਪੋ ਵਿਚ ਦੀ ਵੰਡ ਲਿਆ ਸੀ। ਲਾਗਲਾ ਦੋਂਹ ਛੱਤਾਂ ਵਾਲਾ ਮਕਾਨ ਵਿਚਕਾਰਲੇ ਭਰਾ 'ਵਿਪਨ' ਦਾ ਸੀ। ਛੋਟੇ ਭਰਾ ਨੂੰ ਮੰਗਿਆਂ ਕਈ ਚਿਰ ਹੋ ਗਿਆ ਹੈ। ਵਿਪਨ ਵੀ ਚਾਵਲਾਂ ਦਾ ਹੀ ਕੰਮ ਕਰਦਾ ਹੈ। ਗੁਜ਼ਾਰਾ ਤਾਂ ਇਹਦਾ ਵੀ ਚੰਗਾ ਹੈ, ਪਰ ਵੱਡੇ ਭਰਾ 'ਨਵੀਨ' ਵਰਗਾ ਨਹੀਂ। ਫੇਰ ਵੀ ਇਸਦਾ ਮਕਾਨ ਦੋਹਰਾ ਹੈ। ਵਿਚਕਾਰਲੀ ਨੋਂਹ 'ਹੇਮਾਂਗਨੀ' ਸ਼ਹਿਰਨ ਕੁੜੀ ਹੈ। ਇਹ ਨੌਕਰ ਨੌਕਰਿਆਣੀਆਂ ਰੱਖਕੇ ਤੇ ਚੌਂਹ ਆਦਮੀਆਂ ਰੋਟੀ ਖੁਆ ਕੇ ਖੁਸ਼ ਹੋਣ ਵਾਲੀ ਇਸਤਰੀ ਹੈ। ਉਹ ਕੰਜੂਸ ਮੱਖੀ ਚੂਸ ਬਣਕੇ ਰਹਿਣਾ ਪਸੰਦ ਨਹੀਂ ਸੀ ਕਰਦੀ ਇਸੇ ਕਰਕੇ ਚਾਰ ਵਰ੍ਹੇ ਪਹਿਲਾਂ, ਦੋਵੇਂ ਜੇਠਾਣੀ ਦਰਾਣੀ ਲੜਕੇ

ਅੱਡ ਹੋ ਚੁੱਕੀਆਂ ਹਨ। ਇਸਤੋਂ ਪਿੱਛੋਂ ਉਤੋਂ ਉਤੋਂ ਤਾਂ ਕਈ ਵਾਰੀ ਲੜਾਈ ਝਗੜੇ ਹੋ ਕੇ ਸੁਲ੍ਹਾ ਵੀ ਹੋ ਚੁਕੀ ਹੈ, ਪਰ ਦਿਲੋਂ ਰੰਜ ਦੂਰ ਨਹੀਂ ਹੋਏ। ਇਸਦਾ ਕਾਰਣ ਜੇਠਾਣੀ ਕਾਦੰਬਨੀ ਹੀ ਹੈ। ਉਹ ਚੰਗੀ ਤਰ੍ਹਾਂ ਨਿਸਚਾ ਕਰੀ ਬੈਠੀ ਹੈ ਕਿ ਟੁਟੇ ਹੋਏ ਦਿਲ ਕਦੇ ਵੀ ਇਕੱਠੇ ਨਹੀਂ ਹੋ ਸਕਦੇ। ਪਰ ਵਿਚਕਾਰਲੀ ਨੋਂਹ ਐਨੀ ਪੱਕੀ ਨਹੀਂ ਹੈ। ਉਹ ਏਦਾਂ ਦਾ ਸੋਚ ਵੀ ਨਹੀਂ ਸਕਦੀ। ਇਹ ਠੀਕ ਹੈ ਕਿ ਝਗੜਾ ਪਹਿਲਾਂ ਵਿਚਕਾਰਲੀ ਨੋਂਹ ਦੇ ਪੈਰੋਂ ਹੀ ਖੜਾ ਹੁੰਦਾ ਹੈ, ਪਰ ਇਹ ਲੜ ਝਗੜ ਕੇ ਪਛਤਾਵਾ ਵੀ ਕਰਨ ਲੱਗ ਜਾਂਦੀ ਹੈ। ਕਈ ਵਾਰੀ ਖਾਣ ਪੀਣ ਜਾਂ ਹੋਰ ਕਿਸੇ ਪੱਜ ਇਹ ਜੇਠਾਣੀ ਨੂੰ ਕੁਆਉਣ ਲਈ ਉਸਦੇ ਪਾਸ ਵੀ ਆ ਬਹਿੰਦੀ ਹੈ। ਹੱਥ ਪੈਰ ਜੋੜ ਕੇ, ਮਾਫੀ ਮੰਗਕੇ ਇਹ ਜੇਠਾਣੀ ਨੂੰ ਆਪਣੇ ਘਰ ਲੈ ਜਾਂਦੀ ਹੈ। ਪਿਆਰ ਕਰਦੀ ਹੈ। ਏਸ ਤਰ੍ਹਾਂ ਦੋਹਾਂ ਦੇ ਦਿਨ ਕੱਟ ਰਹੇ ਹਨ।

ਅਜ ਕੋਈ ਸਾਢੇ ਤਿੰਨ ਵਜੇ 'ਹੇਮਾਂਗਨੀ ਇਸ ਮਕਾਨ ਵਿਚ ਆਈ ਹੈ। ਲਾਗੇ ਹੀ ਖੂਹ ਤੇ ਸੀਮੇਂਟ ਦੀ ਮਣ ਤੇ ਕਿਸ਼ਨ, ਸਾਬਣ ਲਾ ਲਾ ਕੇ ਬੈਠਾ ਕਪੜੇ ਧੋ ਰਿਹਾ ਹੈ। 'ਕਾਦੰਬਨੀ ਦੂਰ ਖਲੋਤੀ ਘਟ ਤੋਂ ਘਟ ਸਾਬਣ ਲਾਕੇ ਵੱਧ ਤੋਂ ਵੱਧ ਕਪੜੇ ਧੋਣ ਦੀ ਜਾਚ ਸਿਖਾ ਰਹੀ ਸੀ। ਉਹ ਦਿਰਾਣੀ ਨੂੰ ਵੇਖਦਿਆਂ ਹੀ ਬੋਲ ਪਈ।" ਵੇਖ ਨੀ ਭੈਣ! ਇਹ ਲੜਕਾ ਕਿੰਨੇ ਗੰਦੇ ਕਪੜੇ ਪਾ ਕੇ ਆਇਆ ਹੈ।"

ਗੱਲ ਠੀਕ ਸੀ। ਕਿਸ਼ਨ ਵਰਗੀ ਲਾਲ ਕੰਨੀ ਵਾਲੀ ਧੋਤੀ ਤੇ ਦੁਪੱਟਾ ਲੈਕੇ ਕੋਈ ਵੀ ਆਪਣੇ ਸਾਕਾਂ ਦੇ ਨਹੀਂ

ਜਾਂਦਾ। ਇਹਨਾਂ ਦੋਹਾਂ ਚੀਜ਼ਾਂ ਨੂੰ ਧੋਣ ਦੀ ਬੜੀ ਲੋੜ ਸੀ। ਧੋਬੀ ਦੇ ਨਾ ਹੋਣ ਕਰਕੇ ਪੁਤ੍ਰ ਗੋਪਾਲ ਤੇ ਉਸਦੇ ਬਾਬੂ ਦੇ ਦੋ ਦੋ ਜੋੜੇ ਕਪੜੇ ਧੋਣੇ ਵੀ ਜ਼ਰੂਰੀ ਸਨ।ਸੋ ਕਿਸ਼ਨ ਇਹਸੇਵ ਹੀ ਕਰ ਰਿਹਾ ਸੀ। 'ਹੇਮਾਂਗਨੀ' ਵੇਖਦਿਆਂ ਹੀ ਸਮਝ ਗਈ ਕਿ ਕੱਪੜੇ ਕਿਸਦੇ ਹਨ, ਪਰ ਉਹ ਇਸ ਗੱਲ ਨੂੰ ਅਣਡਿੱਠ ਕਰਦੀ ਹੋਈ ਬੋਲੀ, "ਬੀਬੀ ਇਹ ਲੜਕਾ ਕੌਣ ਹੈ ?"

ਪਰ ਇਸ ਤੋਂ ਪਹਿਲਾਂ ਉਹ ਆਪਣੇ ਘਰ ਬੈਠੀ ਹ ਇਹ ਸਾਰੀਆਂ ਗੱਲਾਂ ਸੁਣ ਚੁਕੀ ਸੀ। ਜਿਠਾਣੀ ਨੂੰ ਉਰ ਪਰਾ ਕਰਦੀ ਨੂੰ ਵੇਖ ਕੇ ਉਸਨੇ ਫੇਰ ਆਖਿਆ, "ਲੜਕਾ ਤ ਬੜਾ ਸੋਹਣਾ ਹੈ ਇਹਦਾ ਮੂੰਹ ਵੀ ਬਿਲਕੁਲ ਤੇਰੇ ਹੀ ਵਰਗ ਹੈ। ਕੀ ਤੁਹਾਡੇ ਪੇਕਿਆਂ ਤੋਂ ਹੈ ?

ਕਾਦੰਬਨੀ ਨੇ ਉਦਾਸ ਤੇ ਸਿਆਣਾ ਜਿਹਾ ਮੂੰਹ ਬਣ ਕੇ ਆਖਿਆ, 'ਹਾਂ ਮੇਰਾ ਮਤੇਇਆ ਭਰਾ ਹੈ।"ਵੇ ਕਿਸ਼ਨਿਆ ਆਪਣੀ ਏਸ ਭੈਣ ਨੂੰ ਮੱਥਾ ਤਾਂ ਟੇਕ! ਕਿਹੋ ਜਿਹਾ ਮੂਰ ਮੁੰਡਾ ਹੈ! ਵੱਡਿਆਂ ਨੂੰ ਮੱਥਾ ਟੇਕਣਾ, ਤੇਰੀ ਮਾਂ ਇਹ ਵ ਨਹੀਂ ਦੱਸ ਗਈ ?

ਕਿਸ਼ਨ ਬੌਂਦਲਿਆਂ ਵਾਂਗੂ ਉਠ ਬੈਠਾ ਤੇ 'ਕਾਦੰਬਨੀ ਦੇ ਪੈਰਾਂ ਤੇ ਮੱਥਾ ਟੇਕਣ ਨੂੰ ਤਿਆਰ ਹੋ ਪਿਆ,ਉਹਨੇ ਹੋਰ ਵ ਗੁੱਸੇ ਨਾਲ ਆਖਿਆ, 'ਡੰਗਰ ਕਿਸੇ ਥਾਂ ਦਾ, ਆਖਿਆ ਕਿਸਨੂੰ ਹੈ ਤੇ ਇਹ ਮੱਥਾ ਕਿਸਨੂੰ ਟੇਕਦਾ ਹੈ; ਪਾਗਲਾ ਉ ਪਾਸੇ ਜਾ ਕੇ ਮਰ।'

ਅਸਲ ਵਿਚ ਜਦੋਂ ਦਾ ਕਿਸ਼ਨ ਆਇਆ ਹੈ, ਨਿਰ ਵਰੀ ਤੇ ਅਪਮਾਨ ਦੀਆਂ ਅਸਹਿ ਚੋਟਾਂ ਨੇ ਉਹਦਾ ਦਿਮਾ

ਹਿਲਾ ਦਿਤਾ ਹੈ। ਜਦੋਂ ਹੀ ਉਸਨੇ ਹੇਮਾਂਗਨੀ ਦੇ ਪੈਰਾਂ ਉਤੇ ਸਿਰ ਝੁਕਾਇਆ ਤਾਂ ਉਸਨੇ ਇਸਦੀ ਧੋਤੀ ਫੜਕੇ ਆਖਿਆ, 'ਬੱਸ ਕਾਕਾ ਰਹਿਣ ਦਿਹ, ਹੋਗਿਆ। ਰੱਬ ਤੇਰੀ ਉਮਰ ਵੱਡੀ ਕਰੇ।'

ਕਿਸ਼ਨ ਮੂਰਖਾਂ ਵਾਂਗੂ ਉਹਦੇ ਮੂਹ ਵਲ ਵੇਖਦਾ ਰਿਹਾ। ਜਾਣੀਦੀ ਇਹ ਗਲ ਉਹਦੇ ਮਨ ਅੰਦਰ ਨਹੀਂ ਸੀ ਆ ਰਹੀ ਕਿ ਦੁਨੀਆਂ ਵਿਚ ਕੋਈ ਏਦਾਂ ਵੀ ਬੋਲ ਸਕਦਾ ਹੈ।

ਉਸਦਾ ਦੁਖ ਭਰਿਆ ਚਿੱਹਰਾ ਵੇਖਕੇ ਹੇਮਾਂਗਨੀ'ਦਾ ਦਿਲ ਹਿਲ ਗਿਆ ਉਹ ਰੋਣ ਹਾਕੀ ਹੋਗਈ। ਉਹ ਆਪਣੇ ਆਪਨੂੰ ਕਾਬੂ ਨ ਰਖ ਸਕੀ।ਉਸਨੇ ਛੇਤੀ ਨਾਲ ਉਸ ਅਭਾਗੇ ਬੱਚੇ ਨੂੰ ਖਿੱਚਕੇ ਛਾਤੀ ਨਾਲ ਲਾ ਲਿਆ। ਉਸਦਾ ਮੁੜ੍ਹਕੇ ਤੇ ਅਥਰੂਆਂ ਨਾਲ ਭਿੱਜਾ ਹੋਇਆ ਮੂਹ ਪਲੇ ਨਾਲ ਪੂੰਝਦੀ ਹੋਈ ਨੇ ਆਖਿਆ, 'ਹਾਇ ਹਾਇ ਬੀਬੀ ਇਹਦੇ ਕੋਲੋਂ ਕਪੜੇ ਧੋਤੇ ਜਾਂਦੇ ਹਨ। ਕਿਸੇ ਨੌਕਰ ਨੂੰ ਕਿਉਂ ਨ ਸੱਦ ਲਿਆ ?'

ਕਾਦੰਬਨੀ ਇਕੇਵੇਰਾਂ ਹੀ ਬੁਤ ਬਣ ਗਈ ਤੇ ਉਸਨੂੰ ਕੋਈ ਜਵਾਬ ਨ ਔੜਿਆ, ਪਲਕੁ ਪਿਛੋਂ ਕਹਿਣ ਲੱਗੀ, ਮੈਂ ਤੇਰੇ ਵਰਗੀ ਅਮੀਰ ਨਹੀਂ ਹਾਂ ਜੋ ਘਰ ਵਿਚ ਨੌਕਰ ਨੌਕਰਿ-ਆਣੀਆਂ ਰੱਖ ਲਵਾਂ। ਸਾਡੇ ਗ੍ਰਹਸਥੀਆਂ ਦੇ ਘਰ............।

ਗਲ ਮੁਕਣ ਤੋਂ ਪਹਿਲਾਂ ਹੀ ਹੇਮਾਂਗਨੀ ਨੇ ਆਪਣੇ ਘਰ ਵਲ ਮੂਹ ਕਰਕੇ, ਲੜਕੀ ਨੂੰ ਅਵਾਜ ਮਾਰਕੇ ਆਖਿਆ ਉਮਾ ਸ਼ੰਭੂ ਨੂੰ ਭੇਜ, ਜ਼ਰਾ ਜੇਤ ਜੀ ਤੇ 'ਪਾਂਚੂ ਗੋਪਾਲ' ਦੋਹਾਂ ਦੇ ਗੰਦੇ ਕਪੜੇ ਛਪੜੇ ਧੋਕੇ ਸੁਕਾ ਲਿਆਵੇ।'

ਫੇਰ ਉਸਨੇ ਜੇਠਾਣੀ ਵੱਲ ਮੂਹ ਕਰਕੇ ਆਖਿਆ,

'ਅਜ ਰਾਤ ਨੂੰ ਕਿਸ਼ਨ ਤੇ ਪਾਂਚੂ ਮੇਰੇ ਘਰੋਂ ਰੋਟੀ ਖਾਣਗੇ। ਸਕੂਲੋਂ ਔਂਦਿਆਂ ਹੀ ਪਾਂਚੂ ਨੂੰ ਭੇਜ ਦੇਣਾ ਉਨਾਂ ਚਿਰ ਮੈਂ ਇਹਨੂੰ ਲ਼ੈ ਜਾਂਦੀ ਹਾਂ। ਕਿਸ਼ਨ ਇਹਦੇ ਵਾਂਗੂ ਮੈਂ ਵੀ ਤੇਰੀ ਭੈਣ ਹਾਂ ਮੇਰੇ ਨਾਲ ਚਲ, ਇਹ ਆਖਕੇ ਉਹ ਕਿਸ਼ਨ ਦਾ ਹੱਥ ਫੜਕੇ ਆਪਣੇ ਨਾਲ ਲੈ ਗਈ।

ਕਾਦੰਬਨੀ ਨੇ ਕੋਈ ਰੋਕ ਨਹੀਂ ਪਾਈ। ਉਲਟਾ ਹੇਮਾਂਗਨੀ ਦਾ ਦਿੱਤਾ ਹੋਇਆ ਐਡਾ ਵੱਡਾ ਮੇਹਣਾ ਵੀ ਚੁਪ ਚਾਪ ਸਹਾਰ ਲਿਆ ਕਿਉਂਕਿ ਜਿਸਨੇ ਮੇਹਣਾ ਮਾਰਿਆ ਸੀ, ਉਸਨੇ ਇਸ ਦੇਉਰ ਦਾ ਖਰਚ ਵੀ ਤਾਂ ਬਚਾ ਦਿੱਤਾ ਸੀ। ਕਾਦੰਬਨੀ ਵਾਸਤੇ ਦੁਨੀਆਂ ਵਿਚ ਪੈਸੇ ਤੋਂ ਵਧਕੇ ਹੋਰ ਕੋਈ ਚੀਜ਼ ਨਹੀਂ ਸੀ। ਇਸ ਕਰਕੇ ਗਾਂ ਜੇ ਦੁੱਧ ਦੇਣ ਲਗਿਆਂ ਛੜ ਵੀ ਮਾਰੇ ਤਾਂ ਓਹ ਸਹਾਰੀ ਜਾ ਸਕਦੀ ਹੈ।

—o—

## ੩.

ਰਾਤ ਨੂੰ ਕਾਦੰਬਨੀ ਨੇ ਪੁਛਿਆ "ਕਿਉਂ ਕਿਸ਼ਨਿਆਂ ਉਥੋਂ ਕੀ ਕੀ ਖਾ ਕੇ ਆਇਆ ਏਂ ?"

ਕਿਸ਼ਨ ਨੇ ਸੰਗਦੇ ਸੰਗਦੇ ਨੇ ਨੀਵੀਂ ਪਾ ਕੇ ਆਖਿਆ "ਪੂਰੀ।"

"ਕਿਸ ਨਾਲ ਖਾਧੀ ?"

ਮੱਛੀ ਨਾਲ ਤੇ ਹੋਰ ਰਸ ਗੁਲੇ......."

"ਦੂਰ ! ਮੈਂ ਪੁੱਛਦੀ ਹਾਂ ਕਿ ਦਿਰਾਣੀ ਨੇ ਮੱਛੀ ਦਾ ਮੂੰਹ ਕਿਸਦੀ ਥਾਲੀ ਵਿਚ ਪਰੋਸਿਆ ਸੀ ?"

ਇਕ ਵੇਰਾਂ ਹੀ ਇਹ ਸੁਵਾਲ ਸੁਣਕੇ ਕਿਸ਼ਨ ਦਾ ਚਿਹਰਾ ਬੱਗਾ ਹੋ ਗਿਆ। ਕਤਲ ਕਰਨ ਵਾਸਤੇ ਉੱਘਰੇ ਜਾ ਚੁਕੇ ਹਥਿਆਰ ਅੱਗੇ, ਜਿੱਦਾਂ ਰੱਸੀ ਨਾਲ ਬੱਧੇ ਹੋਏ ਜਾਨਵਰ ਦੀ ਹਾਲਤ ਹੁੰਦੀ ਹੈ, ਕਿਸ਼ਨ ਦੀ ਵੀ ਉਹੋ ਹਾਲਤ ਹੋਣ ਲੱਗ ਪਈ। ਗੱਲ ਨੂੰ ਐਧਰ ਊਧਰ ਪਾਉਣ ਦੀ ਕੋਸ਼ਸ਼ ਵਿਚ, ਦੇਰ ਕਰਦਿਆਂ ਵੇਖ ਕੇ ਕਾਦੰਬਨੀ ਨੇ ਫੇਰ ਪੁਛਿਆ, "ਤੇਰੀ ਹੀ ਥਾਲੀ ਵਿਚ ਪਰੋਸਿਆ ਸੀ ਨਾਂ ?"

ਬਹੁਤ ਵਡੇ ਅਪਰਾਧੀ ਵਾਂਗੂ ਕਿਸ਼ਨ ਨੇ ਨੀਵੀਂ ਪਾ ਲਈ।

ਕੋਲ ਹੀ ਬਰਾਂਡੇ ਵਿਚ ਬੈਠੇ 'ਨਵੀਨ' ਤਮਾਕੂ ਪੀ ਰਹੇ ਸਨ। ਕਾਦੰਬਨੀ ਉਹਨਾਂ ਨੂੰ ਬੁਲਾ ਕੇ ਕਹਿਣ ਲੱਗੀ "ਸੁਣ ਰਹੇ ਹੋ ਨਾਂ ?"

ਨਵੀਨ ਨੇ ਥੋੜੇ ਵਿਚ, "ਹਾਂ" ਆਖਕੇ ਤਮਾਕੂ ਦਾ ਸੂਟਾ ਖਿਚਿਆ।

ਕਾਦੰਬਨੀ ਗਰਮ ਹੋਕੇ ਆਖਣ ਲੱਗੀ, 'ਇਹ ਸਾਡੀ ਆਪਣੀ ਹੈ। ਇਸ ਸੱਕੀ ਚਾਚੀ ਦਾ ਵਤੀਰਾ ਤਾਂ ਵੇਖੋ ! ਕੀ ਇਹ ਨਹੀਂ ਸੀ ਜਾਣਦੀ ਕਿ ਮੇਰੇ ਪਾਂਚੂ ਗੋਪਾਲ ਨੂੰ ਮੱਛੀ ਦਾ ਮੂੰਹ ਕਿੰਨਾ ਚੰਗਾ ਲਗਦਾ ਹੈ !' ਤਾਂ ਉਹਨੇ ਕਿਉਂ ਮੂੰਹ ਇਸਦੀ ਥਾਲੀ ਵਿਚ ਪਰੋਸ ਕੇ ਗੁਆਇਆ ? ਹਾਂ ਕਿਸ਼ਨ ਰੱਸ-ਗੁਲੇ ਤਾਂ ਤੂੰ ਠੀਕ ਢਿੱਡ ਭਰਕੇ ਖਾਧੇ ? ਕਦੇ ਸੱਤਾਂ ਜਨਮਾ ਵਿਚ ਵੀ ਤੂੰ ਇਹੋ ਜਹੀਆਂ ਚੀਜ਼ਾਂ ਨਹੀਂ

ਖਾਧੀਆਂ ਹੋਣੀਆਂ।

ਇਸਤੋਂ ਪਿੱਛੋਂ ਉਹਨੇ ਫੇਰ ਸੁਆਮੀ ਵੱਲ ਵੇਖ ਕੇ ਆਖਿਆ, ਜਿਹਦੇ ਵਾਸਤੇ ਮੁਠ ਚੌਲਾਂ ਦੀ ਵੀ ਗ਼ਨੀਮਤ ਹੋਵੇ ਉਸਨੂੰ ਰੱਸਗੁਲੇ ਖੁਆ ਕੇ ਕੀ ਹੋਵੇਗਾ ? ਪਰ ਮੈਂ ਸਾਫ਼ ਆਖ ਦੇਂਦੀ ਹਾਂ ਕਿ ਦਿਰਾਣੀ ਜੇ ਕਿਸ਼ਨ ਨੂੰ ਨ ਵਿਗਾੜ ਦੇਵੇ ਤਾਂ ਮੈਨੂੰ ਕਿਸੇ ਕੁੱਤੀ ਦੀ ਧੀ ਆਖਣਾ।

ਨਵੀਨ ਬਿਲਕੁਲ ਚੁੱਪ ਰਹੇ ਕਿਉਂਕਿ ਉਨ੍ਹਾਂ ਨੂੰ ਇਸ ਗਲ ਤੇ ਯਕੀਨ ਹੀ ਨ ਆਇਆ ਕਿ ਕਾਦੰਬਨੀ ਦੇ ਪਾਸ ਹੁੰਦਿਆਂ ਦਿਰਾਣੀ ਕਿਸ਼ਨ ਨੂੰ ਵਿਗਾੜ ਦੇਵੇਗੀ। ਪਰ ਕਾਦੰਬਨੀ ਨੂੰ ਆਪਣੇ ਆਪ ਤੇ ਹੀ ਭਰੋਸਾ ਨਹੀਂ ਸੀ ਉਹਨੂੰ ਇਸ ਗਲ ਦਾ ਸੋਲਾਂ ਆਨੇ ਸ਼ਕ ਸੀ ਕਿ ਮੈਂ ਸਿੱਧੀ ਸਾਧੀ ਹਾਂ ਤੇ ਮੈਨੂੰ ਹਰ ਕੋਈ ਠੱਗ ਸਕਦਾ ਹੈ। ਇਸੇ ਕਰ ਉਸ ਨੇ ਛੋਟੇ ਭਰਾ ਕਿਸ਼ਨ ਦੀ ਆਤਮਕ ਉੱਨਤੀ ਤੇ ਅਧ ਉੱਨਤੀ ਵਲੋਂ ਅੱਖਾਂ ਬੰਦ ਕਰ ਲਈਆਂ।

ਦੂਜੇ ਹੀ ਦਿਨ, ਦੋਹਾਂ ਨੌਕਰਾਂ ਵਿਚੋਂ ਇਕ ਨੂੰ ਜਵਾ ਦੇ ਦਿੱਤਾ ਗਿਆ। ਹੁਣ ਨਵੀਨ ਦੇ ਕੰਮ ਵਿਚ ਕਿਸ਼ਨ ਹ ਵੰਡਾ ਰਿਹਾ ਸੀ। ਚੌਲ ਤੋਲਦਾ, ਵੇਚਦਾ ਤੇ ਤਿੰਨ ਤਿੰਨ ਚ ਚਾਰ ਕੋਹ ਦਾ ਚਕਰ ਲਾਕੇ ਨਮੂਨੇ ਲੈ ਆਉਂਦਾ। ਜ ਨਵੀਨ ਰੋਟੀ ਖਾਣ ਆਉਂਦਾ ਤਾਂ ਇਹ ਦੁਕਾਨ ਤੇ ਬੈਠ ਜਾਂ

ਦੋ ਦਿਨ ਪਿਛੋਂ ਦੀ ਗਲ ਹੈ। ਨਵੀਨ ਰੋਟੀ ਖਾਣ ਪਿਛੋਂ ਜ਼ਰਾ ਕੁ ਅੱਖ ਲਾਕੇ ਦੁਕਾਨ ਤੇ ਗਏ ਤੇ ਕਿਸ਼ਨ ਰੋਟੀ ਖਾਣ ਆਇਆ, ਇਸ ਵੇਲੇ ਤਿੰਨ ਬਜੇ ਦਾ ਵਕਤ ਉਹ ਜਦੋਂ ਨਹਾ ਕੇ ਆਇਆ ਤਾਂ ਵੇਖਿਆ ਕਿ ਭੈਣ ਜੀ

ਰਹੇ ਹਨ। ਉਸ ਵੇਲੇ ਉਹ ਐਨਾ ਭੁੱਖਾ ਸੀ ਕਿ ਜੇ ਲੋੜ ਪੈਂਦੀ ਤਾਂ ਉਹ ਸ਼ੇਰ ਦੇ ਮੂੰਹ ਵਿਚੋਂ ਵੀ ਰੋਟੀ ਕੱਢ ਲਿਆਉਂਦਾ ਪਰ ਉਸ ਦਾ ਭੈਣ ਨੂੰ ਜਗਾਉਣ ਦਾ ਹੌਂਸਲਾ ਨਾ ਪਿਆ।

ਉਹ ਰਸੋਈ ਦੇ ਬਰਾਂਡੇ ਵਿਚ ਬੈਠਾ ਹੋਇਆ ਭੈਣ ਦੇ ਜਾਗਣ ਦੀ ਉਡੀਕ ਕਰ ਰਿਹਾ ਸੀ ਕਿ ਅਚਨਚੇਤ ਉਹਨੇ ਪੁਕਾਰ ਸੁਣੀ, 'ਵੇ ਕਿਸ਼ਨ !' ਇਹ ਸ਼ਬਦ ਉਨ੍ਹਾਂ ਕੰਨਾਂ ਨੂੰ ਕਿਹੇ ਜਹੇ ਮਿੱਠੇ ਲੱਗੇ ਕੁਝ ਆਖਿਆ ਨਹੀਂ ਜਾਂਦਾ। ਜਾਂ ਉਸਨੇ ਉਤਾਂਹ ਵੇਖਿਆ ਤਾਂ ਦੂਜੇ ਮਕਾਨ ਦੀ ਉਤਲੀ ਛੱਤੋਂ ਹੇਮਾਂਗਨੀ ਬੁਲਾ ਰਹੀ ਸੀ, ਕਿਸ਼ਨ ਨੇ ਇਕੋ ਵਾਰੀ ਵੇਖਕੇ ਨੀਵੀਂ ਪਾ ਲਈ। ਹੇਮਾਂਗਨੀ ਥੱਲੇ ਆਕੇ ਉਸ ਪਾਸ ਖੜੀ ਹੋ ਗਈ! "ਕਈਆਂ ਦਿਨਾਂ ਤੋਂ ਵੇਖਿਆ ਨਹੀਂ ਕਿਸ਼ਨ! ਇਥੇ ਚੁੱਪ ਚਾਪ ਕਿਉਂ ਖਲੋਤਾ ਏਂ ?"

ਇਕ ਤਾਂ ਭੁੱਖ ਦੇ ਦੁਖੋਂ ਉਹ ਅੱਗੇ ਹੀ ਰੋਣ ਹਾਕਾ ਹੋ ਰਿਹਾ ਸੀ। ਦੂਜਾ ਇਹ ਪਿਆਰ ਭਰੇ ਸ਼ਬਦ, ਉਸ ਦੀਆਂ ਅੱਖਾਂ ਭਰ ਆਈਆਂ ਉਹ ਚੁੱਪ ਚਾਪ ਨੀਵੀਂ ਪਾਈ ਬੈਠਾ ਰਿਹਾ।

ਵਿਚਕਾਰਲੀ ਚਾਚੀ ਨੂੰ ਸਾਰੇ ਬੱਚੇ ਪਿਆਰ ਕਰਦੇ ਹਨ। ਉਸਦੀ ਆਵਾਜ਼ ਸੁਣ ਕੇ ਕਾਦੰਬਨੀ ਦੀ ਛੋਟੀ ਲੜਕੀ ਬਾਹਰ ਨਿਕਲ ਆਈ ਤੇ ਚਿਲਾਕੇ ਬੋਲੀ, "ਕਿਸ਼ਨ ਮਾਮਾ ਰਸੋਈ ਵਿਚ ਤੇਰੇ ਲਈ ਚੌਲ ਢੱਕੇ ਹੋਏ ਹਨ ਜਾਕੇ ਖਾ ਲੈ ਮਾਂ ਖਾ ਪੀ ਕੇ ਸੌਂ ਗਈ ਹੈ।"

ਹੇਮਾਂਗਨੀ ਨੇ ਹੈਰਾਨ ਹੋਕੇ ਆਖਿਆ, "ਅੱਜ ਐਨਾ ਚਿਰ? ਕੀ ਕਿਸ਼ਨ ਨੇ ਹਾਲੀ ਤੱਕ ਕੁਝ ਨਹੀਂ ਖਾਧਾ? ਤੇਰੀ ਮਾਂ ਖਾਕੇ ਸੌਂ ਗਈ ਹੈ ? ਵੇ ਕਿਸ਼ਨ ਅੱਜ ਐਨਾ ਚਿਰ

ਕਿਉਂ ਹੋ ਗਿਆ ਹੈ ?"

ਕਿਸ਼ਨ ਸਿਰ ਨੀਵਾਂ ਕਰਕੇ ਬੈਠ ਰਿਹਾ। ਦੁਨੀ ਨੇ ਉਹਦੇ ਵਲੋਂ ਮੋੜ ਮੋੜਿਆ, "ਅੰਮਾਂ ਜੀ ਨੂੰ ਰੋਜ਼ ਹੀ ਐਨਾ ਚਿਰ ਹੋ ਜਾਂਦਾ ਹੈ, ਜਦ ਬਾਬੂ ਜੀ ਖਾ ਪੀਕੇ ਮੁੜ ਦੁਕਾਨ ਤੇ ਜਾਂਦੇ ਹਨ ਤਾਂ ਇਹ ਰੋਟੀ ਖਾਂਦਾ ਹੈ।"

ਹੇਮਾਂਗਨੀ ਨੇ ਸਮਝ ਲਿਆ ਕਿ ਕਿਸ਼ਨ ਨੂੰ ਦੁਕਾਨ ਦੇ ਕੰਮ ਤੇ ਲਾ ਦਿੱਤਾ ਹੈ। ਉਹਨੂੰ ਇਹ ਆਸ ਤਾਂ ਨਹੀਂ ਸੀ ਕਿ ਇਹਨੂੰ ਵਿਹਲਾ ਬਿਠਾ ਕੇ ਖੁਆਉਣਗੇ, ਪਰ ਫੇਰ ਵੀ ਐਨੇ ਦਿਨ ਤਕ ਇਸਦਾ ਭੁੱਖੇ ਰਹਿਣਾ ਵੇਖਕੇ ਉਹਦੀਆਂ ਅੱਖਾਂ ਸਿੰਮ ਪਈਆਂ। ਉਹ ਪੱਲੇ ਨਾਲ ਅੱਖਾਂ ਪੂੰਝ ਦੀ ਹੋਈ ਆਪਣੇ ਘਰ ਚਲੀ ਗਈ। ਕੋਈ ਦੋ ਮਿੰਟ ਪਿਛੋਂ ਦੁਧ ਦਾ ਕਟੋਰਾ ਭਰ ਲਿਆਈ। ਪਰ ਰਸੋਈ ਵਿਚ ਪਹੁੰਚਕੇ ਉਹ ਤੜਫ ਉਠੀ ਤੇ ਮੂੰਹ ਦੂਜੇ ਪਾਸੇ ਕਰਕੇ ਖਲੋ ਗਈ।

ਕਿਸ਼ਨ ਪਿੱਤਲ ਦੀ ਥਾਲੀ ਵਿਚ ਠੰਡੇ ਸੁੱਕੇ ਹੋਏ ਤੇ ਘਿੱਪਾ ਜਹੇ ਬਣੇ ਹੋਏ ਚੌਲ ਖਾ ਰਿਹਾ ਸੀ। ਇਕ ਪਾਸੇ ਕੁਝ ਦਾਲ ਤੇ ਸਬਜ਼ੀ ਸੀ। ਦੁਧ ਦਾ ਕਟੋਰਾ ਵੇਖਕੇ ਉਹਦਾ ਕੁਮ ਲਾਇਆ ਹੋਇਆ ਮੂੰਹ ਫੇਰ ਖਿੜ ਪਿਆ।

ਹੇਮਾਂਗਨੀ ਬੂਹਿਓਂ ਬਾਹਰ ਆਕੇ ਖੜੋਤੀ ਰਹੀ। ਰੋਟੀ ਖਾਕੇ ਜਦੋਂ ਉਹ ਚੁਲਾ ਕਰਨ ਗਿਆ ਤਾਂ ਉਸਨੇ ਝਾਤੀ ਮਾਰਕੇ ਵੇਖਿਆ ਥਾਲੀ ਵਿੱਚ ਕੁਝ ਵੀ ਨਹੀਂ ਸੀ। ਭੁਖ ਦਾ ਮਾਰਿਆ ਉਹ ਸਾਰਾ ਹੀ ਖਾ ਗਿਆ।

ਹੇਮਾਂਗਨੀ ਕਾ ਲੜਕਾ 'ਲਲਤ' ਵੀ ਇਸੇ ਦਾ ਹਾਣ ਸੀ। ਜਦ ਉਹਨੂੰ ਖਿਆਲ ਆਇਆ ਕਿ ਜੇ ਮੈਂ ਨਾਂ ਹੋਵ

ਤਾਂ ਖਬਰੇ ਮੇਰੇ ਲੜਕੇ ਦਾ ਵੀ ਏਹੋ ਹਾਲ ਹੋਵੇ, ਉਹ ਦਾ ਗਲ ਭਰ ਆਇਆ, ਉਹ ਮਸਾਂ ਮਸਾਂ ਹੀ ਆਪਣੇ ਆਪਨੂੰ ਕਾਬੂ ਕਰਕੇ ਘਰ ਨੂੰ ਆ ਗਈ।

—o—

## ੪.

ਹੇਮਾਂਗਨੀ ਨੂੰ ਠੰਢ ਦੇ ਕਾਰਨ ਵਿਚ ਵਿਚ ਬੁਖਾਰ ਆ ਜਾਂਦਾ ਸੀ ਤੇ ਇਕ ਦੋ ਦਿਨ ਰਹਿਕੇ ਉਹ ਆਪ ਹੀ ਉਤਰ ਜਾਇਆ ਕਰਦਾ ਸੀ, ਕਈਆਂ ਦਿਨਾਂ ਪਿਛੋਂ ਉਸਨੂੰ ਇਸੇ ਤਰ੍ਹਾਂ ਬੁਖਾਰ ਹੋਇਆ ਹੋਇਆ ਸੀ। ਰਾਤ ਦੇ ਵੇਲੇ ਉਹ ਆਪਣੇ ਬਿਸਤਰੇ ਤੇ ਪਈ ਹੋਈ ਸੀ। ਘਰ ਵਿਚ ਕੋਈ ਨਹੀਂ ਸੀ। ਉਹਨੂੰ ਇਸ ਤਰਾਂ ਮਲੂਮ ਹੋਇਆ ਜਿਦਾਂ ਕੋਈ ਬੂਹੇ ਉਹਲੇ ਖਲੋਤਾ ਅੰਦਰ ਨੂੰ ਝਾਕ ਰਿਹਾ ਹੈ। ਉਹਨੇ ਅਵਾਜ਼ ਦਿਤੀ, "ਬਾਹਰ ਕੌਣ ਖਲੋਤਾ ਹੈ ?" ਲਲਤ ?

ਕਿਸੇ ਅਵਾਜ਼ ਨ ਦਿਤੀ ਜਦ ਫੇਰ ਬੁਲਾਇਆ ਤਾਂ ਅਵਾਜ਼ ਆਈ "ਮੈਂ ਹਾਂ।"

ਕੌਣ, ਮੈਂ ਕੌਣ ? ਆ ਅੰਦਰ ਆ ਜਾ।

ਕਿਸ਼ਨ ਸੰਗਦਾ ਸੰਗਦਾ ਅੰਦਰ ਆਕੇ ਕਮਰੇ ਦੀ ਇਕ ਕੰਧ ਨਾਲ ਲਗ ਕੇ ਖਲੋ ਗਿਆ, ਹੇਮਾਂਗਨੀ ਉਠ ਕੇ ਬਹਿ ਗਈ। ਉਸਨੂੰ ਪਾਸ ਸੱਦ ਕੇ ਪਿਆਰ ਨਾਲ ਕਹਿਣ ਲੱਗੀ, "ਕਿਉਂ ਕਿਸ਼ਨ" ?

ਕਿਸ਼ਨ ਹੋਰ ਅਗੇ ਹੋਇਆ। ਆਪਣੇ ਮੈਲੇ ਜਹੇ ਦੁਪੱਟੇ ਦੇ ਪੱਲਿਓਂ ਦੋ ਅਧ ਪੱਕੇ ਅਮਰੂਦ ਖੋਲ੍ਹ ਕੇ ਆਖਣ ਲੱਗਾ, "ਇਹ ਬੁਖ਼ਾਰ ਵਿਚ ਚੰਗੇ ਹੁੰਦੇ ਹਨ*।"

ਹੇਮਾਂਗਨੀ ਨੇ ਬੜੀ ਚਾਹ ਨਾਲ ਅਗਾਂਹ ਹਥ ਕਰਦੀ ਹੋਈ ਨੇ ਕਿਹਾ ਤੈਨੂੰ ਇਹ ਕਿਥੋਂ ਲੱਭੇ ? ਮੈਂ ਕੱਲ ਦੀ ਲੋਕਾਂ ਦੀਆਂ ਮਿਨਤਾਂ ਕਰ ਰਹੀ ਹਾਂ, ਪਰ ਕਿਸੇ ਨਹੀਂ ਲਿਆ ਕੇ ਦਿੱਤੇ।

ਇਹ ਆਖਕੇ ਹੇਮਾਂਗਨੀ ਨੇ ਕਿਸ਼ਨ ਦਾ ਅਮਰੂਦਾਂ ਵਾਲਾ ਹੱਥ ਫੜ ਕੇ ਉਸਨੂੰ ਪਾਸ ਬਿਠਾ ਲਿਆ। ਖ਼ੁਸ਼ੀ ਨਾਲ ਕਿਸ਼ਨ ਨੇ ਆਪਣਾ ਲਾਲ ਹੋਇਆ ਮੂੰਹ ਹੇਠਾਂ ਕਰ ਲਿਆ। ਭਾਵੇਂ ਇਹ ਅਮਰੂਦਾਂ ਦੇ ਦਿਨ ਨਹੀਂ ਸਨ ਤੇ ਨਾ ਹੀ ਹੇਮਾਂਗਨੀ ਅਮਰੂਦ ਖਾਣ ਲਈ ਤਰਲੇ ਲੈਂਦੀ ਸੀ, ਪਰ ਫੇਰ ਵੀ ਇਨ੍ਹਾਂ ਦੋਂਹ ਅਮਰੂਦਾਂ ਨੂੰ ਲਭਦਿਆਂ ਕਿਸ਼ਨ ਦੀ ਦਿਹਾੜੀ ਗਰਕ ਹੋ ਗਈ ਸੀ। ਹੇਮਾਂਗਨੀ ਨੇ ਪੁਛਿਆ, 'ਕਿਸ਼ਨ ਤੈਨੂੰ ਕਿਨ ਦੱਸਿਆ ਸੀ ਕਿ ਮੈਨੂੰ ਬੁਖ਼ਾਰ ਹੈ ?'

ਕਿਸ਼ਨ ਨੇ ਕੋਈ ਜਵਾਬ ਨ ਦਿਤਾ।

ਹੇਮਾਂਗਨੀ ਨੇ ਫੇਰ ਪੁਛਿਆ, 'ਇਹ ਕੌਣ ਆਖਦਾ ਸੀ ਕਿ ਮੈਂ ਅਮਰੂਦ ਖਾਣਾ ਚਾਹੁੰਦੀ ਹਾਂ ?'

ਕਿਸ਼ਨ ਨੇ ਇਹਦਾ ਵੀ ਕੋਈ ਜੁਵਾਬ ਨਾ ਦਿੱਤਾ। ਉਹਨੇ ਜਿਓਂ ਨੀਵੀਂ ਪਾਈ ਉਤਾਹਾਂ ਝਾਕਿਆ ਹੀ ਨਹੀਂ। ਹੇਮਾਂਗਨੀ ਨੇ ਪਹਿਲਾਂ ਹੀ ਜਾਣ ਲਿਆ ਸੀ ਕਿ ਲੜਕਾ

---

*ਬੰਗਾਲੀ ਠੰਡ ਵਿਚ ਤੇ ਬੁਖ਼ਾਰ ਵਿਚ ਕੱਚਾ ਅਮਰੂਦ ਖਾਂਦੇ ਹਨ।

ਸੁਭਾ ਦਾ ਨਰਮ ਤੇ ਸੰਗਾਊ ਹੈ । ਉਸਨੇ ਇਹਦੇ ਸਿਰ ਤੇ ਹੱਥ ਫੇਰਿਆ ! ਪ੍ਰੇਮ ਨਾਲ ਡਰ ਦੂਰ ਕਰਕੇ ਉਸ ਪਾਸੋਂ ਬਹੁਤ ਸਾਰੀਆਂ ਗੱਲਾਂ ਪੁਛ ਲਈਆਂ, ਉਹਨੇ ਬਹੁਤ ਪ੍ਰੇਮ ਨਾਲ ਅਮਰੂਦ ਕਿਥੋਂ ਲਿਆਂਦੇ, ਪਿੰਡਦੀਆਂ ਹੋਰ ਗੱਲਾਂ ਉਹਦੀ ਮਾਂ ਦੀਆਂ ਗੱਲਾਂ, ਇਥੋਂ ਦੇ ਖਾਣ ਪੀਣ ਦੀ ਹਾਲਤ, ਹੱਟੀ ਉਤਲਾ ਕੰਮ ਆਦਿ ਸਭ ਕੁਛ ਪੁਛ ਲਿਆ । ਫੇਰ ਆਪਣੀਆਂ ਅੱਖਾਂ ਪੂੰਝਦੀ ਹੋਈ ਬੋਲੀ, ਵੇਖ ਕਿਸ਼ਨ ਤੂੰ ਇਸ ਭੈਣ ਨੂੰ ਨਾਂ ਭੁਲਾਵੀਂ । ਜਦੋਂ ਵੀ ਕਿਸੇ ਚੀਜ਼ ਦੀ ਲੋੜ ਹੋਵੇ, ਇੱਥੋਂ ਆਕੇ ਲੈ ਜਾਇਆ ਕਰ ।'

ਕਿਸ਼ਨ ਨੇ ਖੁਸ਼ੀ ਨਾਲ ਸਿਰ ਹਿਲਾਕੇ ਆਖਿਆ 'ਚੰਗਾ' ।

ਅਸਲ ਵਿਚ ਪਿਆਰ ਕੀ ਹੁੰਦਾ ਹੈ, ਇਹ ਕਿਸ਼ਨ ਨੇ ਆਪਣੀ ਗਰੀਬ ਮਾਂ ਪਾਸੋਂ ਸਿਖਿਆ ਸੀ । ਇਸੇ ਵਿਚਕਾ-ਰਲੀ ਭੈਣ ਪਾਸੋਂ ਉਸੇ ਪਿਆਰ ਦਾ ਮੁੜ ਸੁਆਦ ਆਕੇ ਉਸਦਾ ਰੁਕਿਆ ਹੋਇਆ ਮਾਂ ਦਾ ਸ਼ੋਕ ਭੁੱਲ ਗਿਆ ! ਉਸ ਨੇ ਇਸ ਭੈਣ ਦੀ ਚਰਨ ਧੂੜ ਸਿਰ ਤੇ ਲਾਈ ਤੇ ਖੁਸ਼ੀ ਨਾਲ ਹਵਾ ਵਾਂਗੂ ਬਾਹਰ ਉਡ ਗਿਆ ।

ਪਰ ਉਸਦੀ ਵੱਡੀ ਭੈਣ ਦਾ ਵਿਰੋਧ ਦਿਨਰਾਤ ਵਧਦਾ ਹੀ ਗਿਆ ਕਿਉਂਕਿ ਉਹ ਮਤੇਈ ਮਾਂ ਦਾ ਲੜਕਾ ਸੀ । ਇਹ ਬਿਲਕੁਲ ਬੇ ਆਸਰਾ ਹੈ। ਬਦਨਾਮੀ ਦੇ ਡਰ ਨਾਲ ਉਹਨੂੰ ਪਿਛਾਹਾਂ ਮੋੜਿਆ ਨਹੀਂ ਜਾ ਸਕਦਾ ਤੇ ਘਰ ਰੱਖਕੇ ਉਹ ਖੁਸ਼ ਨਹੀਂ ਸੀ । ਸੋ ਉਹ ਇਹੋ ਸੋਚਦੀ ਸੀ ਕਿ ਜਿੰਨਾਂ ਚਿਰ ਇਹਨੇ ਇਥੇ ਰਹਿਣਾ ਹੈ, ਇਸ ਨੂੰ ਜਿੰਨਾ ਹੋ ਸਕੇ ਵਾਹ ਲੈਣਾ ਚਾਹੀਦਾ ਹੈ।

ਘਰ ਆਉਂਦਿਆਂ ਸਾਰ ਹੀ ਭੈਣ ਗਲ ਪੈ ਗਈ। 'ਕਿਉਂ ਵੇ ਕਿਸ਼ਨ ਤੂੰ ਦੁਪਹਿਰੇ ਦੁਕਾਨ ਤੋਂ ਭੱਜ ਕੇ ਕਿਥ ਗਿਆ ਸਾਏਂ ?'

ਕਿਸ਼ਨ ਚੁਪਚਾਪ ਖਲੋ ਤਾਂ ਰਿਹਾ, ਕਾਦੰਬਨੀ ਨੇ ਬੜੇ ਹੀ ਗੁੱਸੇ ਵਿੱਚ ਆਕੇ ਆਖਿਆ ਛੇਤੀ ਦੱਸ ? ਪਰ ਫੇਰ ਵੀ ਕਿਸ਼ਨ ਨੇ ਕੋਈ ਜੁਵਾਬ ਨਾ ਦਿਤਾ। ਕਾਦੰਬਨੀ ਉਹਨਾਂ ਲੋਕਾਂ ਵਿਚੋਂ ਨਹੀਂ ਸੀ ਜਿਨਾਂ ਦਾ ਕ੍ਰੋਧ ਕਿਸੇ ਨੂੰ ਚੁਪ ਕੀਤਾ ਵੇਖ ਸ਼ਾਂਤ ਹੋ ਜਾਂਦਾ ਹੈ। ਇਸ ਵਾਸਤੇ ਉਹ ਕਿਸ਼ਨ ਦੇ ਮੂੰਹੋਂ ਅਖਵਾਉਣ ਦੀ ਹੋਰ ਵੀ ਜਿਦ ਕਰਨ ਲੱਗੀ। ਅੰਤ ਵਿਚ ਉਹਨਾਂ ਪਾਂਚੂ ਗੋਪਾਲ ਨੂੰ ਸੱਦ ਕੇ ਇਸ ਗਰੀਬ ਦੇ ਕੰਨ ਪਟਵਾਏ ਤੇ ਰਾਤ ਨੂੰ ਇਸਦੇ ਵਾਸਤੇ ਚੌਲ ਨਹੀਂ ਰੱਖੇ।

ਸੱਟ ਭਾਵੇਂ ਕਿਡੀ ਵੱਡੀ ਕਿਉਂ ਨ ਹੋਵੇ ਜੇ ਅੱਗੇ ਉਸਦੀ ਕਿਸੇ ਨਾਲ ਟੱਕਰ ਨ ਹੋਵੇ ਤਾਂ ਉਹ ਕੁਝ ਨਹੀਂ ਵਿਗਾੜ ਸਕਦੀ। ਪਹਾੜ ਤੋਂ ਡਿੱਗਿਆਂ ਹੀ ਹੱਡ ਪੈਰ ਨਹੀਂ ਟੁੱਟ ਜਾਂਦੇ। ਉਹ ਤਦ ਟੁੱਟਦੇ ਹਨ ਜਦ ਜ਼ਮੀਨ ਨਾਲ ਆਕੇ ਟਕਰਾਈਦਾ ਹੈ! ਇਹੋ ਗਲ ਕਿਸ਼ਨ ਦੀ ਬਾਬਤ ਸੀ। ਜਦੋਂ ਤੋਂ ਮਾਂ ਦੇ ਵਿਛੋੜੇ ਨੇ ਉਸਦੇ ਥਲਿਓਂ ਜ਼ਮੀਨ ਕੱਢ ਲਈ ਸੀ ਤਦੋਂ ਤੋਂ ਹੀ ਉਸ ਨੂੰ ਕੋਈ ਵੀ ਸੱਟ ਮਿਟੀ ਵਿੱਚ ਨਹੀਂ ਸੀ ਮਿਲਾ ਸਕੀ।ਉਹ ਗਰੀਬ ਦਾ ਲੜਕਾ ਸੀ, ਪਰਉਹਨੇ ਕਦੇ ਦੁਖ ਨਹੀਂਸੀ ਵੇਖਿਆਤੇਨਾਹੀ ਕਦੇ ਉਸਨੇ ਝਿੜਕਝੰਬਹੀਖਾਧੀ ਸੀ। ਇਥੇਆਕੇ ਕਾਦੰਬਨੀਦੀਆਂ ਝਿੜਕਾਂ ਨੂੰ ਉਹ ਤਾਂਹੀ ਸਹਾਰਦਾ ਰਿਹਾ ਸੀ ਕਿ ਉਸ ਦੇ ਪੈਰਾਂ ਥੱਲੇ ਕੋਈ ਆਸਰਾ ਨਹੀਂ ਸੀ। ਪਰ ਅੱਜ ਉਹ ਇਹ ਗੱਲ ਨਾ ਸਹਾਰ ਸਕਿਆ। ਅੱਜ ਉਹ

ਹੇਮਾਂਗਨੀ ਦੇ ਮਾਂ ਵਰਗੇ ਉੱਚੇ ਪਿਆਰ ਦੀ ਸਿਲ ਤੇ ਖਲੋਤਾ ਹੋਇਆ ਸੀ ਤੇ ਇਸੇ ਕਰਕੇ ਉਸ ਨੂੰ ਅੱਜ ਦੇ ਅਪਮਾਨ ਨੇ ਬਿਲਕੁਲ ਹਿਲਾ ਦਿਤਾ। ਦੋਵੇਂ ਮਾਂ ਪੁੱਤ ਇਸ ਬੇਗੁਨਾਹ ਬੱਚੇ ਨੂੰ ਝਿੜਕਾਂ ਦੇ ਤੇ ਨਿਰਾਦਰ ਕਰਕੇ ਚਲੇ ਗਏ। ਇਹ ਵਿਚਾਰਾ ਹਨੇਰੇ ਵਿਚ ਹੀ ਜ਼ਮੀਨ ਤੇ ਪਿਆ, ਕਈਆਂ ਦਿਨਾਂ ਪਿੱਛੋਂ ਆਪਣੀ ਮਾਂ ਤੇ ਵਿਚਕਾਰਲੀ ਭੈਣ ਨੂੰ ਯਾਦ ਕਰ ਕਰ ਕੇ ਫੁਟ ਫੁਟ ਕੇ ਰੋਣ ਲੱਗਾ।

--o--

## ੫.

ਦੂਜੇ ਦਿਨ ਕਿਸ਼ਨ ਸਵੇਰੇ ਹੀ ਚੁਪ ਚਾਪ ਹੇਮਾਂਗਨੀ ਦੀ ਪੈਂਦ ਤੇ ਜਾ ਬੈਠਾ। ਹੇਮਾਂਗਨੀ ਨੇ ਆਪਣੇ ਪੈਰ ਥੋੜੇ ਜਹੇ ਉਤਾਂਹ ਖਿੱਚ ਲਏ ਤੇ ਪਿਆਰ ਪੂਰਬਕ ਕਿਹਾ, "ਕਿਸ਼ਨ ਅੱਜ ਦੁਕਾਨ ਤੇ ਕਿਉਂ ਨਹੀਂ ਗਿਆ ?"

"ਹੁਣ ਜਾਵਾਂਗਾ।"

"ਚਿਰ ਨਾ ਲਾ ਵੀਰਾ, ਹੁਣੇ ਚਲਿਆ ਜਾਹ ਨਹੀਂ ਤੇ ਉਹ ਗਾਲ੍ਹਾਂ ਕੱਢਣ ਲੱਗ ਜਾਇਗੀ।"

ਕਿਸ਼ਨ ਦਾ ਚਿਹਰਾ ਇਕ ਵਾਰੀ ਲਾਲ ਤੇ ਇਕ ਵਾਰੀ ਫੇਰ ਪੀਲਾ ਪੈ ਗਿਆ। 'ਚੰਗਾ ਜਾਂਦਾ ਹਾਂ' ਇਹ ਆਖ ਕੇ ਉਹ ਉਠ ਬੈਠਾ। ਐਧਰ ਊਧਰ ਵੇਖ ਕੇ ਉਹ ਕੁਝ ਆਖਣਾ ਚਾਹੁੰਦਾ ਸੀ, ਪਰ ਫੇਰ ਚੁੱਪ ਹੋ ਗਿਆ। ਹੇਮਾਂਗਨੀ ਨੇ ਉਹਦੇ

ਮਨ ਦੀ ਗੱਲ ਬੁਝਦੀ ਹੋਈ ਨੇ ਆਖਿਆ, ਕੀ ਮੈਨੂੰ ਕੁਝ ਆਖਦਾ ਹੈਂ ?

ਕਿਸ਼ਨ ਨੇ ਜ਼ਮੀਨ ਵੱਲ ਵੇਖਦਿਆਂ ਹੋਇਆਂ ਆਖਿਆ, "ਭੈਣ ਕਲ ਦੀ ਰੋਟੀ ਨਹੀਂ ਮਿਲੀ।"

"ਕੀ ਆਖਿਆਈ ਤੂੰ ਕੱਲ ਦਾ ਭੁੱਖਾ ਏਂ ?"

ਕੁਝ ਚਿਰ ਤਾਂ ਹੇਮਾਂਗਨੀ ਚੁੱਪ ਕਰ ਰਹੀ, ਪਰ ਫੇਰ ਉਸ ਦੀਆਂ ਅੱਖਾਂ ਵਿਚ ਅੱਥਰੂ ਆ ਗਏ! ਉਹਨੇ ਉਹਦਾ ਹੱਥ ਫੜ ਕੇ ਪਾਸ ਬਿਠਾ ਲਿਆ ਤੇ ਸਾਰੀਆਂ ਗੱਲਾਂ ਸੁਣ ਕੇ ਆਖਿਆ 'ਕਲ ਰਾਤ ਨੂੰ ਹੀ ਇੱਥੇ ਕਿਉਂ ਨਾ ਆ ਗਿਓਂ ?'

ਕਿਸ਼ਨ ਚੁੱਪ ਹੋ ਰਿਹਾ। ਹੇਮਾਂਗਨੀ ਪਲੇ ਨਾਲ ਅੱਥਰੂ ਪੂੰਝ ਦੀ ਹੋਈ ਬੋਲੀ, ਵੀਰਾ ਤੈਨੂੰ ਮੇਰੇ ਸਿਰ ਦੀ ਸੌਂਹ ਹੈ, ਕਲ ਤੋਂ ਮੈਨੂੰ ਆਪਣੀ ਮਰੀ ਹੋਈ ਮਾਂ ਦੀ ਥਾਂ ਹੀ ਸਮਝਣਾ।

ਕਿਸੇ ਵੇਲੇ ਇਹ ਗੱਲਾਂ ਕਾਦੰਬਨੀ ਕੋਲ ਵੀ ਪੁਜ ਗਈਆਂ, ਉਹਨੇ ਆਪਣੇ ਘਰ ਵਿਚਕਾਰਲੀ ਨੋਂਹ ਨੂੰ ਸੱਦ ਕੇ ਆਖਿਆ, "ਕੀ ਮੈਂ ਆਪਣੇ ਭਰਾ ਨੂੰ ਖਿਲਾ ਨਹੀਂ ਸਕਦੀ ਜੋ ਤੂੰ ਉਹਦੇ ਗਲ ਪੈਕੇ ਐਨੀਆਂ ਗੱਲਾਂ ਕਰਨ ਗਈਓਂ ?"

ਗੱਲਾਂ ਦਾ ਢੰਗ ਵੇਖਕੇ ਹੇਮਾਂਗਨੀ ਦੇ ਸਾਰੇ ਸਰੀਰ ਵਿਚ ਅੱਗ ਲੱਗ ਗਈ। ਪਰ ਉਹਨੇ ਫੇਰ ਵੀ ਇਸ ਭਾਵ ਨੂੰ ਲੁਕਾ ਕੇ ਆਖਿਆ, ਜੇ ਮੈਂ ਉਹਦੇ ਗਲ ਪੈਕੇ ਹੀ ਕੁਝ ਆਖਿਆ ਹੈ ਤਾਂ ਇਹਦੇ ਵਿਚ ਬੁਰਾ ਕੀ ਹੋਗਿਆ ?

ਕਾਦੰਬਨੀ ਨੇ ਆਖਿਆ, ਜੇ ਮੈਂ ਤੁਹਾਡੇ ਲੜਕੇ ਸੱਦ ਕੇ ਏਦਾਂ ਦੀਆਂ ਗੱਲਾਂ ਆਖਾਂ ਤਾਂ ਤੇਰੀ ਕੀ ਇੱਜ਼ਤ ਰਹੇ ?

ਜੇ ਤੂੰ ਇਸੇ ਤਰ੍ਹਾਂ ਉਸ ਨੂੰ ਸੀਖੀ ਜਾਏਂਗੀ ਤਾਂ ਮੈਂ ਉਹਨੂੰ ਕਿਵੇਂ ਕਾਬੂ ਵਿਚ ਰਖ ਸਕਾਂਗੀ ?'

ਹੁਣ ਹੇਮਾਂਗਨੀ ਪਾਸੋਂ ਨਾ ਸਹਾਰਿਆ ਗਿਆ, ਉਸ ਨੇ ਆਖਿਆ "ਭੈਣ ਮੈਂ ਪੰਦਰਾਂ ਸੋਲਾਂ ਸਾਲ ਤੇਰੇ ਨਾਲ ਵਰਤ ਕੇ ਤੈਨੂੰ ਚੰਗੀ ਤਰ੍ਹਾਂ ਪਛਾਣ ਚੁਕੀ ਹਾਂ। ਪਹਿਲਾਂ ਆਪਣੇ ਲੜਕੇ ਨੂੰ ਭੁੱਖਾ ਰਖਕੇ ਉਹਦੇ ਤੇ ਕਾਬੂ ਪਾਓ ਫੇਰ ਮੈਂ ਗਲ ਲਗਕੇ ਗਲਾਂ ਨਹੀਂ ਕਰਾਂਗੀ।

ਕਾਦੰਬਨੀ ਨੇ ਚੁੱਥ ਜਹੀ ਵੱਟ ਕੇ ਆਖਿਆ, "ਉਹ ਮੇਰੇ ਪਾਂਚੂ ਗੋਪਾਲ ਨਾਲ ਰਲ ਗਿਆ ? ਦੇਵਤੇ ਦੇ ਨਾਲ ਬਾਂਦਰ ਦੀ ਬਰਾਬਰੀ ? ਮੈਂ ਸੋਚਦੀ ਹਾਂ ਪਤਾ ਨਹੀਂ ਤੂੰ ਏਸ ਤੋਂ ਬਿਨਾਂ ਹੋਰ ਕੀ ਆਖਦੀ ਫਿਰੇਂਗੀ ?

ਹੇਮਾਂਗਨੀ ਨੇ ਜਵਾਬ ਦਿਤਾ, "ਮੈਂ ਜਾਣਦੀ ਹਾਂ ਕਿ ਕਿਹੜਾ ਦੇਵਤਾ ਹੈ ਤੇ ਕਿਹੜਾ ਬਾਂਦਰ। ਹੁਣ ਮੈਂ ਹੋਰ ਕੁਝ ਨਹੀਂ ਆਖਦੀ, ਜੇ ਆਖਾਂਗੀ ਤਾਂ ਇਹੋ ਕਿ ਤੇਰੇ ਵਰਗੀ ਬੇਸ਼ਰਮ ਤੇ ਬੇਹੱਯਾ ਔਰਤ ਦੁਨੀਆਂ ਵਿਚ ਹੋਰ ਕੋਈ ਨਹੀਂ।

ਇਹ ਆਖਕੇ ਬਿਨਾ ਕਿਸੇ ਜੁਵਾਬ ਉਡੀਕੇ ਦੇ ਹੇਮਾਂਗਨੀ ਨੇ ਆਪਣੀ ਬਾਰੀ ਬੰਦ ਕਰ ਲਈ। ਉਸ ਦਿਨ ਸ਼ਾਮ ਨੂੰ ਘਰ ਵਾਲਿਆਂ ਦੇ ਘਰ ਆਉਣ ਤੋਂ ਪਹਿਲੋਂ ਵੱਡੀ ਨੋਂਹ ਨੇ ਆਪਣੇ ਵਿਹੜੇ ਵਿਚ ਖਲੋਕੇ ਟਹਿਲਣ ਨੂੰ ਇਸ਼ਾਰਾ ਕਰਦੀ ਹੋਈ ਨੇ ਗੱਜ ਗੱਜ ਕੇ ਆਖਣਾ ਸ਼ੁਰੂ ਕਰ ਦਿਤਾ, "ਜੋ ਦਿਨ ਰਾਤ ਕਰਦੇ ਨੇ ਉਹੋ ਇਸ ਨੂੰ ਖੋਲ੍ਹ ਕੇ ਦਸ ਸਕਣਗੇ। ਵੇਖਾਂਗੀ ਕਿ ਮਾਂ ਨਾਲੋਂ ਵਧੇਰੇ ਮਾਸੀ ਨੂੰ ਦਰਦ ਹੁੰਦਾ ਹੈ। ਆਪਣੇ ਭਰਾ ਦੀ ਦੁਖ ਪੀੜ ਮੈਂ ਨਹੀਂ ਸਮਝਦੀ

ਤੇ ਲੋਕ ਬਹੁਤ ਸਮਝਦੇ ਹਨ। ਜਿਹੜਾ ਸਾਨੂੰ ਭੈਣ ਭਰਾਵਾਂ ਨੂੰ ਆਪੋ ਵਿਚ ਦੀ ਲੜਾਕੇ ਬਾਹਰ ਖੜਾ ਤਮਾਸ਼ਾ ਵੇਖੇਗਾ ਇਸ ਦਾ ਕਦੇ ਵੀ ਭਲਾ ਨਹੀਂ ਹੋਣਾ, ਮੈਂ ਸਾਫ ਸਾਫ ਆਖ ਦੇਂਦੀ ਹਾਂ।'' ਇਹ ਆਖਕੇ ਕਾਦੰਬਨੀ ਰਸੋਈ ਵਿਚ ਚਲੀ ਗਈ।

ਦਿਰਾਣੀ ਜਿਠਾਣੀ ਵਿਚ ਏਹੋ ਜਹੀਆਂ ਝੜਫਾਂ ਕਈ ਵਾਰੀ ਹੋ ਚੁਕੀਆਂ ਹਨ, ਪਰ ਅੱਜ ਕੁਝ ਤੇਜ਼ੀ ਜਿਆਦਾ ਸੀ। ਕਈ ਵੇਰ ਹੇਮਾਂਗਨੀ ਇਸ ਦੀਆਂ ਗੱਲਾਂ ਸੁਣ ਕੇ ਵੀ ਅਨ-ਸੁਣੀਆਂ ਕਰ ਛਡਦੀ ਸੀ, ਸਮਝ ਕੇ ਵੀ ਆਪਣੇ ਉਤੇ ਨਹੀਂ ਸੀ ਲੈਂਦੀ, ਪਰ ਅੱਜ ਉਸ ਦਾ ਸਰੀਰ ਠੀਕ ਨਹੀਂ ਸੀ। ਇਸ ਕਰਕੇ ਉਹ ਵੀ ਉਠ ਆਈ ਤੇ ਖਿੜਕੀ ਦੇ ਪਾਸ ਆ ਕੇ ਕਹਿਣ ਲੱਗੀ, ''ਬੀਬੀ ਇਹੋ ਆਖ ਕੇ ਕਿਉਂ ਚੁਪ ਹੋ ਗਈ? ਸ਼ਾਇਦ ਭਗਵਾਨ ਨੇ ਹੁਣ ਤੱਕ ਤੇਰੀ ਸੁਣੀ ਨਾ ਹੋਵੇ। ਜਰਾ ਹੋਰ ਥੋੜਾ ਚਿਰ ਸਾਡੇ ਬੁਰੇ ਵਿਚ ਰੱਬ ਨੂੰ ਕੁਝ ਕਹਿ ਸੁਣ ਲੈ। ਜੀਤ ਜੀ ਆਉਣ, ਉਹ ਵੀ ਸੁਣ ਲੈਣ। ਜੇ ਹੁਣੇ ਹੀ ਥੱਕ ਗਈਓਂ ਤਾਂ ਫੇਰ ਕੀ ਬਣੇਗਾ?''

ਕਾਦੰਬਨੀ ਵੀ ਭੱਜੀ ਭੱਜੀ ਵਿਹੜੇ ਵਿਚ ਆ ਗਈ। ਸਿਰ ਉਠਾ ਕੇ ਕਹਿਣ ਲੱਗੀ, 'ਮੈਂ ਕਿਸੇ ਔਂਤਰੇ ਨਿਖੱਤੇ ਦਾ ਨਾ ਲਿਆ ਏ?'

ਹੇਮਾਂਗਨੀ ਨੇ ਉੱਦਾਂ ਹੀ ਸਹਿ ਸੁਭਾ ਆਖਿਆ, ''ਭਲਾ ਤੈਨੂੰ ਨਾ ਲੈਣ ਦੀ ਕੀ ਲੋੜ ਹੈ। ਕੀ ਲੋਕੀ ਸਮਝ ਨਹੀਂ ਸਕਦੇ? ਤੂੰ ਹੀ ਸਭ ਨਾਲੋਂ ਸਿਆਣੀਏਂ। ਇਹ ਕੀਹਦੇ ਸਿਰ ਵਿਚ ਭਿਉਂ ਭਿਉਂ ਕੇ ਮਾਰ ਰਹੀਏਂ ਕੀ ਇਹਨੂੰ ਕੋਈ

ਵੀ ਨਹੀਂ ਸਮਝਦਾ ?''

ਹੁਣ ਕਾਦੰਬਨੀ ਨੇ ਆਪਣਾ ਅਸਲੀ ਰੂਪ ਧਾਰਿਆ, ਚੰਗੀ ਤਰਾਂ ਜੀ ਖੋਲ੍ਹਕੇ ਤੇ ਹੱਥ ਮਾਰ ਮਾਰਕੇ ਲੜਨ ਲੱਗੀ, 'ਕੋਈ ਸੋ ਵਗੀ ਸਮਝੇ, ਮੇਰੀ ਵਜੇ ਜੁੱਤੀ ਤੋਂ। ਜਿਹੜਾ ਕਾਂਣਾ ਹੁੰਦਾ ਹੈ, ਉਹ ਕਿੱਦਾਂ ਚੁੱਪ ਕਰਕੇ ਸੁਣ ਸਕਦਾ ਹੈ ? ਫੇਰ ਕੀ ਤੂੰ ਹੀ ਸਭ ਨਾਲੋਂ ਸਿਆਣੀ ਰਹਿ ਗਈ ਏਂ ? ਜਦੋਂ ਕਿਸ਼ਨ ਆਇਆ ਸੀ, ਚੁਪੇੜ ਖਾਕੇ ਵੀ ਨਹੀਂ ਸੀ ਉਭਾਸਰਦਾ। ਜੋ ਆਖਦੀ ਸਾਂ ਚੁੱਪ ਚਾਪ ਕਹੀ ਜਾਂਦਾ ਸੀ, ਹੁਣ ਅਜੇ ਦੁਪਿਹਰੇ ਉਹ ਕਿਸੇ ਦੀ ਛਹਿ ਨਾਲ ਜਵਾਬ ਦੇਗਿਆ ਹੈ, ਜਰਾ ਪ੍ਰਸੰਨ ਦੀ ਮਾਂ ਨੂੰ ਪੁੱਛ ਲੈ ਖਾਂ।

ਪ੍ਰਸੰਨ ਦੀ ਮਾਂ ਨੇ ਆਖਿਆ, ਇਹ ਤਾਂ ਠੀਕ ਹੈ। ਅਜ ਦੁਪਹਿਰ ਨੂੰ ਜਦੋਂ ਉਸ ਚਾਵਲ ਛੱਡ ਦਿਤੇ ਤਾਂ ਮਾਲ-ਕਿਆਣੀ ਨੇ ਆਖਿਆ, ਜੂਠ ਕਿਉਂ ਛਡੀਊ ? ਇਹ ਸੁਣ ਕੇ ਉਸ ਨੇ ਕਿਹਾ ਛਡੀਊ। ਮੈਂ ਆਪਣੀ ਵਿਚਕਾਰਲੀ ਭੈਣ ਦੇ ਹੁੰਦਿਆਂ ਕਿਸੇ ਪਾਸੋਂ ਨਹੀਂ ਡਰਦਾ।

ਕਾਦੰਬਨੀ ਨੇ ਮਾਣ ਨਾਲ ਆਖਿਆ, ਹੁਣ ਤਾਂ ਮਲੂਮ ਹੋਗਿਆ ਕਿ ਨਾਂ ? ਦਸ ਕਿਹਦੀ ਸ਼ਹਿ ਨਾਲ ਉਹ ਐਨਾ ਬੇ ਖੌਫ ਹੋ ਗਿਆ ਹੈ ? ਮੈਂ ਤੈਨੂੰ ਸਾਫ ਆਖ ਦੇਂਦੀ ਹਾਂ ਕਿ ਤੂੰ ਉਹਨੂੰ ਘੜੀ ਮੁੜੀ ਨ ਸਦਿਆ ਕਰ, ਸਾਡੇ ਭੈਣ ਭਰਾਵਾਂ ਦੇ ਵਿਚ ਤੂੰ ਨਾ ਲੱਤਾਂ ਅੜਾ।

ਹੇਮਾਂਗਨੀ ਨੇ ਫੇਰ ਕੁਝ ਨਾ ਆਖਿਆ, ਇੱਕੀਕੀੜਾ ਵੀ ਸੱਪ ਵਾਂਗੂੰ ਕੱਟਣ ਨੂੰ ਪੈਂਦਾਹੈ, ਇਹ ਵੇਖਕੇ ਉਹ ਬਹੁਤ ਹੈਰਾਨ ਹੋ ਗਈ। ਉਹ ਖਿੜਕੀ ਤੋਂ ਪਿਛੇ ਹੱਟਕੇ ਬਹਿ ਗਈ।

ਹੇਮਾਂਗਨੀ ਦਾ ਸਿਰ ਫੇਰ ਭਾਰਾ ਹੋਗਿਆ ਤੇ ਉਹਨੂੰ ਬੁਖਾਰ ਜਿਹਾ ਮਲੂਮ ਹੋਣ ਲਗਾ। ਏਸ ਕਰਕੇ ਉਹ ਮੁਰਦਿਆਂ ਵਾਂਗ ਪਲੰਘ ਤੇ ਪੈ ਰਹੀ, ਇਸ ਦਾ ਸੁਆਮੀ ਕਮਰੇ ਵਿਚ ਵੜਦਾ ਹੀ ਬਿਨਾਂ ਕੁਝ ਵੇਖੇ ਦੇ ਆਖਣ ਲੱਗਾ, ਅਜ ਭਾਬੀ ਦੇ ਭਰਾ ਦੀ ਬਾਬਤ ਕੀ ਝਗੜਾ ਖੜਾ ਕਰ ਲਿਆ ਹੈ? ਕਿਸੇ ਦੀ ਕੋਈ ਸੁਣਦੇ ਹੁੰਦੇ ਹੋ ਕਿ ਨਹੀਂ। ਜਿਸ ਕਰਮਾਂ ਮਾਰੇ ਦੇ ਪਿਛੇ ਹੱਥ ਧੋ ਕੇ ਪੈ ਜਾਓਗੇ ਉਹਦਾ ਖਹਿੜਾ ਵੀ ਛਡੋ ਗੇ ਜਾਂ ਨਹੀਂ? ਮੈਨੂੰ ਰੋਜ਼ ਦਾ ਇਹ ਬਖੇੜਾ ਚੰਗਾ ਨਹੀਂ ਲਗਦਾ ਅੱਜ ਭਾਬੀ ਨੇ ਮੈਨੂੰ ਕਈ ਗਲਾਂ ਸੁਣਾਈਆਂ ਹਨ।

ਹੇਮਾਂਗਨੀ ਨੇ ਠੰਢੇ ਸੁਭਾ ਨਾਲ ਜੁਵਾਬ ਦਿਤਾ ਤੁਹਾਡੀ ਭਾਬੀ ਹੱਕ ਦੀ ਗਲ ਕਦੇ ਕਰਦੀ ਹੈ ਜੋ ਅੱਜ ਹੀ ਨਾਹੱਕੀਆਂ ਸੁਣਾ ਦਿਤੀਆਂ ਹਨ।

ਪਰ ਅੱਜ ਤਾਂ ਉਸਨੇ ਠੀਕ ਹੀ ਆਖਿਆ ਹੈ। ਮੈਂ ਤੇਰਾ ਸੁਭਾ ਜਾਣਦਾ ਹਾਂ। ਉਸ ਦਿਨ ਗੁਆਲੇ ਦੇ ਲੜਕੇ ਦੀ ਬਾਬਤ ਵੀ ਏਦਾਂ ਹੀ ਕੀਤਾ ਸੀ, ਮੋਤੀ ਕੁਮਿਹਾਰ ਦੇ ਭਾਣਜੇ ਦਾ ਇਹੋ ਜਿਹਾ ਚੰਗਾ ਬਾਗ ਤੇਰੇ ਕਰਕੇ ਹੀ ਹਥੋਂ ਨਿਕਲ ਗਿਆ ਸੀ, ਉਲਟਾ ਪੁਲਸ ਨੂੰ ਠੰਢਿਆਂ ਕਰਨ ਲਈ ਸੌ ਡੇਢ ਸੌ ਰੁਪੈ ਦੇਣੇ ਪਏ ਸਨ ਕੀ ਤੂੰ ਆਪਣਾ ਭਲਾ ਬੁਰਾ ਵੀ ਨਹੀਂ ਸਮਝਦੀ? ਆਖਰ ਤੇਰਾ ਇਹ ਸੁਭਾ ਕਦੋਂ ਜਾਇਗਾ?

ਹੁਣ ਹੇਮਾਂਗਨੀ ਉੱਠ ਕੇ ਬਹਿ ਗਈ ਤੇ ਆਪਣੇ ਪਤੀ ਦੇ ਮੂੰਹ ਵਲ ਵੇਖਕੇ ਬੋਲੀ, 'ਮੇਰਾ ਸੁਭਾ ਤਾਂ ਮਰਨ ਤੋਂ ਪਹਿਲਾਂ ਨਹੀਂ ਬਦਲ ਸਕਦਾ, ਮੈਂ ਹਾਂ ਮੇਰੇ ਕੁੱਛੜ ਬੱਚੇ ਹਨ ਤੇ ਫੇਰ ਭਗਵਾਨ ਹਨ। ਇਹਦੇ ਤੋਂ ਵੱਧ ਹੋਰ ਕੁਛ ਮੈਂ

ਆਖਣਾਂ ਨਹੀਂ ਚਾਹੁੰਦੀ ਮੇਰਾ ਦਿਲ ਖਰਾਬ ਹੈ ਬਹੁਤਾ ਬੋਲ ਨਹੀਂ ਸਕਦੀ ਹੁਣ ਤੁਸੀ ਚਲੇ ਜਾਓ ?' ਇਹ ਆਖਕੇ ਉਹ ਚਾਦਰ ਤਾਣ ਕੇ ਤੇ ਪਾਸਾ ਮੋੜ ਕੇ ਲੰਮੀ ਪੈ ਗਈ।

ਵਿਪਨ ਨੂੰ ਹੋਰ ਝਗੜਾ ਕਰਨ ਦਾ ਹੌਸਲਾ ਨਾ ਹੋ ਸਕਿਆ ਪਰ ਉਹ ਮਨ ਹੀ ਮਨ ਵਿਚ ਆਪਣੀ ਇਸਤਰੀ ਤੇ ਇਸ ਰਾਹ ਜਾਂਦੀ ਬਲਾ ਕਿਸ਼ਨ ਤੇ ਬਹੁਤ ਹੀ ਚਿੜ ਗਿਆ।

—o—

## ੬.

ਦੂਜੇ ਦਿਨ ਬਾਰੀ ਖੋਲ੍ਹਦਿਆਂ ਹੀ ਹੇਮਾਂਗਨੀ ਦੇ ਕੰਨਾਂ ਵਿੱਚ ਜਠਾਣੀ ਦੀ ਤਿੱਖੀ ਜਹੀ ਅਵਾਜ਼ ਪਈ, ਉਹ ਸੁਵਾਮੀ ਨੂੰ ਆਖ ਰਹੀ ਸੀ, 'ਉਹ ਲੜਕਾ ਕਲ ਦਾ ਭੱਜਾ ਹੋਇਆ ਹੈ ਤੁਸਾਂ ਉਸਦਾ ਕੋਈ ਪਤਾ ਨਹੀਂ ਕੀਤਾ।'

ਸੁਵਾਮੀ ਨੇ ਉੱਤਰ ਦਿੱਤਾ, 'ਚੁਲ੍ਹੇ ਵਿੱਚ ਪਏ, ਸਾਨੂੰ ਲੱਭਣ ਦੀ ਕੀ ਲੋੜ ਹੈ।'

ਇਸਤਰੀ ਸਾਰੇ ਮਹੱਲੇ ਨੂੰ ਸੁਣਾਉਂਦੀ ਹੋਈ ਆਖਣ ਲੱਗੀ, "ਤਾਂ ਫੇਰ ਲੋਕਾਂ ਦੀਆਂ ਉਂਗਲਾਂ ਅੱਗੇ ਸਾਡਾ ਪਿੰਡ ਵਿਚ ਰਹਿਣਾ ਮੁਸ਼ਕਲ ਹੋ ਜਾਇਗਾ। ਇੱਥੇ ਸਾਡੇ ਕਈ ਦੁਸ਼ਮਣ ਹਨ। ਜੇ ਕਿਤੇ ਡਿਗ ਡੁਗ ਕੇ ਮਰ ਗਿਆ ਤਾਂ ਸਾਰਿਆਂ ਨੂੰ ਵੱਡੇ ਘਰ ਦੀ ਹਵਾ ਖਾਣੀ ਪਏਗੀ।"

ਹੇਮਾਂਗਨੀ ਸਾਰੀਆਂ ਗੱਲਾਂ ਨੂੰ ਸਮਝ ਗਈ। ਉਸ ਨੇ ਇਕ ਲੰਮਾ ਸਾਰਾ ਹੌਕਾ ਲਿਆ ਤੇ ਖਿੜਕੀ ਬੰਦ ਕਰਕੇ ਅੰਦਰ ਚਲੀ ਗਈ।

ਦੋਪਹਿਰ ਦੇ ਵੇਲੇ ਉਹ ਰਸੋਈ ਦੇ ਬਰਾਂਡੇ ਵਿਚ ਬੈਠੀ ਰੋਟੀ ਖਾ ਰਹੀ ਸੀ ਕਿ ਦੱਬੇ ਦੱਬੇ ਪੈਰੀਂ ਕਿਧਰੋਂ ਕਿਸ਼ਨ ਆਕੇ ਸਹਮਣੇ ਖੜਾ ਹੋ ਗਿਆ। ਉਹਦੇ ਸਿਰ ਦੇ ਵਾਲ ਰੁਖੇ ਸਨ ਤੇ ਮੂੰਹ ਸੁਕਿਆ ਹੋਇਆ ਸੀ। ਹੇਮਾਂਗਨੀ ਨੇ ਪੁਛਿਆ, "ਵੇ ਕਿਸ਼ਨ ਕਿਧਰ ਭੱਜ ਗਿਆ ਸਾਂਏ ?"

"ਭੱਜਿਆ ਤਾਂ ਕਿਧਰੇ ਨਹੀਂ ਸਾਂ ਕੱਲ ਤਰਕਾਲਾਂ ਨੂੰ ਦੁਕਾਨ ਤੇ ਹੀ ਸੌਂਗਿਆ ਸਾਂ। ਜਦ ਜਾਗ ਆਈ ਤਾਂ ਵੇਖਿਆ ਕਿ ਅੱਧੀ ਰਾਤ ਹੋ ਗਈ ਹੈ। ਭੈਣ ਭੁਖ ਲੱਗੀ ਹੇ।"

"ਜਾ ਉਸੇ ਘਰੋਂ ਜਾ ਕੇ ਖਾ।" ਆਖ ਕੇ ਹੇਮਾਂਗਨੀ ਰੋਟੀ ਖਾਣ ਲੱਗ ਪਈ। ਕੋਈ ਇਕ ਮਿੰਟ ਚੁਪ ਚਾਪ ਖੜਾ ਹੋਣ ਤੋਂ ਪਿੱਛੋਂ ਕਿਸ਼ਨ ਜਾਣ ਹੀ ਲੱਗਾ ਸੀ ਕਿ ਹੇਮਾਂਗਨੀ ਨੇ ਉਹਨੂੰ ਸੱਦ ਕੇ ਬੁਲਾਇਆ ਤੇ ਲਾਂਗਰਿਆਣੀ ਨੂੰ ਰੋਟੀ ਦੇਣ ਲਈ ਆਖਿਆ।

ਕਿਸ਼ਨ ਅੱਜੇ ਅੱਧੀ ਰੋਟੀ ਹੀ ਖਾ ਚੁਕਾ ਸੀ ਕਿ ਬਾਹਰੋਂ ਉਮਾਂ ਘਬਰਾਈ ਹੋਈ ਆਈ ਤੇ ਇਸ਼ਾਰੇ ਨਾਲ ਦਸਿਆ ਕਿ ਬਾਬੂ ਜੀ ਆ ਰਹੇ ਹਨ।

ਲੜਕੀ ਦਾ ਭਾਵ ਜਾਣਕੇ ਮਾਂ ਨੂੰ ਬੜਾ ਅਸਚਰਜ ਹੋਇਆ। ਆਉਂਦੇ ਨੇ ਤਾਂ ਆਉਣ ਦੇਹ ਤੂੰ ਏਦਾਂ ਕਿਉਂ ਕਰ ਰਹੀ ਏਂ ?

ਉਮਾਂ ਕਿਸ਼ਨ ਦੇ ਪਿਛਲੇ ਪਾਸੇ ਖੜੀ ਸੀ, ਉਹਨੇ

ਉਂਗਲੀ ਨਾਲ ਕਿਸ਼ਨ ਵੱਲ ਸਿਰਫ ਇਸ਼ਾਰਾ ਕਰਦੀ ਨੇ ਸਮਝਾਇਆ ਕਿ ਇਹ ਖਾ ਜੂ ਰਿਹਾ ਏ।

ਕਿਸ਼ਨ ਨੇ ਖੁਸ਼ੀ ਨਾਲ ਆਪਣੀ ਧੌਣ ਪਿਛਾਂਹ ਮੋੜ ਲਈ ਸੀ। ਉਮਾਂ ਦੀ ਘਬਰਾਈ ਹੋਈ ਨਜ਼ਰ ਤੇ ਸ਼ਕ ਭਰੇ ਮੂੰਹ ਦੇ ਇਸ਼ਾਰੇ ਨੂੰ ਉਸਨੇ ਵੇਖਿਆ ਪਲ ਵਿਚੋਂ ਹੀ ਉਹਦਾ ਚਿਹਰਾ ਚਿੱਟਾ ਹੋਗਿਆ ਉਹ ਕਿੰਨਾਂ ਡਰਿਆ, ਇਹ ਉਹ ਆਪ ਹੀ ਜਾਣਦਾ ਸੀ। "ਉਹ ਭਾਈਆ ਜੀ ਆ ਰਹੇ ਹਨ।" ਇਹ ਆਖਕੇ ਰੋਟੀ ਦੀ ਥਾਲੀ ਵਿਚੇ ਛਡ ਕੇ ਉਹ ਰਸੋਈ ਦੀ ਇਕ ਨੁਕਰੇ ਜਾ ਖਲੋਤਾ, ਉਸਨੂੰ ਵੇਖਕੇ ਉਮਾਂ ਵੀ ਇਕ ਪਾਸੇ ਚਲੀ ਗਈ। ਜਿਦਾਂ ਦੀ ਹਰਕਤ ਮਾਲਕ ਮਕਾਨ ਦੇ ਆ ਜਾਣ ਤੇ ਚੋਰ ਕਰਦੇ ਹਨ ਉਸੇ ਤਰ੍ਹਾਂ ਇਹ ਵੀ ਕਰ ਬੈਠੇ। ਪਹਿਲਾਂ ਤਾਂ ਹੇਮਾਂਗਨੀ ਨੇ ਇਕੋ ਵਾਰੀ ਉਸ ਪਾਸੇ ਤੇ ਇਕੋ ਵਾਰੀ ਇਸ ਪਾਸੇ ਵੇਖਿਆ ਤੇ ਇਸ ਤੋਂ ਪਿੱਛੋਂ ਉਹ ਕੰਧ ਤੇ ਸ਼ਾਂਤ ਹੋਕੇ ਬਹਿ ਗਈ। ਜਾਣੀ ਦੀ ਲੱਜਿਆ ਦੀ ਛੁਰੀ ਉਹਦੇ ਕਲੇਜੇ ਵਿਚ ਵੱਜੀ ਸੀ। ਉਸੇ ਵੇਲੇ ਵਿਪਿਨ ਆ ਗਏ। ਸਾਹਮਣੇ ਘਰ ਵਾਲੀ ਨੂੰ ਏਦਾਂ ਬੈਠੀ ਵੇਖਕੇ ਪਾਸ ਜਾਕੇ ਕਾਹਲਾ ਜਿਹਾ ਪੈਕੇ ਪੁਛਿਆ, "ਇਹ ਕੀ ? ਰੋਟੀ ਨੂੰ ਸਾਹਮਣੇ ਰੱਖ ਕੇ ਏਦਾਂ ਕਿਉਂ ਬੈਠੀਏਂ ?"

ਹੇਮਾਂਗਨੀ ਨੇ ਕੋਈ ਜੁਵਾਬ ਨ ਦਿੱਤਾ, ਵਿਪਿਨ ਨੇ ਹੋਰ ਵੀ ਕਾਹਲਾ ਜਿਹਾ ਪੈਕੇ ਆਖਿਆ, "ਕੀ ਫੇਰ ਬੁਖ਼ਾਰ ਹੋ ਗਿਆ ? ਇਸ ਤੋਂ ਪਿੱਛੋਂ ਉਸ ਦੀ ਨਜ਼ਰੇ ਉਹ ਥਾਲੀ ਪਈ ਜਿਸ ਵਿਚ ਅੱਧੇ ਚੌਲ ਪਏ ਹੋਏ ਸਨ। ਪੁਛਿਆ, ਇਹ ਐਨੇ ਚੌਲ ਥਾਲੀ ਵਿਚ ਛਡ ਕੇ ਕੌਣ ਉਠ ਗਿਆ ?"

ਹੇਮਾਂਗਨੀ ਉਠ ਕੇ ਬਹਿ ਗਈ, ਕਹਿਣ ਲੱਗੀ, "ਨਹੀਂ ਉਸ ਘਰ ਦਾ ਕਿਸ਼ਨ ਖਾ ਰਿਹਾ ਸੀ ਤੈਨੂੰ ਵੇਖਕੇ ਡਰਦਾ ਮਾਰਿਆ ਖਿੜਕੀ ਪਿਛੇ ਲੁਕ ਗਿਆ ਹੈ।"

"ਕਿਉਂ ?"

"ਕਿਉਂ ਦਾ ਮੈਨੂੰ ਕੀ ਪਤਾ, ਇਹ ਤਾਂ ਤੁਸੀ ਹੀ ਜਾਣੋਂ। ਇਹੋ ਨਹੀਂ ਤੁਹਾਡੇ ਆਉਣ ਦੀ ਖਬਰ ਸੁਣ ਕੇ ਉਮਾਂ ਵੀ ਭੱਜ ਗਈ ਹੈ।

ਵਿਪਿਨ ਨੇ ਮਨ ਹੀ ਮਨ ਵਿਚ ਸਮਝ ਲਿਆ ਕਿ ਇਸਤ੍ਰੀ ਦੀਆਂ ਗੱਲਾਂ ਟੇਢੇ ਪਾਸੇ ਜਾ ਰਹੀਆਂ ਹਨ। ਸ਼ਾਇਦ ਇਸੇ ਕਰਕੇ ਸਿਧੇ ਰਾਹ ਤੇ ਲਿਆਉਣ ਲਈ ਕਿਹਾ, ਪਰ ਫੇਰ ਉਹ ਭੱਜ ਕਿਉਂ ਗਈ ? ਕਿਸ ਡਰ ਤੋਂ ਭੱਜੀ ?"

ਹੇਮਾਂਗਨੀ ਨੇ ਆਖਿਆ, "ਸ਼ਾਇਦ ਮਾਂ ਦਾ ਅਪਮਾਨ ਆਪਣੀਆਂ ਅੱਖਾਂ ਨਾਲ ਨਾ ਵੇਖ ਸਕਣ ਦੇ ਡਰ ਤੋਂ ਹੀ ਭੱਜ ਗਈ ਹੋਵੇ। ਇਹਦੇ ਨਾਲ ਹੀ ਉਹਨੇ ਹੌਕਾ ਭਰਕੇ ਆਖਿਆ, ਕਿਸ਼ਨ ਪਰਾਇਆ ਪੁੱਤ੍ਰ ਹੈ, ਉਸ ਤਾਂ ਡਰ ਦੇ ਮਾਰਿਆਂ ਲੁਕਣਾ ਹੀ ਹੋਇਆ, ਪਰ ਢਿੱਡ ਦੀ ਲੜਕੀ ਨੂੰ ਇਹ ਹੌਸਲਾ ਨਹੀਂ ਪਿਆ ਕਿ ਆਖ ਸਕੇ ਕਿ ਕੀ ਮਾਂ ਨੂੰ ਐਨਾਂ ਵੀ ਅਖਤਿਆਰ ਨਹੀਂ ਜੋ ਕਿਸੇ ਨੂੰ ਸਦਕੇ ਮੁੱਠ ਚੌਲ ਹੀ ਖੁਆ ਦੇਵੇ।"

ਹੁਣ ਵਿਪਿਨ ਨੂੰ ਪਤਾ ਲੱਗਾ ਕਿ ਗੱਲ ਸਚ ਮੁਚ ਹੀ ਵਿਗੜ ਚੁਕੀ ਹੈ। ਕਿਤੇ ਇਹ ਹੋਰ ਅਗਾਂਹ ਜਾਕੇ ਏਦੂੰ ਵਧ ਵੀ ਨਾ ਵਿਗੜ ਜਾਏ।

ਇਸ ਕਰਕੇ ਉਸਨੇ ਗੱਲ ਹਾਸੇ ਪਾਉਂਦਿਆਂ ਹੋਇਆਂ

ਅੱਖਾਂ ਮਟਕਾ ਕੇ ਧੌਣ ਹਿਲਾਕੇ ਆਖਿਆ, "ਨਹੀਂ, ਤੈਨੂੰ ਕੋਈ ਵੀ ਅਖਤਿਆਰ ਨਹੀਂ। ਮੰਗਤੇ ਨੂੰ ਖੈਰ ਪਾਉਣ ਦਾ ਵੀ ਕੋਈ ਅਖਤਿਆਰ ਨਹੀਂ, ਚਲ ਜਾਣ ਦਿਓ, ਕੱਲ ਤੋਂ ਫੇਰ ਸਿਰ ਦਰਦ ਤਾਂ ਨਹੀਂ ਹੋਈ ? ਮੈਂ ਸੋਚਿਆ ਹੈ ਕਿ ਸ਼ਹਿਰੋਂ ਕਿਦਾਰ ਡਾਕਟਰ ਨੂੰ ਸਦਵਾ ਲਵਾਂ ਜਾਂ ਫੇਰ ਇਕ ਵਾਰੀ ਕਲਕੱਤੇ........"

ਰੋਗ ਤੇ ਇਲਾਜ ਦੇ ਪ੍ਰਸੰਗ ਦਾ ਭੋਗ ਇਥੇ ਹੀ ਪੈ ਗਿਆ। ਹੇਮਾਂਗਨੀ ਨੇ ਪੁਛਿਆ ਕੀ ਤੁਸਾਂ ਓਮਾ ਭੇ ਸਾਹਮਣੇ ਕਿਸ਼ਨ ਨੂੰ ਕੁਝ ਆਖਿਆ ਸੀ ?"

ਵਿਪਿਨ ਜਾਣੀ ਦਾ ਅਸਮਾਨ ਤੋਂ ਧਰਤੀ ਤੇ ਡਿੱਗ ਪਿਆ ਸੀ। ਕਹਿਣ ਲੱਗਾ, ਮੈਂ ? ਕਿੱਥੇ ? ਨਹੀਂ ਨਹੀਂ, ਸੱਚ ਯਾਦ ਆਗਿਆ ਉਸ ਦਿਨ ਸ਼ੈਦ ਕੁਛ ਕਿਹਾ ਸੀ। ਭਾਬੀ ਗੁੱਸੇ ਹੁੰਦੀ ਹੈ, ਭਰਾ ਜੀ ਵੀਨਕੇ ਮੂੰਹ ਵੱਟਦੇ ਹਨ। ਮਲੂਮ ਹੁੰਦਾ ਹੈ ਕਿ ਉਮਾਂ ਉਥੇ ਖੜੀ ਹੋਣੀ ਹੈ, ਜਾਣਦੀਏਂ ਨਾਂ.....।"

"ਜਾਣਦੀ ਹਾਂ" ਆਖਕੇ ਹੇਮਾਂਗਨੀ ਨੇ ਗੱਲ ਦਬਾ ਦਿੱਤੀ। ਵਿਪਿਨ ਦੇ ਰਸੋਈ ਘਰੋਂ ਜਾਂਦਿਆਂ ਹੀ ਉਸਨੇ ਕਿਸ਼ਨ ਨੂੰ ਸੱਦ ਕੇ ਆਖਿਆ, ਕਿਸ਼ਨ ਆਹ ਚਾਰ ਪੈਸੇ ਲੈ ਲੈ ਤੇ ਬਜ਼ਾਰੋਂ ਜਾਕੇ ਛੜੇ ਛੋਲੇ ਖਾ ਲੈ। ਭੁਖ ਲੱਗਣ ਤੇ ਹੁਣ ਮੇਰੇ ਕੋਲ ਨ ਆਉਣਾ। ਤੇਰੀ ਵਿਚਕਾਰਲੀ ਭੈਣ ਨੂੰ ਕੋਈ ਅਖਤਿਆਰ ਨਹੀਂ ਕਿ ਉਹ ਕਿਸੇ ਬਾਹਰਦੇ ਆਦਮੀ ਨੂੰ ਇਕ ਰੋਟੀ ਵੀ ਖੁਆ ਸਕੇ।

ਕਿਸ਼ਨ ਚੁਪ ਚਾਪ ਚਲਿਆ ਗਿਆ। ਅੰਦਰ ਖਲੋਤਾ ਹੋਇਆ ਵਿਪਿਨ ਉਸ ਵੇਲੇ ਵੇਖਕੇ ਦੰਦੀਆਂ ਪੀਂਹਦਾ ਰਿਹਾ।

੭.

ਕੋਈ ਪੰਜਾਂ ਛਿਆਂ ਦਿਨਾਂ ਪਿੱਛੋਂ ਇਕ ਦਿਨ ਦੁਪਹਿਰ ਨੂੰ ਵਿਪਿਨ ਉਦਾਸ ਜਹੇ ਚਿਹਰੇ ਨਾਲ ਘਰ ਆਇਆ ਤੇ ਆਉਂਦਿਆਂ ਹੀ ਕਹਿਣ ਲੱਗਾ, ਇਹ ਤੂੰ ਕੀ ਬਖੇੜਾ ਖੜਾ ਕਰ ਲਿਆ ਹੈ ? ਕਿਸ਼ਨ ਤੇਰਾ ਕੀ ਲਗਦਾ ਹੈ ਜੋ ਤੂੰ ਉਸ ਪਰਾਏ ਲੜਕੇ ਦੇ ਥਾਂ ਘਰ ਵਾਲਿਆਂ ਨਾਲ ਲੜਾਈ ਪਾਈ ਰਖਦੀ ਏਂ ? ਮੈਂ ਤਾਂ ਅਜ ਵੇਖਿਆ ਹੈ, ਭਰਾ ਹੋਰੀਂ ਵੀ ਗੁੱਸੇ ਹਨ।

ਇਹਦੇ ਨਾਲੋਂ ਕੁਝ ਦਿਨ ਪਹਿਲਾਂ ਆਪਣੇ ਘਰ ਵਿਚ ਬਹਿਕੇ ਜੇਠਾਣੀ ਨੇ ਜੋ ਆਪਣੇ ਸੁਵਾਮੀ ਨੂੰ ਤੀਰ ਮਾਰੇ ਸਨ ਉਹ ਖਾਲੀ ਕਿੱਦਾਂ ਜਾ ਸਕਦੇ ਸਨ। ਉਹਨਾਂ ਸਾਰਿਆਂ ਹੇਮਾਂਗਨੀ ਦੇ ਕਲੇਜੇ ਨੂੰ ਵਿੰਨ ਦਿੱਤਾ ਸੀ। ਇਹਨਾਂ ਤੀਰਾਂ ਦੀ ਵਿਹੁ ਨਾਲ ਉਸਦਾ ਕਲੇਜਾ ਸੜ ਰਿਹਾ ਸੀ। ਸਭ ਕੁਝ ਸਹਾਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ।

ਪਿਛਲੇ ਜ਼ਮਾਨੇ ਵਿਚ ਮੁਸਲਮਾਨ ਜਿੱਦਾਂ ਅੱਗੇ ਗਊਆਂ ਨੂੰ ਲਾਕੇ ਰਾਜਪੂਤਾਂ ਤੇ ਹਮਲਾ ਕਰਦੇ ਹੁੰਦੇ ਸਨ ਉਸੇ ਤਰ੍ਹਾਂ ਜੇਠਾਣੀ ਦਿਰਾਣੀ ਨਾਲ ਕਰਦੀ ਸੀ। ਗੱਲਾਂ ਕਿਸੇ ਨਾਲ ਕਰਨੀਆਂ ਤੇ ਠੋਕਰਾਂ ਕਿਸੇ ਪਾਸੇ ਲਾਉਣੀਆਂ।

ਸੁਆਮੀ ਦੀ ਗੱਲ ਤੇ ਹੇਮਾਂਗਨੀ ਨੂੰ ਕ੍ਰੋਧ ਆਗਿਆ ਕਹਿਣ ਲੱਗੀ, "ਕੀ ਆਖਦੇ ਹੋ ਜੇਠ ਜੀ ਨਾਰਾਜ਼ ਹੋ ਗਏ

ਹਨ। ਇਹ ਅਸਚਰਜ ਦੀ ਗੱਲ ਸੁਣਕੇ ਉਸਤੇ ਝੱਟਪੱਟ ਯਕੀਨ ਕਰਨ ਨੂੰ ਤਾਂ ਜੀ ਨਹੀਂ ਕਰਦਾ ਹੁਣ ਦੱਸੋ ਕੀ ਕਰਨ ਨਾਲ ਓਹਨਾਂ ਦਾ ਗੁਸਾ ਹਟ ਜਾਏਗਾ ?

ਵਿਪਿਨ ਮਨ ਹੀ ਮਨ ਵਿਚ ਬੜਾ ਗੁਸੇ ਹੋਇਆ ਪਰ ਆਪਣੀ ਨਾਰਾਜ਼ਗੀ ਨੂੰ ਬਾਹਰ ਪ੍ਰਗਟ ਕਰਨ ਦਾ ਉਹਦਾ ਸੁਭਾ ਨਹੀਂ ਸੀ। ਉਹਨੇ ਆਪਣੇ ਭਾਵਾਂ ਨੂੰ ਅੰਦਰ ਅੰਦਰ ਹੀ ਰੋਕਕੇ ਆਖਿਆ ਕੁਝ ਵੀ ਹੋਵੇ ਵਡਿਆਂ ਦੇ ਸਬੰਧ ਵਿਚ...

ਗਲ ਪੂਰੀ ਹੋਣ ਤੋਂ ਪਹਿਲਾਂ ਹੀ ਹੇਮਾਂਗਨੀ ਨੇ ਆਖਿਆ, 'ਸਭ ਜਾਣਦੀ ਹਾਂ ਵੱਡਿਆਂ ਦੀ ਅਜ ਮਰਜਾਦਾ ਦਾ ਵੀ ਮੈਨੂੰ ਪਤਾ ਹੈ। ਪਰ ਮੈਂ ਉਸ ਮੁੰਡੇ ਨੂੰ ਚਾਹੁੰਦੀ ਹਾਂ ਇਸੇ ਕਰਕੇ ਮੈਨੂੰ ਵਿਖਾ ਵਿਖਾ ਕੇ ਉਹ ਉਸ ਗਰੀਬ ਨੂੰ ਤੰਗ ਕਰਦੇ ਹਨ।'

ਉਹਦੀ ਅਵਾਜ਼ ਕੁਝ ਨਰਮ ਹੋਗਈ। ਕਿਉਂਕਿ ਆਪਣੇ ਜੇਠ ਦੇ ਸਬੰਧ ਵਿਚ ਉਹ ਮਿਹਣਾ ਮਾਰਕੇ ਕੁਝ ਕੱਚੀ ਜਹੀ ਹੋ ਗਈ। ਪਰ ਉਸਦਾ ਸਰੀਰ ਵੀ ਬਹੁਤ ਥੱਕ ਗਿਆ ਸੀ, ਇਸ ਕਰਕੇ ਉਹ ਗੁਸੇ ਨੂੰ ਸੰਭਾਲ ਨਾ ਸਕੀ। ਵਿਪਿਨ ਅੰਦਰ ਹੀ ਅੰਦਰ ਉਹਨਾਂ ਦੇ ਪੱਖੀ ਸਨ। ਸਬਬ ਇਹ ਕਿ ਇਕ ਪਰਾਏ ਮੁੰਡੇ ਦੇ ਥਾਂ ਉਹ ਆਪਣੇ ਭਰਾ ਨਾਲ ਝਗੜਾ ਕਰਕੇ ਖੁਸ਼ ਨਹੀਂ ਸਨ। ਪਰ ਘਰ ਵਾਲੀ ਦੀ ਇਸ ਸ਼ਰਮ ਤੇ ਹੋਰ ਮੌਕਾ ਵੇਖਕੇ ਉਹਨਾਂ ਆਖਿਆ, 'ਤੰਗ ਤੁੰਗ ਉਹ ਕੋਈ ਨਹੀਂ ਕਰਦੇ, ਆਪਣੇ ਮੁੰਡੇ ਨੂੰ ਕਾਬੂ ਵਿਚ ਰਖਦੇ ਹਨ। ਕੰਮ ਧੰਦਾ ਸਿਖਲਾਉਂਦੇ ਹਨ, ਇਹਦੇ ਨਾਲ ਜੇ ਤੈਨੂੰ ਦੁਖ ਹੋਵੇ ਤਾਂ ਕੰਮ ਕਿੱਦਾਂ ਚਲੇ ? ਇਸਤੇ ਬਿਨਾਂ ਉਹ ਲੋਕ

ਅਮੀਰ ਹਨ ਜਿੰਦਾਂ ਮਰਜ਼ੀ ਹੋਵੇ ਕਰਨ।

ਹੇਮਾਂਗਨੀ ਆਪਣੇ ਸੁਆਮੀ ਦੇ ਮੂੰਹ ਵੱਲ ਵੇਖ ਪਹਿਲਾਂ ਹੈਰਾਨ ਹੋਈ। ਸਬੱਬ ਇਹ ਕਿ ਉਹ ਇਸ ਘਰ ਨੂੰ ਪੰਦਰਾਂ ਸੋਲਾਂ ਸਾਲ ਤੋਂ ਚਲਾ ਰਹੀ ਹੈ। ਇਸ ਤੋਂ ਪਹਿਲ ਉਸਨੇ ਆਪਣੇ ਪਤੀ ਦਾ ਭਰਾ ਨਾਲ ਐਡਾ ਪਿਆਰ ਕਦੇ ਨਹੀਂ ਵੇਖਿਆ ਸੀ। ਪਰ ਇਕ ਵੇਰਾਂ ਹੀ ਉਹਦੇ ਸਾਰੇ ਸਰੀ ਨੂੰ ਅੱਗ ਜਹੀ ਲੱਗ ਗਈ। ਉਸਨੇ ਆਖਿਆ, ਜੇ ਉਹ ਵੱ ਗੁਰੂ ਜਨ ਹਨ ਤਾਂ ਮੈਂ ਵੀ ਤਾਂ ਮਾਂ ਹਾਂ। ਜੇ ਵੱਡੇ ਆਪਣ ਮਾਣ ਨੂੰ ਆਪ ਹੀ ਨਾ ਕਾਇਮ ਰੱਖਣ ਤਾਂ ਮੈਂ ਕਿਉਂ ਇਸਦਾ ਖਿਆਲ ਕਰਾਂ ?

ਵਿਪਿਨ ਸ਼ਾਇਦ ਇਹਦਾ ਕੋਈ ਜੁਵਾਬ ਦੇਣਾ ਚਾਹੁੰ ਸਨ ਪਰ ਰੁਕ ਗਏ। ਬਾਹਰ ਦੇ ਦਰਵਾਜ਼ੇ ਵਿਚ ਇਕ ਦਰ ਭਰੀ ਅਵਾਜ਼ ਆਈ, 'ਮੰਝਲੀ ਭੈਣ !'

ਸਵਾਮੀ ਤੇ ਪਤਨੀ ਦੀਆਂ ਅੱਖਾਂ ਮਿਲੀਆਂ ! ਵਿਪਿ ਕੁਝ ਹੱਸੇ, ਪਰ ਇਹ ਹਾਸਾ ਪਿਆਰਦਾ ਨਹੀਂ ਸੀ। ਘਰਵਾਲ਼ੀ ਚੰਦਾਂਥੱਲੇ ਜਬਾਨ ਲੈਕੇ ਦਰਵਾਜੇ ਕੋਲ ਜਾ ਪੁਜੀ ਤੇ ਚੁਪਚਾ ਕਿਸ਼ਨ ਦੇ ਮੂੰਹ ਵੱਲ ਵੇਖਣ ਲੱਗ ਪਈ। ਉਹਨੂੰ ਵੇਖਦਿਆ ਹੀ ਕਿਸ਼ਨ ਖੁਸ਼ੀ ਨਾਲ ਮਸਤ ਹੋਗਿਆ ਉਹਦੇ ਮੂੰਹੋਂ ਸਭ ਤੋਂ ਪਹਿਲਾਂ ਇਹੋ ਨਿਕਲਿਆ, 'ਭੈਣ ਕੀ ਹਾਲ ਹੈ ?'

ਹੇਮਾਂਗਨੀ ਪਲ ਕੁ ਤਾਂ ਚੁੱਪ ਕਰ ਗਈ। ਜਿਸ ਗਲ ਤੋਂ ਪਤੀ ਤੇ ਘਰ ਵਾਲੀ ਵਿੱਚ ਐਨਾ ਝਗੜਾ ਹੋ ਰਿਹਾ ਸੀ ਉਹ ਅੱਚਨਚੇਤ ਹੀ ਆ ਪਰਗਟ ਹੋਇਆ। ਹੇਮਾਂਗਨੀ ਨੇ ਹੌਲੀ ਜਹੀ ਪਰ ਜ਼ਰਾ ਕਰੜਾਈ ਨਾਲ ਆਖਿਆ, ਇਹ ਕੀ

ਤੂੰ ਰੋਜ਼ ਰੋਜ਼ ਇਥੇ ਕਿਉਂ ਆਉਂਦਾ ਏਂ ?

ਕਿਸ਼ਨ ਦਾ ਕਲੇਜਾ ਧੜਕ ਗਿਆ। ਹੇਮਾਂਗਨੀ ਦੀ ਇਹ ਕੜਕਵੀਂ ਸੁਰ, ਸਚਮੁੱਚ ਹੀ ਉਹਨੂੰ ਬਹੁਤ ਬੁਰੀ ਲੱਗੀ, ਇਹ ਦਾ ਸਬੱਬ ਭਾਵੇਂ ਕੋਈ ਹੋਵੇ, ਪਰ ਇਸ ਅਭਾਗੇ ਨੂੰ ਸਾਫ ਪਤਾ ਲੱਗ ਗਿਆ ਕਿ ਇਹ ਮਖੌਲ ਨਹੀਂ ਹੈ, ਨਾਂ ਹੀ ਪਿਆਰ ਭਰੀ ਝਿੜਕ ਹੈ।

ਡਰ, ਲੱਜਾ ਤੇ ਹੈਰਾਨੀ ਦੇ ਮਾਰਿਆਂ ਉਸਦੇ ਚਿਹਰੇ ਤੇ ਕਾਲੋਂ ਆ ਗਈ, ਆਖਣ ਲੱਗਾ, ਤੈਨੂੰ ਵੇਖਣ ਆਇਆ ਹਾਂ।

ਵਿਪਿਨ ਨੇ ਹੱਸ ਕੇ ਆਖਿਆ, "ਤੁਹਾਨੂੰ ਵੇਖਣ ਆਇਆ ਹੈ।"

ਇਹ ਹਾਸਾ ਨਹੀਂ ਸੀ, ਜਾਣੀਦਾ ਹੇਮਾਂਗਨੀ ਦਾ ਮੂੰਹ ਖਰਾਕੇ ਨਿਰਾਦਰ ਕੀਤਾ ਗਿਆ ਸੀ, ਉਸ ਨੇ ਕੁੱਟੀ ਹੋਈ ਸਪਣੀ ਵਾਂਗ ਵਿਸ ਘੋਲਦੀ ਘੋਲਦੀ ਨੇ ਆਪਣੇ ਪਤੀ ਵੱਲ ਇਕ ਵਾਰ ਵੇਖਦੀ ਹੋਈ ਨੇ ਅਖਾਂ ਦੂਜੇ ਪਾਸੇ ਕਰ ਲਈਆਂ ਤੇ ਕਿਸ਼ਨ ਨੂੰ ਕਿਹਾ, 'ਹੁਣ ਇਥੇ ਨ ਆਂਵੀ ਜਾਹ !'

ਚੰਗਾ ਆਖ ਕੇ ਕਿਸ਼ਨ ਨੇ ਆਪਣੇ ਮੂੰਹ ਦੀ ਕਾਲੋਂ ਨੂੰ ਹੱਸ ਕੇ ਲੁਕਾਉਣ ਦਾ ਯਤਨ ਕੀਤਾ। ਪਰ ਉਸ ਦਾ ਮੂੰਹ ਹੋਰ ਵੀ ਕਾਲਾ ਹੋ ਗਿਆ, ਉਹ ਨੀਵੀਂ ਪਾਕੇ ਚਲਿਆ ਗਿਆ।

ਇਸ ਦਿਲ ਨੂੰ ਹਿਲਾ ਦੇਣ ਵਾਲੇ ਅਸਰ ਨੂੰ ਆਪਣੇ ਚਿਹਰੇ ਤੇ ਪ੍ਰਗਟ ਕਰਦੀ ਹੋਈ ਹੇਮਾਂਗਨੀ ਨੇ ਪੱਤੀ ਦੇ ਮੂੰਹ ਵਲ ਇਕ ਵਾਰ ਵੇਖਿਆ ਤੇ ਫੇਰ ਕਮਰਾ ਛਡਕੇ ਚਲੀ ਗਈ।

ਚਾਰ ਪੰਜ ਦਿਨ ਲੰਘ ਗਏ, ਪਰ ਹੇਮਾਂਗਨੀ ਦਾ ਬੁਖਾਰ ਨ ਲੱਥਾ, ਕਲ ਡਾਕਟਰ ਆਖ ਗਿਆ ਸੀ ਕਿ ਛਾਤੀ ਵਿਚ ਠੰਢ ਬਹਿ ਗਈ ਹੈ,ਅਜੇ ਤਰਕਾਲਾਂ ਦੇ ਦੀਵੇ ਜਗੇ ਸਨ ਕਿ 'ਲਲਤ' ਚੰਗੇ ਕਪੜੇ ਪਾਕੇ ਅੰਦਰ ਆਇਆ ਤੇ ਆਖਣ ਲੱਗਾ, 'ਮਾਂ ਅੱਜ ਦੱਤ ਬਾਬੂ ਦੇ ਘਰ ਪੁਤਲੀਆਂ ਦਾ ਤਮਾਸ਼ਾ ਹੋਵੇਗਾ ਮੈਂ ਵੇਖ ਆਵਾਂ ?'

ਮਾਂ ਨੇ ਕੁਝ ਹੱਸ ਕੇ ਆਖਿਆ, ਕਿਉਂ ਵੇ ਲਲਤ! ਅੱਜ ਪੰਜਾਂ ਛੇਆਂ ਦਿਨਾਂ ਤੋਂ ਤੇਰੀ ਮਾਂ ਬੀਮਾਰ ਪਈ ਹੋਈ ਹੈ ਤੂੰ ਕਦੇ ਇਕ ਵਾਰੀ ਕੋਲ ਆਕੇ ਵੀ ਨਹੀਂ ਬੈਠਾ।

ਲਲਤ ਸ਼ਰਮਿੰਦਾ ਜਿਹਾ ਹੋਕੇ ਸਿਰਹਾਣੇ ਆ ਬੈਠਾ। ਮਾਂ ਨੇ ਪਿਆਰ ਨਾਲ ਬੱਚੇ ਦੀ ਪਿੱਠ ਤੇ ਹੱਥ ਫੇਰ ਕੇ ਆਖਿਆ, ਜੇ ਮੈਂ ਰਾਜੀ ਨ ਹੋਵਾਂ ਤੇ ਮਰ ਜਾਵਾਂ ਤਾਂ ਤੂੰ ਕੀ ਕਰੇਂਗਾ ? ਖੂਬ ਰੋਵੇਂਗਾ ?

'ਛੱਡੋ ਮਾਂ ਜੀ ਇਹੋ ਜਹੀਆਂ ਗਲਾਂ ਨਾ ਕਰੋ, ਤੁਸੀਂ ਰਾਜੀ ਹੋ ਜਾਉਗੀਆਂ।' ਇਹ ਆਖ ਕੇ ਲਲਤ ਨੇ ਆਪਣੀ ਮਾਂ ਦੇ ਕਲੇਜੇ ਤੇ ਇਕ ਹੱਥ ਰੱਖ ਦਿੱਤਾ, ਮਾਂ ਬੱਚੇ ਦਾ ਹੱਥ ਆਪਣੇ ਹੱਥ ਵਿਚ ਫੜ ਕੇ ਚੁੱਪ ਹੋ ਰਹੀ। ਤਾਪ ਦੇ ਅੰਦਰ ਇਸ ਬੱਚੇ ਦੇ ਇਸ ਹੱਥ ਦੀ ਛੋਹ ਉਸ ਦੇ ਦਿਲ ਨੂੰ ਠੰਢ ਪਾ ਰਹੀ ਸੀ, ਉਹਦੀ ਇੱਛਾ ਹੋਈ ਕਿ ਸਮਾਂ ਏਦਾਂ ਹੀ ਬੀਤ ਜਾਏ। ਪਰ ਥੋੜੇ ਚਿਰ ਪਿਛੋਂ ਹੀ 'ਲਲਤ' ਜਾਣ ਵਾਸਤੇ ਤੜਫਣ ਲਗ ਪਿਆ, ਸ਼ਾਇਦ ਪੁਤਲੀਆਂ ਦਾ ਤਮਾਸ਼ਾ ਸ਼ੁਰੂ ਨ ਹੋ ਗਿਆ ਹੋਵੇ, ਇਸ ਖਿਆਲ ਨਾਲ ਓਹਦਾ ਮਨ ਡੋਲ ਰਿਹਾ ਸੀ। ਲੜਕੇ ਦੇ ਦਿਲ ਦੀ ਗੱਲ ਜਾਣਦੀ ਹੋਈ,

ਮਾਂ ਨੇ ਮਨ ਹੀ ਮਨ ਵਿਚ ਹਸਦੀ ਹੋਈ ਨੇ ਆਖਿਆ, 'ਚੰਗਾ ਜਾਹ ਵੇਖ ਆ, ਪਰ ਬਹੁਤਾ ਚਿਰ ਨਾ ਲਾਈ' ?

"ਨਹੀਂ ਮਾਂ ਮੈਂ ਛੇਤੀ ਹੀ ਆ ਜਾਊਂਗਾ" ।

ਇਹ ਆਖ, ਲਲਤ ਚਲਿਆ ਗਿਆ ਪਰ ਦੋਂਹ ਮਿੰਟਾਂ ਪਿਛੋਂ ਉਹ ਫੇਰ ਵਾਪਸ ਆਗਿਆ ਤੇ ਕਹਿਣ ਲੱਗਾ, "ਮਾਂ ਮੈਂ ਇਕ ਗੱਲ ਆਖਾਂ ?"

ਮਾਂ ਨੇ ਹਸਦਿਆਂ ਹਸਦਿਆਂ ਕਿਹਾ, "ਰੁਪਈਆ ਚਾਹੀਦਾ ਹੈ ? ਉਸ ਆਲੇ ਵਿਚ ਰੱਖੇ ਹੋਏ ਹਨ ਵੇਖੀਂ "ਇਕ ਤੋਂ ਵਧ ਨ ਖੜੀਂ ।"

"ਨਹੀਂ ਮਾਂ ਰੁਪਇਆ ਨਹੀਂ ਚਾਹੀਦਾ, ਦਸ ਮੇਰੀ ਗੱਲ ਸੁਣੇਗੀ ?

ਮਾਂ ਨੇ ਹੈਰਾਨੀ ਪ੍ਰਗਟ ਕਰਦਿਆਂ ਹੋਇਆਂ ਕਿਹਾ, "ਰੁਪਇਆ ਨਹੀਂ ਚਾਹੀਦਾ ? ਫੇਰ ਹੋਰ ਕੀ ਗੱਲ ਹੈ ?"

ਲਲਤ ਮਾਂ ਦੇ ਹੋਰ ਨੇੜੇ ਹੋਕੇ ਆਖਣ ਲਗਾ, "ਮਾਂ ਜ਼ਰਾ ਕਿਸ਼ਨ ਨੂੰ ਆਉਣ ਦਿਹ ਖਾਂ ? ਉਹ ਜਾਣੇ ਉਹ ਅੰਦਰ ਨਹੀਂ ਆਉਂਦਾ ਦਰਵਾਜੇ ਵਿਚ ਖਲੋਕੇ ਹੀ ਤੈਨੂੰ ਵੇਖ ਜਾਇਗਾ । ਉਹ ਕੱਲ ਵੀ ਬਾਹਰ ਬਹਿ ਕੇ ਚਲਿਆ ਗਿਆ ਸੀ ਤੇ ਅੱਜ ਫੇਰ ਬਾਹਰ ਬੈਠਾ ਹੋਇਆ ਹੈ ।"

ਹੇਮਾਂਗਨੀ ਬੇਚੈਨ ਜੇਹੀ ਹੋਕੇ ਉਠ ਬੈਠੀ ਤੇ ਕਹਿਣ ਲਗੀ, "ਜਾ ! ਜਾ ! ਜਾਕੇ ਕਿਸ਼ਨ ਨੂੰ ਭੇਜ ਵਿਚਾਰਾ ਬਾਹਰ ਬੈਠਾ ਹੋਇਆ ਹੈ ਤੁਸਾਂ ਮੈਨੂੰ ਕਿਉਂ ਨਹੀਂ ਦਸਿਆ ?"

"ਉਹ ਡਰਦਾ ਮਾਰਿਆ ਅੰਦਰ ਜੋ ਨਹੀਂ ਆਉਣਾ ਚਾਹੁੰਦਾ ।" ਇਹ ਆਖਕੇ 'ਲਲਤ' ਚਲਿਆ ਗਿਆ ਕੋਈ

ਇਕ ਮਿੰਟ ਪਿਛੋਂ ਕਿਸ਼ਨ ਅੰਦਰ ਆਇਆ ਤੇ ਜ਼ਮੀਨ ਵ
ਵੇਖਦਾ ਹੋਇਆ ਕੰਧ ਨਾਲ ਲੱਗ ਕੇ ਖਲੋ ਗਿਆ।

ਹੇਮਾਂਗਨੀ ਨੇ ਆਖਿਆ "ਆ ਭਰਾਵਾ ?"

ਕਿਸ਼ਨ ਉਸੇ ਤਰ੍ਹਾਂ ਚੁਪ ਚਾਪ ਖਲੋਤਾ ਰਿਹਾ
ਹੇਮਾਂਗਨੀ ਨੇ ਆਪ ਹੀ ਉਠਕੇ ਉਹਨੂੰ ਬਾਹੋਂ ਫੜਿਆ
ਵਿਛਾਉਣੇ ਤੇ ਲਿਆ ਬਠਾਇਆ। ਉਹਦੀ ਪਿੱਠ ਤੇ ਹ
ਫੇਰਦੀ ਹੋਈ ਨੇ ਆਖਿਆ, "ਕਿਉਂ ਵੇ ਕਿਸ਼ਨਾ ਉਸ ਦਿ
ਕੁਝ ਮੈਂ ਸਖਤ ਕੂਈ ਸਾਂ ਇਸੇ ਕਰਕੇ ਤੂੰ ਆਪਣੀ ਭੈਣ
ਭੁੱਲ ਗਿਆ ?"

ਇਕ ਵਾਰੀ ਹੀ ਕਿਸ਼ਨ ਫੁੱਟ ਫੁੱਟ ਕੇ ਰੋਣ ਲੱ
ਪਿਆ। ਹੇਮਾਂਗਨੀ ਕੁਝ ਹੈਰਾਨ ਹੋਈ। ਕਿਉਂਕਿ ਅ
ਤਕ ਕਿਸੇ ਨੇ ਕਿਸ਼ਨ ਨੂੰ ਰੋਂਦਿਆਂ ਨਹੀਂ ਵੇਖਿਆ ਸੀ
ਐਨੀਆਂ ਔਖਿਆਈਆਂ ਮਿਲਣ ਤੇ ਵੀ ਉਹ ਕਦੇ ਨਹ
ਰੋਇਆ ਸੀ। ਬੱਸ ਨੀਵੀਂ ਹੀ ਪਾਈ ਰਖਦਾ ਸੀ। ਇਹ
ਸੁਭਾ ਨੂੰ ਜਾਣਦੀ ਹੋਈ ਹੇਮਾਂਗਨੀ ਅਸਚਰਜ ਨਾਲ ਬੋਲੀ
ਵਾਹ ਰੋਣਾ ਕਿਸ ਗੱਲ ਦਾ ? ਕਿਤੇ ਬੀਬੇ ਬੱਚੇ
ਰੋਂਦੇ ਹਨ ?

ਇਹਦੇ ਜਵਾਬ ਵਿਚ ਕਿਸ਼ਨ ਨੇ ਧੋਤੀ ਦੇ ਪੱਲੇ
ਮੂੰਹ ਵਿਚ ਤੁੰਨ ਕੇ ਰੋਣ ਨੂੰ ਰੋਕਦੇ ਹੋਏ ਨੇ ਕਿਹਾ, "ਡਾਕਟ
ਨੇ ਆਖਿਆ ਹੈ ਕਿ ਕਲੇਜੇ ਵਿਚ ਸਰਦੀ ਬੈਠ ਗਈ ਹੈ।"

ਹੇਮਾਂਗਨੀ ਨੇ ਹਸਦਿਆਂ ਹੋਇਆਂ ਆਖਿਆ, ਵਾ
ਵਾਹ! ਤੂੰ ਚੰਗਾ ਮੁੰਡਾ ਏਂ ਇਸੇ ਕਰਕੇ ਰੋ ਰਿਹਾ ਏਂ ?

ਇਹ ਆਖਦਿਆਂ ਹੀ ਹੇਮਾਂਗਨੀ ਦੀਆਂ ਅੱਖਾਂ ਵਿ

ਅੱਥਰੂ ਟੱਪਕ ਪਏ। ਇਹਨੇ ਇਨ੍ਹਾਂ ਨੂੰ ਖੱਬੇ ਹੱਥ ਨਾਲ ਪੂੰਝਦੀ ਹੋਈ ਨੇ ਸੱਜਾ ਹੱਥ ਕਿਸ਼ਨ ਦੇ ਸਿਰ ਤੇ ਫੇਰ ਕੇ ਪਿਆਰ ਕਰਦੀ ਹੋਈ ਨੇ ਕਿਹਾ, "ਠੰਢ ਛਾਤੀ ਵਿਚ ਬਹਿ ਗਈ ਹੈ, ਡਾਕਟਰ ਨੇ ਭਾਵੇਂ ਕਿਹਾ ਹੋਵੇ, ਪਰ ਜੇ ਮੈਂ ਮਰ ਗਈ ਤਾਂ ਤੂੰ ਤੇ ਲਲਤ ਮਿਲ ਕੇ ਗੰਗਾ ਛਡ ਆਉਗੇ ? ਕਿਉਂ ਛਡ ਆਉਗੇ ਜਾਂ ਕਿ ਨਹੀਂ ?

ਇਸੇ ਵੇਲੇ ਕਾਦੰਬਨੀ, 'ਸੁਣਾ ਭੈਣ ਕੀ ਹਾਲ ਈ' ਆਖਦੀ ਹੋਈ ਦਰਵਾਜੇ ਤੇ ਆ ਖੜੀ ਹੋਈ। ਥੋੜਾ ਚਿਰ ਕਿਸ਼ਨ ਵਲ ਤਿੱਖੀਆਂ ਨਜ਼ਰਾਂ ਨਾਲ ਵੇਖਦੀ ਰਹੀ। ਫੇਰ ਕਹਿਣ ਲੱਗੀ, 'ਆਹ ਲੌ ਇਹ ਮਰ ਮਿਟ ਜਾਣਾ ਅੱਗੇ ਦਾ ਅੱਗੇ ਹੀ ਰਹਿੰਦਾ ਹੈ। ਇਹ ਕੀ ਇਹ ਭੈਣ ਜੀ ਦੇ ਸਾਹਮਣੇ ਰੋ ਰੋ ਕੇ ਫਾਵਾ ਹੋ ਰਿਹਾ ਹੈ। ਇਹ ਪਾਖੰਡੀ ਕਿੰਨੇ ਪਖੰਡ ਕਰਨ. ਜਾਣਦਾ ਹੈ।'

ਬਹੁਤ ਹੀ ਕਮਜ਼ੋਰ ਹੋ ਜਾਣ ਦੇ ਕਾਰਨ ਹੇਮਾਂਗਨੀ ਹੁਣੇ ਹੀ ਸਰਹਾਣੇ ਦੇ ਆਸਰੇ ਲੇਟੀ ਸੀ। ਹੁਣ ਉਹ ਤੀਰ ਵਾਂਗੂੰ ਸਿੱਧੀ ਉਠਕੇ ਬਹਿਗਈ ਤੇ ਬੋਲੀ, 'ਭੈਣ ਮੈਨੂੰ ਛਿਆਂ ਸਤਾਂ ਦਿਨਾਂ ਤੋਂ ਤਾਪ ਚੜ੍ਹ ਰਿਹਾ ਹੈ ਤੇਰੇ ਪੈਰੀ ਪੈਨੀ ਹਾਂ ਕਿ ਹੁਣ ਤੂੰ ਚਲੀ ਜਾਹ।'

ਕਾਦੰਬਨੀ ਪਹਿਲਾਂ ਤਾਂ ਕੁਝ ਝਿਜਕੀ ਪਰ ਫੇਰ ਆਪਣੇ ਆਪਨੂੰ ਸੰਭਾਲਕੇ ਬੋਲੀ, ਵੀਵੀ ਜੀ ਮੈਂ ਤੈਨੂੰ ਤਾਂ ਕੁਝ ਨਹੀਂ ਆਖਿਆ, ਆਪਣੇ ਭਰਾ ਨਾਲ ਹੀ ਚੰਗੀਆਂ ਮਾੜੀਆਂ ਕਰ ਰਹੀ ਹਾਂ ਇਸ ਗਲ ਤੋਂ ਤੂੰ ਕਿਉਂ ਵੱਢਣ ਪੈਨੀ ਏਂ ?

ਹੇਮਾਂਗਨੀ ਨੇ ਆਖਿਆ, ਤੇਰੀਆਂ ਝਿੜਕਾਂ ਤਾਂ ਰਾਤ ਦਿਨੇ ਹੀ ਚਲਦੀਆਂ ਰਹਿੰਦੀਆਂ ਨੇ । ਇਹਦੇ ਨਾਲ ਘਰ ਜਾਕੇ ਜਿੱਦਾਂ ਮਰਜੀ ਹੋਵ ਕਰ ਲੈਣਾ। ਇਥੇ ਮੇਰੇ ਮਾਹਮਣੇ ਇਹਨੂੰ ਕੁਝ ਆਖਣ ਦੀ ਲੋੜ ਨਹੀਂ ਤੇ ਨਾ ਹੀ ਮੈਂ ਕੁਝ ਆਖਣ ਹੀ ਦੇਣਾ ਹੈ।

'ਕਿਉਂ ਕੀਕੂ ਘਰੋਂ ਕਢ ਦੇਵੇਂਗੀ ?'

ਹੇਮਾਂਗਨੀ ਨੇ ਹਥ ਜੋੜ ਕੇ ਆਖਿਆ, ਭੈਣ ਮੇਰੀ ਤਬੀਅਤ ਬਹੁਤ ਹੀ ਖਰਾਬ ਹੈ। ਮੈਂ ਤੇਰੇ ਪੈਰੀਂ ਪੈਨੀ ਹਾਂ ਜਾਂ ਤਾਂ ਚੁਪ ਰਹੋ ਤੇ ਜਾਂ ਚਲੀ ਜਾਹ।

ਕਾਦੰਬਨੀ ਨੇ ਆਖਿਆ,"ਆਪਣੇ ਭਰਾ ਨੂੰ ਵੀ ਨਹੀਂ ਤਾੜ ਸਕਦੀ ?"

ਹੇਮਾਂਗਨੀ ਨੇ ਜੁਵਾਬ ਦਿੱਤਾ, 'ਆਪਣੇ ਘਰ ਜਾਕੇ।'

ਹਾਂ ਘਰ ਜਾ ਕੇ ਤਾਂ ਇਹਦੀ ਚੰਗੀ ਤਰ੍ਹਾਂ ਹੀ ਖਬਰ ਲਵਾਂਗੀ, ਮੇਰੇ ਨਾ ਦੀਆਂ ਚੁਗਲੀਆਂ ਜੋ ਕੀਤੀਆਂ ਗਈਆਂ ਹਨ ਸਭ ਇਸ ਦੇ ਢਿਡ ਵਿਚੋਂ ਕਢਾਂਗੀ। ਝੂਠਿਆਂਦਾ ਨਾਨਾ। ਮੈਂ ਆਖਿਆ ਜ਼ਰਾ ਬਾਹਰੋਂ ਘਾਹ ਖੋਤ ਲਿਆ ਤਾਂ ਆਖਣ ਲੱਗਾ, "ਭੈਣ ਹੱਥ ਜੁੜਾ ਲਾ ਅੱਜ ਪੁਤਲੀਆਂ ਦਾ ਤਮਾਸ਼ਾ ਵੇਖ ਲੈਣ ਦਿਹ।" ਕਿਉਂ ਵੇ ਤੇਰਾ ਪੁਤਲੀਆਂ ਦਾ ਤਮਾਸ਼ਾ ਇੱਥੇ ਹੋ ਰਿਹਾ ਏ ? ਇਹ ਆਖ ਕੇ ਕਾਦੰਬਨੀ ਦਬਾ ਦਬ ਚਲੀ ਗਈ।

ਹੇਮਾਂਗਨੀ ਕੁਝ ਚਿਰ ਬੁਤ ਵਾਂਗੂ ਬੈਠੀ ਰਹੀ, ਫੇਰ ਲੰਮੀ ਪੈਕੇ ਬੋਲੀ, ਕਿਸ਼ਨ ਤੂੰ ਪੁਤਲੀਆਂ ਦਾ ਤਮਾਸ਼ਾ ਵੇਖਣ ਕਿਉਂ ਨਹੀਂ ਗਿਆ ? ਜੇ ਚਲਿਆ ਜਾਂਦੋਂ ਤਾਂ ਇਹ ਗੱਲਾਂ

ਕਿਉਂ ਹੁੰਦੀਆਂ ? ਜਦੋਂ ਇਹ ਤੈਨੂੰ ਨਹੀਂ ਆਉਣ ਦੇਂਦੇ ਤਾਂ ਮੇਰੇ ਕੋਲ ਨਾ ਆਇਆ ਕਰ।

ਕਿਸ਼ਨ ਬਿਨਾ ਕੁਝ ਕਹੇ ਸੁਣੇ ਦੇ ਚੁਪ ਚਾਪ ਚਲਿਆ ਗਿਆ, ਪਰ ਥੋੜੀ ਦੂਰੋਂ ਫੇਰ ਮੁੜ ਆਇਆ ਤੇ ਆਖਣ ਲੱਗਾ, "ਸਾਡੇ ਪਿੰਡ ਦੀ ਵਿਸ਼ਾਲੀ ਦੇਵੀ ਬਹੁਤ ਕਲਾ ਵਾਲੀ ਹੈ। ਉਹਦੀ ਪੂਜਾ ਦਿੱਤਿਆਂ ਸਭ ਬੀਮਾਰੀਆਂ ਹਟ ਜਾਂਦੀਆਂ ਹਨ, ਭੈਣ ਤੂੰ ਵੀ ਪੂਜਾ ਦੇ ਦਿਹ, ਰਾਜ਼ੀ ਹੋ ਜਾਏਂਗੀ।"

ਹੁਣ ਇਹ ਵਾਧੂ ਦਾ ਝਗੜਾ ਹੋ ਜਾਣ ਕਰਕੇ ਹੇਮਾਂਗਨੀ ਦਾ ਦਿਲ ਬਹੁਤ ਹੀ ਖਰਾਬ ਹੋ ਚੁਕਿਆ ਸੀ। ਲੜਾਈ ਝਗੜਾ ਤਾਂ ਰੋਜ ਹੁੰਦਾ ਹੈ, ਇਸ ਗਲੋਂ ਨਹੀਂ, ਪਰ ਇਹ ਬਹਾਨਾ ਹੱਥ ਆ ਜਾਣ ਨਾਲ ਕਿਸ਼ਨ ਵਿਚਾਰੇ ਨਾਲ ਕਿੱਦਾਂ ਹੋਵੇਗੀ। ਇਹ ਸੋਚ ਸੋਚ ਕੇ ਉਸ ਦੀ ਛਾਤੀ ਫਟੀ ਜਾ ਰਹੀ ਸੀ।

ਕਿਸ਼ਨ ਜਦੋਂ ਫੇਰ ਮੁੜ ਆਇਆ ਤਾਂ ਹੇਮਾਂਗਨੀ ਉਠ ਕੇ ਬਹਿ ਗਈ। ਉਹਨੂੰ ਆਪਣੇ ਕੋਲ ਬਿਠਾ ਕੇ ਉਹਦੀ ਪਿੱਠ ਤੇ ਹੱਥ ਫੇਰਦੀ ਹੋਈ ਬੋਲੀ, ਜੇ ਮੈਂ ਰਾਜ਼ੀ ਹੋ ਜਾਊਂਗੀ ਤਾਂ ਤੈਨੂੰ ਚੰਗੀ ੨ ਪੂਜਾ ਦੇਣ ਵਾਸਤੇ ਭੇਜ ਦੇਵਾਂਗੀ। ਇਕੱਲਾ ਚਲਿਆ ਜਾਵੇਂਗਾ ?"

ਕਿਸ਼ਨ ਖੁਸ਼ੀ ਨਾਲ ਭੜਕ ਉਠਿਆ ਕਹਿਣ ਲੱਗਾ 'ਕਿਉਂ ਨਹੀਂ ? ਮੈਂ ਖ਼ੂਬ ਮਜ਼ੇ ਨਾਲ ਇਕੱਲਾ ਹੀ ਤੁਰ ਜਾਵਾਂਗਾ। ਭੈਣ ਤੂੰ ਮੈਨੂੰ ਹੁਣੇ ਹੀ ਕਿਉਂ ਨਹੀਂ ਭੇਜ ਦੇਂਦੀ, ਇਕ ਰੁਪੇ ਦੀ ਤਾਂ ਗੱਲ ਹੈ। ਮੈਂ ਕੱਲ ਹੀ ਪੂਜਾ ਦੇਕੇ ਤੈਨੂੰ ਪ੍ਰਸਾਦ ਲਿਆ ਦੇਵਾਂਗਾ ਜਿਸਨੂੰ ਖਾਕੇ ਤੂੰ ਤੰਦਰੁਸਤ

ਹੋ ਜਾਵੇਂਗੀ।

ਹੇਮਾਂਗਨੀ ਨੇ ਵੇਖਿਆ ਕਿ ਇਹ ਜਾਣ ਲਈ ਕਿੰਨਾ ਕਾਹਲਾ ਪੈ ਰਿਹਾ ਹੈ। ਉਹਨੇ ਆਖਿਆ, ਪਰ ਤੇਰੇ ਜਾਣ ਤੇ ਮੁੜ ਆਉਣ ਦੀ ਖਬਰ ਨੂੰ ਜਦ ਉਹਨਾਂ ਸੁਣ ਲਿਆ ਤਾਂ ਫੇਰ ਕੀ ਬਣੇਗਾ ?"

ਇਹ ਸੁਣਕੇ ਪਹਿਲਾਂ ਤਾਂ ਕਿਸ਼ਨ ਕੁਝ ਘਬਰਾਇਆ ਪਰ ਫੇਰ ਕਹਿਣ ਲੱਗਾ ? ਉਹ ਜਾਣੇ ਜੋ ਹੋਊ ਵੇਖੀ ਜਾਊ, ਜਾਨੋਂ ਤਾਂ ਨਹੀਂ ਮਾਰ ਦੇਂਦੇ।"

ਹੇਮਾਂਗਨੀ ਦੀਆਂ ਅੱਖਾਂ ਵਿਚ ਫੇਰ ਪ੍ਰੇਮ ਆਂਸੂ ਆਏ ਕਹਿਣ ਲੱਗੀ, ਵੇ ਕਿਸ਼ਨ ਮੈਂ ਤੇਰੀ ਕੀ ਲੱਗਦੀਆਂ ਜੋ ਤੂੰ ਮੇਰਾ ਐਨਾ ਫਿਕਰ ਕਰਨ ਡਿਹਾ ਹੋਇਆਂ ਏਂ ?

ਭਲਾ ਇਸ ਸੁਵਾਲ ਦਾ ਜੁਵਾਬ ਕਿਸ਼ਨ ਕੀ ਦੇਵੇ ? ਉਹ ਕਿੱਦਾਂ ਦੱਸੇ ਕਿ ਉਸਦਾ ਦੁਖੀ ਦਿਲ ਰਾਤ ਦਿਨ ਮਾਂ ਦੇ ਪਿਆਰ ਨੂੰ ਲਭਦਾ ਫਿਰਦਾ ਹੈ ਤੇ ਉਸਦੀ ਨਿੱਘ ਇੱਥੋਂ ਹੀ ਮਿਲਦੀ ਹੈ। ਕਿਸ਼ਨ ਨੇ ਥੋੜਾ ਚਿਰ ਹੇਮਾਂਗਨੀ ਦੇ ਮੂੰਹ ਵੱਲ ਵੇਖ ਕੇ ਆਖਿਆ, ਤੇਰਾ ਰੋਗ ਜੋ ਨਹੀਂ ਹੱਟਦਾ, ਛਾਤੀ ਵਿਚ ਸਰਦੀ ਬਹਿ ਗਈ ਹੈ ਮੈਨੂੰ ਇਸੇ ਦਾ ਫਿਕਰ ਹੈ।

"ਸਰਦੀ ਬਹਿ ਗਈ ਹੈ ਤਾਂ ਤੈਨੂੰ ਐਨਾ ਫਿਕਰ ਕਿਉਂ ਹੈ ?

ਕਿਸ਼ਨ ਨੇ ਹੈਰਾਨ ਹੋਕੇ, "ਚਿੰਤਾ ਕਿਉਂ ਨ ਹੋਵੇ ਭੈਣ ਸਰਦੀ ਦਾ ਬਹਿ ਜਾਣਾ ਕੋਈ ਮਾਮੂਲੀ ਗੱਲ ਹੈ, ਜੇ ਬੀਮਾਰੀ ਵਧ ਜਾਏ ਤਾਂ ਫੇਰ ?"

"ਤਾਂ ਫੇਰ ਮੈਂ ਤੈਨੂੰ ਸਦ ਲਵਾਂਗੀ, ਪਰ ਬਿਨਾਂ ਸੱਦੇ

ਨ ਆਉਣਾ।"

"ਕਿਉਂ ਭੈਣ ?"

ਹੇਮਾਂਗਨੀ ਨੇ ਪੱਕੇ ਇਰਾਦੇ ਨਾਲ ਸਿਰ ਹਿਲਾਕੇ ਆਖਿਆ, "ਨਹੀਂ ਹੁਣ ਮੈਂ ਤੈਨੂੰ ਇੱਥੇ ਨਹੀਂ ਆਉਣ ਦਿਆਂਗੀ। ਜੇ ਤੂੰ ਬਿਨਾਂ ਮੇਰੇ ਸੱਦੇ ਦੇ ਆਵੇਂਗਾ ਤਾਂ ਮੈਂ ਸਖਤ ਨਾਰਾਜ਼ ਹੋਵਾਂਗੀ।"

ਕਿਸ਼ਨ ਨੇ ਆਖਿਆ, "ਚੰਗਾ ਕਲ ਸਵੇਰੇ ਕਿਸ ਵੇਲੇ ਸੱਦੇਂਗੀ ?"

ਕੀ ਕੱਲ ਫੇਰ ਤੂੰ ਆਵੇਂਗਾ ?

ਕਿਸ਼ਨ ਕੁਝ ਭੁਖਿਆ ਜਿਹਾ ਵਾਂਗੂ ਕਹਿਣ ਲੱਗਾ, "ਸਵੇਰੇ ਨਾ ਸਹੀ ਦੁਪਹਿਰ ਨੂੰ ਹੀ ਆ ਜਾਵਾਂਗਾ। ਇਸ ਵੇਲੇ ਇਹਦੇ ਚਿਹਰੇ ਤੇ ਐਹੋ ਜਹੇ ਬੇਚੈਨੀ ਤੇ ਭਾਵ ਆ ਗਏ ਕਿ ਜਿਨ੍ਹਾਂ ਨੂੰ ਵੇਖ ਕੇ ਖੁਦ ਹੇਮਾਂਗਨੀ ਨੂੰ ਬਹੁਤ ਤਰਸ ਆਇਆ। ਪਰ ਬਿਨਾਂ ਸਖਤ ਹੋਇਆਂ ਕੰਮ ਨਹੀਂ ਸੀ ਚਲ ਸਕਦਾ ਸਾਰਿਆਂ ਜਣਿਆਂ ਮਿਲਕੇ ਜੋ ਇਸ ਅਨਾਥ ਬਾਲਕ ਨੂੰ ਸਤਾਉਣਾ ਸ਼ੁਰੂ ਕੀਤਾ ਹੋਇਆ ਸੀ ਏਦਾਂ ਕੀਤੇ ਤੋਂ ਬਿਨਾਂ ਉਸ ਵਿਚ ਕੁਝ ਫਰਕ ਨਹੀਂ ਸੀ ਪੈ ਸਕਦਾ। ਉਹ ਤਾਂ ਭੈਣ ਨੂੰ ਵੇਖਣ ਲਈ ਹਰ ਦੰਡ ਨੂੰ ਸਿਰ ਤੇ ਸਹਾਰਕੇ ਵੀ ਆ ਸਕਦਾ ਸੀ, ਪਰ ਭੈਣ ਪਾਸੋਂ ਇਹ ਨਹੀਂ ਸੀ ਸਹਾਰਿਆ ਜਾਂਦਾ।

ਹੇਮਾਂਗਨੀ ਫੇਰ ਅਖਾਂ ਭਰ ਲਿਆਈ, ਉਹਨੇ ਮੂੰਹ ਦੂਜੇ ਪਾਸੇ ਕਰਕੇ ਕਿਹਾ, 'ਮੈਨੂੰ ਤੰਗ ਨ ਕਰ ਕਿਸ਼ਨ ਏਥੋਂ ਚਲਿਆ ਜਾਹ। ਜਦੋਂ ਸੱਦਾਂ ਓਦੋਂ ਆਇਆ ਕਰ। ਜਦੋਂ

ਤੇਰਾ ਜੀ ਚਾਹੇ ਓਵੇਂ ਹੀ ਆਕੇ ਮੈਨੂੰ ਤੰਗ ਨ ਕਰਿਆ ਕਰ।

'ਨਹੀਂ ਮੈਂ ਤੰਗ ਤਾਂ ਨਹੀਂ ਕਰਦਾ''।

ਇਹ ਆਖਕੇ ਆਪਣਾ ਸਹਿਮਿਆ ਮੂੰਹ ਲੈਕੇ ਉ
ਵਾਪਸ ਚਲਿਆ ਗਿਆ।

ਹੁਣ ਹੇਮਾਂਗਨੀ ਦੀਆਂ ਅਖੀਆਂ ਵਿਚੋਂ ਸੋਮੇ ਵਾਂ
ਅਥਰੂ ਵਗਣ ਲਗ ਪਏ ਓਹਨੂੰ ਸਾਫ ਦਿਸ ਪਿਆ ਕਿ
ਇਹ ਵਿਚਾਰਾ ਆਪਣੀ ਮਾਂ ਗੁਆਕੇ ਮੈਨੂੰ ਹੀ ਆਪਣੀ ਮ
ਸਮਝ ਰਿਹਾ ਹੈ। ਮੇਰੇ ਹੀ ਪਲੇ ਨੂੰ ਆਪਣੇ ਸਿਰ ਤੇ ਲੈ
ਲਈ,ਕੰਗਾਲਾਂ ਵਾਂਗੂ ਪਤਾ ਨਹੀਂ ਕੀ ਕੀ ਕਰਦਾ ਫਿਰਦਾ ਹੈ

ਹੇਮਾਂਗਨੀ ਨੇ ਅੱਖਾਂ ਪੂੰਝ ਕੇ ਆਖਿਆ ਕਿਸ਼ਨ ਤੂੰ ਤ
ਸਿਰਫ ਉਦਾਸ ਜਿਹਾ ਮੂੰਹ ਬਣਾਕੇ ਹੀ ਚਲਿਆ ਗਿਆ ਏਂ
ਤੇਰੀ ਭੈਣ ਤਾਂ ਐਨੀ ਅਭਾਗੀ ਹੈ ਕਿ ਤੈਨੂੰ ਪਿਆਰ ਕਰਦਿਆ
ਹੋਇਆਂ ਵੀ ਖਿੱਚ ਕੇ ਗਲ ਨਾਲ ਨਹੀਂ ਲਾ ਸਕਦੀ, ਇਹ
ਨਾਲੋਂ ਵਧ ਕੇ ਤਰਸ ਯੋਗ ਹਾਲਤ ਕਿਸਦੀ ਹੈ।

ਉਮਾਂ ਨੇ ਆਖਿਆ, ਮਾਂ ਕਲ ਕਿਸ਼ਨ ਮਾਮਾ ਤਮਾ
ਜਾਣ ਦੀ ਥਾਂ ਤੇਰੇ ਕੋਲ ਆ ਬੈਠਾ ਸੀ ਏਸ ਕਰਕੇ ਤਾਏ
ਉਸ ਨੂੰ ਐਨਾਂ ਮਾਰਿਆ ਕਿ ਉਸਦੀਆਂ ਨਾਸਾਂ ਵਿਚੋਂ ਲ
ਨਿਕਲ ਆਇਆ ਹੈ।'

ਹੇਮਾਂਗਨੀ ਨੇ ਆਖਿਆ, 'ਚੰਗਾ ਜੋ ਹੋਗਿਆ ਸੋ ਠੀ
ਹੈ ਤੂੰ ਇਥੋਂ ਭਜ ਜਾਹ।'

ਅਚਾਨਕ ਝਿੜਕ ਖਾਕੇ ਉਮਾਂ ਤ੍ਰਬਕ ਪਈ। ਓ
ਹੋਰ ਕੁਝ ਨਾ ਆਖਕੇ ਚੁੱਪ ਚਾਪ ਜਾ ਰਹੀ ਸੀ ਕਿ ਮਾਂ ਨੇ ਫ
ਬੁਲਾ ਲਿਆ। ਨੀ ਸੁਣ ਨੀ ਨਕੋਂ ਬਹੁਤਾ ਲਹੂ ਗਿਆ ਸੀ

ਉਮਾਂ ਨੇ ਆਖਿਆ ਨਹੀਂ, ਥੋੜਾ ਜਿਹਾ ਹੀ ਗਿਆ ਸੀ।

'ਚੰਗਾ ਤੂੰ ਜਾਹ !'

ਦਰਵਾਜ਼ੇ ਕੋਲ ਪਹੁੰਚ ਕੇ ਉਮਾਂ ਨੇ ਆਖਿਆ ਵੇਖ ਮਾਂ, ਕਿਸ਼ਨ ਮਾਮਾ ਤਾਂ ਇਥੇ ਖੜੇ ਹਨ।

ਕਿਸ਼ਨ ਨੇ ਇਹ ਗਲ ਸੁਣ ਲਈ, ਉਸ ਨੇ ਉਥੋਂ ਹੀ ਆਖਿਆ 'ਭੈਣ ਜੀ ਕੀ ਹਾਲ ਹੈ ?'

ਦਰਦ ਤੇ ਅਪਮਾਨ ਦੇ ਮਾਰਿਆਂ ਹੇਮਾਂਗਨੀ ਪਾਗਲਾਂ ਵਾਂਗੂ ਚੀਕ ਪਈ, 'ਇਥੇ ਕੀ ਕਰਨ ਆਇਆਏਂ ਚਲਿਆ ਜਾਹ ਇਥੋਂ ਦਫਾ ਹੋ ਜਾਹ !'

ਕਿਸ਼ਨ ਬੇਵਕੂਫਾਂ ਵਾਂਗੂੰ ਅਖਾਂ ਪਾੜ ਪਾੜ ਕੇ ਵੇਖਣ ਲਗ ਪਿਆ।ਹੇਮਾਂਗਨੀ ਨੇ ਹੋਰ ਵੀ ਗੁੱਸੇ ਨਾਲ ਆਖਿਆ ਤੂੰ ਅਜੇ ਤੱਕ ਇਥੇ ਕੀ ਕਰਦਾ ਏਂ ? ਗਿਆ ਕਿਉਂ ਨਹੀਂ ?

ਕਿਸ਼ਨ, 'ਚਲਿਆ ਜਾਨਾ ਹਾਂ' ਆਖਕੇ ਨੀਵੀਂ ਪਾਈ ਚਲਿਆ ਗਿਆ। ਇਹਦੇ ਚਲੇ ਜਾਣ ਪਿਛੋਂ, ਹੇਮਾਂਗਨੀ ਪਲੰਘ ਦੇ ਇਕ ਸਿਰੇ ਮੁਰਦਿਆਂ ਵਾਂਗੂ ਪੈਕੇ ਮੂੰਹ ਵਿਚ ਹੀ ਬੁੜਬੁੜਾਉਣ ਲਗੀ, ਇਸ ਨੂੰ ਕਈ ਵਾਰੀ ਆਖਿਆ ਹੈ ਕਿ ਮੇਰੇ ਕੋਲ ਨ ਆਇਆ ਕਰ, ਪਰ ਫੇਰ ਆਕੇ ਉਹ ਭੈਣ ਜੀ ਕੀ......।'ਉਮਾਂ ਜਾ ਜ਼ਰਾ ਸ਼ੰਭੂ ਨੂੰ ਆਖ ਆ ਕਿ ਇਸ ਨੂੰ ਅੰਦਰ ਨ ਆਉਣ ਦਿਆ ਕਰੇ।

ਉਮਾਂ ਨੇ ਕੋਈ ਜਵਾਬ ਨ ਦਿਤਾ। ਉਹ ਚੁਪ ਚਾਪ ਬਾਹਰ ਚਲੀ ਗਈ। ਰਾਤ ਨੂੰ ਹੇਮਾਂਗਨੀ ਨੇ ਆਪਣੇ ਘਰ ਵਾਲੇ ਨੂੰ ਸਦ ਕੇ ਭਰੀ ਹੋਈ ਅਵਾਜ਼ ਨਾਲ ਆਖਿਆ, ਅੱਜ

ਤੱਕ ਮੈਂ ਤੁਹਾਥੋਂ ਕੁਝ ਨਹੀਂ ਮੰਗਿਆ। ਅੱਜ ਬੀਮਾਰ ਪਈ ਹੋਈ ਇਕ ਖੈਰ ਮੰਗਦੀ ਹਾਂ। ਦੇਉਗੇ ?

ਵਿਪਿਨ ਨੇ ਕਿਹਾ "ਕੀ ਚਾਹੁੰਦੀ ਏਂ ?"

ਹੇਮਾਂਗਨੀ ਨੇ ਆਖਿਆ ਕਿਸ਼ਨ ਨੂੰ ਮੈਨੂੰ ਦੇ ਦਿਉ। ਉਹ ਬਹੁਤ ਦੁਖੀ ਹੈ, ਉਸਦਾ ਮਾਂ ਪਿਉ ਹੈ ਨਹੀਂ ਉਹ ਲੋਕ ਉਹਨੂੰ ਬਹੁਤ ਹੀ ਤੰਗ ਕਰ ਰਹੇ ਹਨ। ਮੈਥੋਂ ਆਪਣੀਆਂ ਅੱਖਾਂ ਨਾਲ ਵੇਖਿਆ ਨਹੀਂ ਜਾਂਦਾ।

ਵਿਪਿਨ ਨੇ ਮੁਸਕ੍ਰਾਉਂਦਿਆਂ ਕਿਹਾ, ਬਸ ਅੱਖਾਂ ਬੰਦ ਕਰ ਲੈ ਸਾਰੇ ਝਗੜੇ ਨਿਬੜ ਜਾਣਗੇ।'

ਸੁਆਮੀ ਦਾ ਇਹ ਹਾਸਾ ਹੇਮਾਂਗਨੀ ਦੇ ਕਲੇਜੇ ਵਿਚ ਤੀਰ ਵਾਂਗੂ ਲੱਗਾ, ਹੋਰ ਕਿਸੇ ਹਾਲਤ ਵਿਚ ਤਾਂ ਉਹ ਇਹਨੂੰ ਨਾਂ ਸਹਾਰ ਸਕਦੀ, ਪਰ ਅੱਜ ਦੁੱਖ ਨਾਲ ਉਹਦੀ ਜਾਨ ਨਿਕਲਦੀ ਜਾ ਰਹੀ ਸੀ ! ਇਸੇ ਕਰਕੇ ਉਸਨੇ ਇਹ ਸਭ ਕੁਝ ਸਹਿ ਲਿਆ। ਹੱਥ ਜੋੜ ਕੇ ਆਖਣ ਲੱਗੀ, "ਮੈਂ ਤੁਹਾਡੇ ਹੀ ਚਰਨਾਂ ਦੀ ਸੌਂਹ ਖਾਕੇ ਆਖਦੀ ਹਾਂ ਕਿ ਮੈਂ ਉਸਨੂੰ ਢਿੱਡ ਦੇ ਜਾਏ ਵਾਂਗੂ ਰਖਾਂਗੀ, ਉਹ ਨੂੰ ਖਿਲਾ ਪਿਲਾ ਕੇ ਜਵਾਨ ਕਰਾਂਗੀ, ਇਸਤੋਂ ਪਿੱਛੋਂ ਜਿਦਾਂ ਤੁਹਾਡੀ ਮਰਜ਼ੀ ਹੋਵੇ ਕਰ ਲੈਣਾ।

ਵਿਪਿਨ ਨੇ ਕੁਝ ਨਰਮ ਹੋਕੇ ਆਖਿਆ, ਉਹ ਕੋਈ ਮੁਲ ਵਿਕਦੀ ਬਾਜ਼ੀ ਹੈ ਜਿਹੜੀ ਮੈਂ ਲਿਆ ਦਿਆਂ ? ਕਿਸੇ ਦਾ ਲੜਕਾ ਹੈ ਕਿਸੇ ਦੇ ਘਰ ਆਇਆ ਹੈ ਤੂੰ ਵਿੱਚ ਐਵੇਂ ਹੀ ਲੱਤਾਂ ਅੜਾ ਕੇ ਔਖੀ ਹੋਣ ਡਹੀ ਹੋਈ ਏਂ ? "ਤੈਨੂੰ ਐਨਾ ਦਰਦ ਕਿਉਂ ਮਹਿਸੂਸ ਹੁੰਦਾ ਹੈ ?"

ਹੇਮਾਂਗਨੀ ਰੋ ਪਈ। ਥੋੜੇ ਚਿਰ ਪਿੱਛੋਂ ਉਸ ਅੱਥਰੂ ਪੂੰਝਦੀ ਹੋਈ ਨੇ ਕਿਹਾ, ਜੇ ਤੁਸੀਂ ਚਾਹੋ ਤਾਂ ਜਿਠਾਣੀ ਪਾਸੋਂ ਲੈ ਸਕਦੇ ਹੋ। ਮੈਂ ਤੁਹਾਡੀ ਪੈਰੀ ਪੈਨੀ ਹਾਂ ਕਿ ਜਰੂਰ ਲਿਆ ਦਿਉ।"

ਵਿਪਿਨ ਨੇ ਆਖਿਆ, ਮੰਨ ਲਓ ਕਿ ਏਦਾਂ ਹੋ ਵੀ ਗਿਆ। ਪਰ ਫੇਰ ਅਸੀਂ ਕਿਹੜੇ ਅਮੀਰ ਹਾਂ ਜੋ ਉਹਨੂੰ ਖੁਆ ਸਕਾਂਗੇ ?

ਹੇਮਾਂਗਨੀ ਨੇ ਆਖਿਆ, ਅੱਗੇ ਤੁਸੀਂ ਮੇਰੀ ਮਾਮੂਲੀ ਗਲ ਵੀ ਮੰਨ ਲੈਂਦੇ ਸਾਉ, ਪਰ ਹੁਣ ਮੈਥੋਂ ਕੀ ਅਪ੍ਰਾਧ ਹੋ ਗਿਆ ਹੈ। ਮੈਂ ਸੱਚ ਆਖਦੀ ਹਾਂ ਕਿ ਮੇਰੇ ਪ੍ਰਾਣ ਨਿਕਲਣ ਵਾਲੇ ਹਨ, ਦਿਲ ਸੜ ਰਿਹਾ ਹੈ। ਪਰ ਫੇਰ ਵੀ ਤੁਸੀਂ ਮੇਰੀ ਇਹ ਗੱਲ ਨਹੀਂ ਮੰਨਣਾ ਚਾਹੁੰਦੇ। ਉਹ ਤਾਂ ਵਿਚਾਰਾ ਭੈੜੀ ਕਿਸਮਤ ਵਾਲਾ ਤੁਹਾਡੇ ਵੱਸ ਪੈ ਹੀ ਗਿਆ। ਤੁਸੀਂ ਹੁਣ ਉਹਨੂੰ ਮਾਰਕੇ ਹੀ ਬੱਸ ਕਰਨਾ ਹੈ? ਮੈਂ ਉਹ ਨੂੰ ਆਪਣੇ ਕੋਲ ਜ਼ਰੂਰ ਸੱਦ ਲੈਣਾ ਹੈ, ਵੇਖਾਂਗੀ ਕਿ ਲੋਕੀਂ ਕੀ ਆਖਦੇ ਹਨ।

ਵਿਪਿਨ ਨੇ ਆਖਿਆ, "ਮੈਥੋਂ ਉਸਨੂੰ ਰੋਟੀ ਕਪੜਾ ਨਹੀਂ ਦਿੱਤਾ ਜਾਣਾ।"

ਹੇਮਾਂਗਨੀ ਨੇ ਆਖਿਆ, ਮੈਂ ਦਿਆਂਗੀ ਰੋਟੀ ਕਪੜਾ। ਕੀ ਮੇਰਾ ਘਰ ਨਹੀਂ ? ਮੈਂ ਆਪਣੇ ਬੱਚੇ ਨੂੰ ਸਭ ਕੁਝ ਦੇ ਸਕਦੀ ਹਾਂ। ਮੈਂ ਕੱਲ ਹੀ ਉਹਨੂੰ ਸਦਕੇ ਆਪਣੇ ਪਾਸ ਰੱਖਾਂਗੀ। ਜੇ ਜੇਠਾਣੀ ਬਹੁਤਾ ਉਰਾ ਪਰਾ ਕਰੇਗੀ ਤਾਂ ਉਸਨੂੰ ਠਾਣੇ ਘੱਲ ਦਿਆਂਗੀ।

ਘਰ ਵਾਲੀ ਦੀ ਗਲ ਸੁਣ ਕੇ ਵਿਪਿਨ ਕ੍ਰੋਧ ਤੇ

ਅਭਮਾਨ ਨਾਲ ਚੁਪ ਜਿਹਾ ਕਰਕੇ ਕਹਿਣ ਲੱਗਾ, "ਚੰਗ ਵੇਖੀ ਜਾਏਗੀ।" ਇਹ ਆਖਕੇ ਉਹ ਬਾਹਰ ਚਲਿਆਗਿਆ

ਦੂਜੇ ਦਿਨ ਸਵੇਰੇ ਹੀ ਮੀਂਹ ਪੈਣ ਲੱਗ ਪਿਆ ਹੇਮਾਂਗਨੀ ਆਪਣੇ ਕਮਰੇ ਦੀ ਬਾਰੀ ਖੋਲ੍ਹ ਕੇ ਆਸਮਾਨ ਵੱਲ ਵੇਖ ਰਹੀ ਸੀ। ਇਕ ਵੇਰਾਂ ਹੀ ਉਸ ਨੂੰ 'ਪਾਂਚੂ ਗੋਪਾਲ' ਦਾ ਉੱਚਾ ਬੋਲਣਾ ਸੁਣਿਆਂ ਗਿਆ। ਉਹ ਅੜਿੰਗ ਅੜਿੰਗ ਕੇ ਆਖ ਰਿਹਾ ਸੀ, ਮਾਂ ਆਪਣੇ ਅਕਲ ਦੇ ਕੋਟ ਭਰਾ ਵੱਲ ਵੇਖ, ਪਾਣੀ ਵਿਚ ਭਿੱਜਦਾ ੨ ਪਤਾ ਨਹੀਂ ਕਿਧਰੋਂ ਆ ਹਾਜ਼ਰ ਹੋਇਆ ਹੈ।

ਬਹੁਕਰ ਕਿੱਥੇ ਹੈ ? ਮੈਂ ਆਉਂਦੀ ਹਾਂ। ਇਹ ਆਖਦੀ ਹੋਈ ਤੇ ਫੁੰਕਾਰਦੀ ਹੋਈ ਕਾਦੰਬਨੀ ਸਿਰ ਤੇ ਕਪੜਾ ਪਾਕੇ ਧਰਰ ਦਰਵਾਜ਼ੇ ਤੱਕ ਜਾ ਪਹੁੰਚੀ।

ਹੇਮਾਂਗਨੀ ਦੀ ਛਾਤੀ ਫੱਟ ਗਈ। ਉਸਨੇ 'ਲਲਤਾ' ਨੂੰ ਸੱਦ ਕੇ ਆਖਿਆ, ਜਾ ਜ਼ਰਾ ਵੇਖ ਤਾਂ ਸਹੀ ਤੇਰਾ ਕਿਸ਼ਨ ਮਾਮਾ ਕਿੱਥੋਂ ਆਇਆ ਹੈ ?

ਲਲਤ ਭਜਦਾ ੨ ਗਿਆ ਤੇ ਥੋੜੇ ਚਿਰ ਪਿੱਛੋਂ ਮੁੜ ਕੇ ਆ ਗਿਆ। ਆਖਣ ਲੱਗਾ, 'ਪਾਂਚੂ' ਨੇ ਮਾਮੇ ਨੂੰ ਗੋਡਿਆਂ ਪਰਨੇ ਬਿਠਾ ਰਖਿਆ ਹੈ ਤੇ ਉਸਦੇ ਸਿਰ ਤੇ ਦੋ ਇੱਟਾਂ ਰਖੀਆਂ ਹੋਈਆਂ ਹਨ।"

ਹੇਮਾਂਗਨੀ ਨੇ ਸੁੱਕੇ ਹੋਏ ਮੂੰਹ ਨਾਲ ਪੁਛਿਆ, ਉਹਨੇ ਕੀ ਗੁਨਾਹ ਕੀਤਾ ਸੀ ?"

ਲਲਤ ਨੇ ਆਖਿਆ "ਕੱਲ ਦੁਪਹਿਰ ਨੂੰ ਉਹਨੂੰ ਗਵਾਲੇ ਪਾਸੋਂ ਕੁਝ ਰੁਪੇ ਲੈਣ ਘਲਿਆ ਸੀ ਉਹ ਤਿੰਨ ਰੁਪੇ

ਲੈਕੇ ਭੱਜ ਗਿਆ ਤੇ ਹੁਣ ਖਰਚ ਕੇ ਵਾਪਸ ਆ ਰਿਹਾ ਹੈ।"

ਹੇਮਾਂਗਨੀ ਨੂੰ ਇਸ ਤੇ ਭਰੋਸਾ ਨ ਆਇਆ, ਕਹਿਣ ਲੱਗੀ ਕਿਸ ਨੇ ਦਸਿਆ ਹੈ ਕਿ ਉਹ ਰੁਪੇ ਵਸੂਲ ਕਰ ਚੁੱਕਾ ਹੈ?

"ਲਛਮਣ ਆਪ ਹੀ ਆਕੇ ਆਖ ਗਿਆ ਹੈ।"

ਇਹ ਆਖ ਕੇ 'ਲਲਤ' ਪੜ੍ਹਨ ਚਲਿਆ ਗਿਆ, ਦੋ ਤਿੰਨਾਂ ਘੰਟਿਆਂ ਤਕ ਕੋਈ ਰੌਲਾ ਨ ਸੁਣਿਆ ਗਿਆ। ਦਸ ਵਜੇ ਦੇ ਕਰੀਬ ਲਾਂਗਰਿਆਣੀ ਕੁਝ ਰੋਟੀਆਂ ਦੇ ਗਈ ਸੀ। ਹੇਮਾਂਗਨੀ ਉਠ ਕੇ ਬਹਿਣਾ ਹੀ ਚਾਹੁੰਦੀ ਸੀ ਕਿ ਉਸਦੇ ਸਾਹਮਣੇ ਹੀ ਭਾਰਾ ਭਾਰਤ ਦਾ ਯੁੱਧ ਮੱਚ ਗਿਆ। ਕਦੰਬਨੀ ਦੇ ਪਿਛੇ ਪਿਛੇ ਪਾਂਚੂ ਗੋਪਾਲ ਕਿਸ਼ਨ ਦਾ ਕੰਨ ਫੜੀ ਧੂਹੀ ਲਿਆ ਰਿਹਾ ਸੀ। ਨਾਲ ਵਿਪਿਨ ਦੇ ਵੱਡੇ ਭਰਾ ਵੀ ਹਨ। ਵਿਪਿਨ ਨੂੰ ਸੱਦਣ ਵਾਸਤੇ ਹੱਟੀ ਤੇ ਆਦਮੀ ਭੇਜਿਆ ਗਿਆ ਹੈ।

ਹੇਮਾਂਗਨੀ ਨੇ ਘਬਰਾਕੇ ਸਿਰ ਤੇ ਲੀੜਾ ਲਿਆ ਤੇ ਉਠ ਕੇ ਕਮਰੇ ਦੀ ਇੱਕ ਨੁਕਰੇ ਖੜੀ ਹੋ ਗਈ। ਤਦ ਕਦੰਬਨੀ ਨੇ ਲੜਾਈ ਦਾ ਚਾਰਜ ਆਪਣੇ ਹੱਥ ਵਿੱਚ ਲੈ ਲਿਆ। ਦਰਵਾਜੇ ਦੇ ਸਾਹਮਣੇ ਆਕੇ ਖੂਬ ਹੱਥ ਪੈਰ ਮਾਰ ਮਾਰ ਕੇ ਆਖਣਾ ਸ਼ੁਰੂ ਕਰ ਦਿੱਤਾ:—

ਹੇਮਾਂਗਨੀ ਮੈਂ ਤੇਰੀ ਜਿਠਾਣੀ ਹਾਂ। ਤੂੰ ਮੈਨੂੰ ਕੁਤਿਆਂ ਬਿਲਿਆਂ ਵਾਂਗੂ ਸਮਝਦੀ ਰਹੀਏਂ ਕੋਈ ਹਰਜ ਨਹੀਂ। ਪਰ ਮੈਂ ਤੈਨੂੰ ਹਜ਼ਾਰ ਵਾਰ ਆਖਿਆ ਹੈ ਕਿ ਐਵੇਂ ਝੂਠ ਮੂਠ ਦਾ ਵਿਖਾਵੇ ਦਾ ਪਿਆਰ ਵਿਖਾਕੇ ਮੇਰੇ ਭਰਾ ਦਾ ਝੁੱਗਾ ਚੋੜ ਨ

ਕਰ। ਜੋ ਮੈਂ ਆਖਦੀ ਸਾਂ ਅਖੀਰ ਨੂੰ ਉਹੋ ਹੋਇਆ ਕਿ ਨਾਂ ਦੋ ਦਿਨਾਂ ਦਾ ਪਿਆਰ ਤਾਂ ਹਰ ਕੋਈ ਕਰ ਸਕਦਾ ਹੈ, ਹਮੇ ਕੱਟਣੀ ਮੁਸ਼ਕਲ ਹੁੰਦੀ ਹੈ। ਉਹ ਤਾਂ ਅਸੀਂ ਹੀ ਕਟਣੀ ਹੈ

ਇਹ ਸਿਰਫ ਕੌੜੇ ਸੁਭਾ ਦਾ ਇਕ ਕੋਝਾ ਜਿ ਹਮਲਾ ਹੈ, ਹੇਮਾਂਗਨੀ ਨੇ ਇਹੋ ਸਮਝਿਆ। ਬੜੀ ਮਿ ਜਿਹੀ ਅਵਾਜ਼ ਵਿਚ ਆਖਿਆ, "ਹੋ ਕੀ ਗਿਆ ?"

ਕਾਦੰਬਨੀ ਨੇ ਹੋਰ ਵੀ ਜ਼ਿਆਦਾ ਹੱਥ ਪੈਰ ਮਾਰ ਹੋਈ ਨੇ ਕਿਹਾ, "ਹੋਣਾ ਕੀ ਹੈ, ਤੇਰੀ ਸਿਖਿਆ ਫਲ ਦੇ ਰ ਹੈ। ਅਜੇ ਤਾਂ ਵਸੂਲ ਕੀਤੇ ਰੁਪੈ ਚੁਰਾਏ ਸੂ, ਕੱਲ ਸੰਦੂਕ ਦਾ ਜੰਦਰਾ ਤੋੜਨਾ ਵੀ ਸਿੱਖ ਜਾਇਗਾ।"

ਇੱਕ ਹੇਮਾਂਗਨੀ ਬੀਮਾਰ, ਦੂਜਾ ਇਹ ਝੂਠਾ ਦੂਸ਼ ਵਿਚਾਰੀ ਦੀ ਜਾਨ ਨਿਕਲਣ ਵਾਲੀ ਹੋਗਈ। ਅੱਜ ਤ ਇਹ ਆਪਣੇ ਜੇਠ ਦੇ ਸਾਹਮਣੇ ਕਦੇ ਨਹੀਂ ਬੋਲੀ ਸੀ ਅੱਜ ਉਸ ਪਾਸੋਂ ਨਹੀਂ ਰਿਹਾ ਗਿਆ ਉਸਨੇ ਮਿੱਠੀ ਜ ਅਵਾਜ਼ ਵਿੱਚ ਆਖਿਆ, "ਕੀ ਚੋਰੀ ਕਰਨਾਂ ਜਾਂ ਡਾ ਮਾਰਨਾ ਇਹ ਮੈਂ ਸਿਖਾਏ ਹਨ ?"

ਕਾਦੰਬਨੀ ਨੇ ਆਖਿਆ, "ਮੈਨੂੰ ਇਹਦਾ ਕੀ ਪ ਇਹ ਤੂੰ ਆਪ ਹੀ ਜਾਣ ਸਕਦੀ ਏਂ? ਪਰ ਪਹਿਲਾਂ ਇਹਦਾ ਇਹ ਸੁਭਾ ਨਹੀਂ ਸੀ। ਜੇ ਇਹ ਗਲ ਨਹੀਂ ਤਾਂ ਤੁਸੀਂ ਲੁੱਕ ਲੁੱਕ ਕੇ ਆਪੋ ਵਿਚ ਦੀ ਕੀ ਸਲਾਹਵਾਂ ਕਰ ਰਹਿੰਦੇ ਹੋ? ਇਹ ਨੂੰ ਐਨੀ ਸ਼ਹਿ ਕਿਉਂ ਦਿੱਤੀ ਜਾਂਦੀ ਹੈ?

"ਵੇਖਣ ਵਾਲਿਆਂ ਵੇਖ ਲਿਆ ਤੇ ਸਮਝ ਵਾਲਿਆਂ ਸਮਝ ਲਿਆ ਕਿ ਕਈਆਂ ਦਿਨਾਂ ਦਾ ਰੋਕਿਆ

ਛੁਪਾਇਆ ਹੋਇਆ ਗੁੱਸਾ ਅਜੇ ਜ਼ਰਾ ਕੁ ਰਾਹ ਮਿਲਣ ਤੇ ਇਕੋ ਵੇਰਾਂ ਹੀ ਫੁੱਟ ਪਿਆ ਹੈ।"

ਥੋੜੀ ਦੇਰ ਪਹਿਲਾਂ ਹੇਮਾਂਗਨੀ ਪਾਗਲਾਂ ਦੀ ਤਰ੍ਹਾਂ ਰੋ ਰਹੀ ਸੀ। ਜਾਣੀਦਾ ਉਹ ਇਹ ਸਮਝ ਹੀ ਨਹੀਂ ਸੀ ਸਕੀ ਕਿ ਕੋਈ ਮਨੁਖ ਦੂਜੇ ਮਨੁੱਖ ਦਾ, ਏਸ ਤਰ੍ਹਾਂ ਨਾਲ ਨਿਰਾਦਰ ਕਰ ਸਕਦਾ ਹੈ। ਪਰ ਇਹ ਹਾਲਤ ਪਲ ਭਰ ਹੀ ਰਹੀ ਦੂਸਰੇ ਪਲ ਉਹ ਜ਼ਖਮੀ ਸ਼ੇਰਨੀ ਦੀ ਤਰ੍ਹਾਂ ਬਾਹਰ ਨਿਕਲ ਆਈ। ਉਹ ਦੀਆਂ ਅਖਾਂ ਅੱਗ ਵਾਂਗੂ ਸੜ ਰਹੀਆਂ ਸਨ। ਜੇਠ ਨੂੰ ਵੇਖ ਕੇ ਆਪਣੇ ਸਿਰ ਦਾ ਕਪੜਾ ਤਾਂ ਅਗੇ ਕਰ ਲਿਆ ਪਰ ਗੁੱਸੇ ਨੂੰ ਨ ਰੋਕ ਸਕੀ। ਉਹਨੇ ਜਿਠਾਣੀ ਨੂੰ ਬੁਲਾਕੇ ਬੜੀ ਮਿੱਠੀ ਪਰ ਤਾੜਨਾ ਭਰੀ ਅਵਾਜ ਵਿਚ ਆਖਿਆ, "ਤੂੰ ਇਹੋ ਜਹੀ ਨੀਚ ਏਂ ਕਿ ਤੇਰੇ ਨਾਲ ਗਲ ਕਰਨ ਨੂੰ ਵੀ ਜੀ ਨਹੀਂ ਕਰਦਾ । ਚੁਮਿਆਰਨੀਏਂ! ਜਿਸ ਜਾਨਵਰ ਨੂੰ ਪਾਲੀ ਦਾ ਹੈ, ਉਹਨੂੰ ਵੀ ਢਿੱਡ ਭਰਕੇ ਖਾਣ ਨੂੰ ਦੇਈਦਾ ਹੈ। ਪਰ ਏਸ ਗਰੀਬ ਪਾਸੋਂ ਤੇ ਵੱਡੇ ਤੋਂ ਨਿੱਕੇ ਤਕ ਸਾਰੇ ਕੰਮ ਕਰਵਾਕੇ ਵੀ ਤੂੰ ਕਦੇ ਰੱਜਵੀਂ ਰੋਟੀ ਨਹੀਂ ਦਿੱਤੀ। ਜੇ ਮੈਂ ਨ ਹੁੰਦੀ ਤਾਂ ਹੁਣ ਤਕ ਭੁੱਖਾ ਹੀ ਮਰ ਜਾਂਦਾ। ਉਹ ਭੁੱਖ ਦਾ ਮਾਰਿਆ ਮੇਰੇ ਕੋਲ ਭੱਜਾ ਆਉਂਦਾ ਹੈ, ਕੋਈ ਮੇਰਾ ਪਿਆਰ ਲੈਣ ਨਹੀਂ ਆਉਂਦਾ।

ਕਾਦੰਬਨੀ ਨੇ ਆਖਿਆ, ਅਸੀ ਤਾਂ ਰੋਟੀ ਨਹੀਂ ਦੇਂਦੇ ਕੰਮਹੀ ਕਰਵਾਉਂਦੇ ਹਾਂ ਪਰ ਤੂੰ ਇਹਨੂੰ ਖਵਾ ਪਿਆਕੇ ਬਚਾਈ ਰਖਿਆ ਹੈ ਚਲ ਇਹ ਵੀ ਤਾਂ ਠੀਕ ਹੈ ਨਾਂ ?

ਹੇਮਾਂਗਨੀ ਨੇ ਆਖਿਆ, 'ਮੈਂ ਬਿਲਕੁਲ ਸਚ ਆਖਦੀ

ਹਾਂ ਕਦੇ ਤੂੰ ਦੋਵੇਂ ਵੇਲੇ ਰੱਜਵੀਂ ਰੋਟੀ ਨਹੀਂ ਦਿਤੀ। ਸਿਰਫ ਮਾਰਿਆਹੈ ਤੇ ਜਿੰਨੇ ਉਹ ਕੰਮਕਰ ਸਕਦਾਹੈ, ਕਰਾਉਂਦੀ ਰਹੀ ਏਂ। ਤੁਹਾਡੇ ਲੋਕਾਂ ਦੇ ਸਾੜੇ ਤੋਂ ਡਰਦੀ ਨੇ ਮੈਂ ਉਹਨੂੰ ਕਈ ਵਾਰ ਇਥੋਂ ਆਉਣ ਤੋਂ ਰੋਕਿਆ ਹੈ, ਪਰ ਜਦ ਉਹਨੂੰ ਢਿਡ ਦੀ ਲਗਦੀ ਹੈ ਤਾਂ ਆਪਣੇ ਆਪ ਹੀ ਭੱਜਾ ਆਉਂਦਾ ਹੈ। ਕੋਈ ਮੇਰੇ ਪਾਸੋਂ ਚੋਰੀ ਜਾਂ ਡਾਕੇ ਦੀ ਸਲਾਹ ਲੈਣ ਨਹੀਂ ਆਉਂਦਾ।' ਪਰ ਤੁਸੀਂ ਲੋਕ ਐਨਾ ਸਾੜਾ ਕਰਦੇ ਹੋ ਕਿ ਇਹ ਵੀ ਆਪਣੀਆਂ ਅੱਖਾਂ ਨਾਲ ਨਹੀਂ ਵੇਖ ਸਕਦੇ।

ਹੁਣ ਜੇਠ ਨੇ ਜੁਵਾਬ ਦਿਤਾ। ਉਹਨੇ ਕਿਸ਼ਨ ਨੂੰ ਅਗਾਂਹ ਖਿੱਚਕੇ ਉਸਦੀ ਧੋਤੀ ਪੱਲਿਓਂ ਇੱਕ ਡੋਨਾ ਖੋਲ੍ਹਕੇ ਕਹਿਣ ਲੱਗਾ, 'ਅਸੀਂ ਸਾੜਾ ਕਰਦੇ ਹਾਂ, ਤੂੰ ਆਪਣੀ ਅੱਖੀਂ ਵੇਖ ਲੈ ! ਇਹ ਤੇਰੀ ਸਖੌਤ ਨਹੀਂ ਕਿ ਇਹ ਸਾਡੇ ਰੁਪੈ ਚੁਰਾਕੇ ਤੇਰੇ ਭਲੇ ਵਾਸਤੇ ਕਿਸੇ ਦੇਵੀ ਦੀ ਪੂਜਾ ਦੇਕੇ ਪ੍ਰਸ਼ਾਦ ਲਿਆ ਰਿਹਾ ਏ, ਇਹ ਆਖਕੇ ਉਹਨਾਂ ਨੇ ਡੋਨੇ ਵਿਚੋਂ ਇਕ ਲੱਡੂ ਕੁਝ ਫੁਲ ਤੇ ਕੁਝ ਬੇਲ ਪੱਤ੍ਰ ਕੱਢਕੇ ਵਿਖਾ ਦਿੱਤੇ।'

ਕਾਦੰਬਨੀ ਦੀਆਂ ਅੱਖਾਂ ਮੱਥੇ ਤੇ ਚੜ੍ਹ ਗਈਆਂ। ਉਹ ਕਹਿਣ ਲੱਗੀ, ਵੇਖੋ ਨੀ ਭੈਣੋ ! ਕਿਡਾ ਸ਼ਰਾਰਤੀ ਲੜਕਾ ਹੈ। ਦੱਸ ਭੈਣ ਇਹ ਜੋ ਪੂਜਾ ਤੇ ਪੈਸੇ ਪੁੱਟ ਆਇਆ ਏ, ਇਹ ਮੇਰੇ ਭਲੇ ਲਈ ਪੁੱਟੇ ਸੂ ? ਇਹਨੇ ਇਹ ਚੋਰੀ ਕਿਸ ਵਾਸਤੇ ਕੀਤੀ ਹੈ ?

ਗੁੱਸੇ ਦੇ ਮਾਰਿਆਂ ਹੇਮਾਂਗਨੀ ਨੂੰ ਆਪਣੇ ਆਪ ਦੀ ਸੂਰਤ ਨ ਰਹੀ। ਇਕ ਤਾਂ ਇਸਦਾ ਕਮਜ਼ੋਰ ਸਰੀਰ, ਦੂਜੇ ਇਹ ਝੂਠੇ ਉਲ੍ਹਾਮੇ। ਉਸਨੇ ਛੇਤੀ ਨਾਲ ਅਗਾਂਹ ਹੋਕੇ ਉਸਦੇ ਮੂੰਹ

ਤੇ ਜ਼ੋਰ ੨ ਦੀਆਂ ਦੋ ਚੁਪੇੜਾਂ ਜੜ ਦਿੱਤੀਆਂ। ਕਹਿਣ ਲੱਗੀ, 'ਹਰਾਮਜ਼ਾਦੇ ਮੈਂ ਤੈਨੂੰ ਚੋਰੀ ਕਰਨ ਲਈ ਕਿਹਾ ਸੀ? ਕਈਵਾਰ ਮਨ੍ਹਾ ਕਰ ਚੁਕੀ ਹਾਂ ਕਿ ਏਥੇ ਨ ਆਇਆ ਕਰ, ਤੂੰ ਫੇਰ ਵੀ ਪਿੱਛਾ ਨਹੀਂ ਛਡਦਾ। ਹੁਣ ਮੈਨੂੰ ਵੀ ਜਾਪਦਾ ਹੈ ਕਿ ਤੂੰ ਚੋਰੀ ਕਰਨ ਦੇ ਇਰਾਦੇ ਨਾਲਹੀ ਹਨੇਰੇ ਸਵੇਰੇ ਆਕੇ ਮੈਨੂੰ ਝਾਤੀਆਂ ਮਾਰਿਆ ਕਰਦਾ ਸੈਂ।'

ਇਹਦੇ ਨਾਲੋਂ ਪਹਿਲਾਂ ਹੀ ਘਰ ਦੇ ਸਾਰੇ ਜੀ ਇਥੇ ਆਕੇ ਇਕੱਠੇ ਹੋਚੁਕੇ ਸਨ। ਸ਼ਿਬੂ ਨੇ ਆਖਿਆ, ਮਾਂ ਮੈਂ ਆਪ ਣੀਆਂ ਅੱਖਾਂ ਨਾਲ ਵੇਖਿਆ ਹੈ ਕਿ ਇਹ ਪਰਸੋਂ ਹਨੇਰੇ ਵਿਚ ਤੇਰੇ ਬੂਹੇ ਅਗੇ ਖਲੋਤਾ ਹੋਇਆ ਸੀ। ਮੈਨੂੰ ਵੇਖਦਿਆਂ ਹੀ ਭੱਜ ਗਿਆ ਸੀ, ਜੇ ਮੈਂ ਨ ਆਉਂਦਾ ਤਾਂ ਖਬਰੇ ਇਹ ਜਰੂਰ ਤੇਰੇ ਕਮਰੇ ਵਿਚ ਆਕੇ ਚੋਰੀ ਕਰਦਾ।

ਪਾਂਚੂ ਗੋਪਾਲ ਨੇ ਆਖਿਆ, ਇਹ ਜਾਣਦਾ ਹੈ ਕਿ ਚਾਚੀ ਦਾ ਜੀ ਨਹੀਂ ਤਕੜਾ ਸੋ ਉਹ ਸਵਖਤੇ ਹੀ ਸੌਂ ਜਾਂਦੀ ਹੈ। ਇਹ ਕੋਈ ਘਟ ਚਲਾਕ ਹੈ?

ਕਿਸ਼ਨ ਨਾਲ ਹੇਮਾਂਗਨੀ ਦੇ ਅੱਜ ਦੇ ਸਲੂਕ ਤੇ ਜਿਨਾਂ ਕਾਦੰਬਨੀ ਖੁਸ਼ ਹੋਈ, ਉਨ੍ਹਾਂ ਕਦੇ ਅਗੇ ਪੰਦਰਾਂ ਸੋਲਾਂ ਸਾਲਾਂ ਵਿਚ ਨਹੀਂ ਸੀ ਹੋਈ। ਉਹਨੇ ਬਹੁਤ ਹੀ ਖੁਸ਼ ਹੋਕੇ ਆਖਿਆ, ਭਿਜੀ ਹੋਈ ਬਿੱਲੀ ਵਾਂਗੂ ਖਲੋਤਾ ਹੈ। ਮੈਨੂੰ ਕੀ ਪਤਾ ਸੀ ਕਿ ਤੂੰ ਇਹਨੂੰ ਆਪਣੇ ਘਰ ਆਉਣੋਂ ਰੋਕ ਦਿੱਤਾ ਹੈ। ਇਹ ਤਾਂ ਆਖਦਾ ਫਿਰਦਾ ਸੀ ਕਿ 'ਭੈਣ ਮੈਨੂੰ ਮਾਂ ਨਾਲੋਂ ਵੀ ਚੰਗਾ ਜਾਣਦੀ ਹੈ।' ਇਸ ਤੋਂ ਪਿਛੋਂ ਡੋਨੇ ਸਮੇਤ ਉਸਨੇ ਸਾਰਾ ਪ੍ਰਸਾਦ ਚੁਕਕੇ ਵਗਾਹ ਮਾਰਿਆ। 'ਤਿੰਨ ਰੁਪੈ ਚੁਰਾਕੇ

ਪਤਾ ਨਹੀਂ ਇਹ ਡੋਨਾ ਕਿਥੋਂ ਲੇ ਆਇਆ ਹੈ । ਹਰਾ
ਜ਼ਾਦਾ ਚੋਰ !'

ਘਰ ਲਿਜਾਕੇ ਦੋਹਾਂ ਤੀਵੀਂ, ਮਾਲਕ ਨੇ ਇਸ ਚੋਰ ਨੂੰ
ਸਜ਼ਾ ਦੇਣੀ ਸ਼ੁਰੂ ਕੀਤੀ । ਬੜੀ ਬੇਰਹਿਮੀ ਨਾਲ ਮਾਰ ਪੈ
ਲੱਗੀ । ਉਹ ਨਾਂ ਰੋਂਦਾ ਸੀ ਤੇ ਨਾਂ ਹੀ ਮੂੰਹੋਂ ਕੁਝ ਹੋਰ ਵ
ਬੋਲਦਾ ਸੀ। ਜਿਸ ਪਾਸੇ ਵਲੋਂ ਮਾਰਕੇ ਹਟ ਜਾਂਦੇ ਸਨ ਉਧ
ਦੂਜਾ ਪਾਸਾ ਕਰ ਦੇਂਦਾ ਸੀ।ਜਿੱਦਾਂ ਕਿਸੇ ਲੱਦੀ ਹੋਈ ਗੱਡੀ ਦ
ਬੋਲਦ ਖੋਭੇ ਵਿਚ ਫਸਕੇ ਮਾਰ ਖਾਂਦਾ ਹੈ, ਉਸੇਤਰਾਂ ਕਿਸ਼
ਦੀ ਹਾਲਤ ਸੀ । ਐਨੀ ਮਾਰ ਪਈ ਕਿ ਕਾਦੰਬਨੀ ਇ
ਗਲ ਮੰਨ ਗਈ ਜੋ ਇਸ ਵਰਗਾ ਸਖਤ ਮੁੰਡਾ ਕੋਈ ਘਟ ਹ
ਹੋਵੇਗਾ। ਇਹ ਮਲੂਮ ਹੁੰਦਾ ਸੀ ਕਿ ਇਹ ਮਾਰ ਖਾਣ
ਸਿਖਿਆ ਹੋਇਆ ਹੈ, ਪਰ ਇਹ ਗੱਲ ਨਹੀਂ ਸੀ । ਰਬ ਜਾ
ਦਾ ਹੈ ਕਿ ਇਥੇ ਆਉਣ ਤੋਂ ਪਹਿਲਾਂ ਉਹਨੂੰ ਕਦੇ ਕਿ
ਫੁਲ ਦੀ ਵੀ ਨਹੀਂ ਸੀ ਲਾਈ ।

ਹੇਮਾਂਗਨੀ ਆਪਣੇ ਕਮਰੇ ਦੀਆਂ ਸਾਰੀਆਂ ਬਾਰੀਆਂ
ਬੰਦ ਕਰਕੇ ਲਕੜ ਦਾ ਬੁੱਤ ਬਣੀ ਪਈ ਸੀ । ਉਮਾਂ ਮਾ
ਵੇਖਣ ਗਈ ਸੀ ਉਹਨੇ ਵਾਪਸ ਆ ਕੇ ਆਖਿਆ, ਤਾਈ ਜ
ਆਖਦੀ ਸੀ ਕਿ ਕਿਸ਼ਨ ਮਾਮਾ ਵੱਡਾ ਡਾਕੂਹੋਵੇਗਾ ਉਹਦੇਪਿ
ਪਤਾ ਨਹੀਂ ਕੌਣ ਦੇਵੀ ਹੈ ।

'ਉਮਾ'।

ਆਪਣੀ ਮਾਂ ਦੀ ਇਹ ਭਿੜਾਈ ਹੋਈ ਅਵਾਜ ਸੁਣ
ਉਹ ਚੌਂਕ ਪਈ।ਉਹਨੇ ਕੋਲ ਆਕੇ ਡਰਦੀ ਮਾਰੀ ਨੇ ਪੁਛਿ
'ਕੀ ਏ ਮਾਂ ?'

"ਕਿਉਂ ਹੁਣ ਵੀ ਉਹਨੂੰ ਉਹ ਲੋਕੀਂ ਮਿਲਕੇ ਮਾਰ ਰਹੇ ਹਨ ?"

ਇਹ ਆਖਕੇ ਹੇਮਾਂਗਨੀ ਜ਼ਮੀਨ ਤੇ ਮੂੰਹ ਭਾਰ ਲੇਟ ਗਈ ਤੇ ਰੋਣ ਲੱਗ ਪਈ। ਮਾਂ ਦਾ ਰੋਣਾ ਵੇਖਕੇ ਉਮਾਂ ਵੀ ਰੋਣ ਲੱਗ ਪਈ। ਇਹਦੇ ਪਿਛੋਂ ਉਹ ਮਾਂ ਕੋਲ ਬਹਿਕੇ ਪੱਲੇ ਨਾਲ ਉਸਦੀਆਂ ਅੱਖਾਂ ਪੂੰਝਦੀ ਹੋਈ ਕਹਿਣ ਲੱਗੀ, ਪ੍ਰਸਿੰਨੀ ਦੀ ਮਾਂ ਕਿਸ਼ਨ ਮਾਮੇ ਨੂੰ ਬਾਹਰ ਲੈ ਗਈ ਹੈ।

ਹੇਮਾਂਗਨੀ ਨੇ ਹੋਰ ਕੁਝ ਨਹੀਂ ਆਖਿਆ ਉਹ ਚੁਪ ਕਰਕੇ ਉਥੇ ਹੀ ਪਈ ਰਹੀ, ਦੁਪਹਿਰ ਤੋਂ ਪਿਛੋਂ ਉਹਨੂੰ ਕਾਂਬਾ ਲੱਗਕੇ ਜੋਰਦੀ ਬੁਖਾਰ ਹੋ ਗਿਆ ਤੇ ਪਿਛੋਂ ਵਿਪਿਨ ਆਪਣੀ ਭਾਬੀ ਪਾਸੋਂ ਸਾਰੀਆਂ ਗੱਲਾਂ ਸੁਣਕੇ ਗੁੱਸੇ ਨਾਲ ਭਰੇ ਪੀਤੇ ਆਪਣੇ ਕਮਰੇ ਵਲ ਜਾ ਰਹੇ ਸਨ ਕਿ ਉਮਾ ਨੇ ਪਾਸ ਜਾਕੇ ਆਖਿਆ, 'ਮਾਂ ਤਾਂ ਬੁਖਾਰ ਨਾਲ ਬੇਹੋਸ਼ ਪਈ ਹੈ।'

"ਹੈਂ ਇਹ ਕੀ ? ਤਿੰਨਾਂ ਚੌਂਹ ਦਿਨਾਂ ਤੋਂ ਅਰਾਮ ਸੀ।

ਵਿਪਿਨ ਦਿਲੋਂ ਆਪਣੀ ਇਸਤ੍ਰੀ ਨੂੰ ਬਹੁਤ ਚਾਹੁੰਦੇ ਸਨ। ਇਹਨਾਂ ਦਾ ਆਪੋ ਵਿਚ ਦੀ ਕਿੰਨਾਂ ਪਿਆਰ ਸੀ, ਇਹ ਆਪਣੇ ਭਰਾ ਤੇ ਭਰਜਾਈ ਪਾਸੋਂ ਅਡ ਹੋਣ ਤੇ ਪਤਾ ਲੱਗਾ ਸੀ। ਉਹ ਘਬਰਾਏ ਹੋਏ ਕਮਰੇ ਵਿਚ ਗਏ। ਵੇਖਿਆ ਕਿ ਹਾਲੀ ਤਕ ਜ਼ਮੀਨ ਤੇ ਪਏ ਹਨ, ਉਹਨਾਂ ਘਬਰਾਕੇ ਪਲੰਘ ਤੇ ਪਾ ਦੇਣ ਲਈ ਸਰੀਰ ਨੂੰ ਹੱਥ ਲਾਇਆ ਹੀ ਸੀ ਕਿ ਉਹਨੇ ਅੱਖਾਂ ਖੋਲ੍ਹ ਦਿੱਤੀਆਂ। ਥੋੜਾ ਚਿਰ ਪਤੀ ਦੇ ਮੂੰਹ ਵੱਲ ਵੇਖਕੇ ਉਸਨੇ ਉਹਨਾਂ ਦੇ ਦੋਵੇਂ ਪੈਰ ਫੜ ਲਏ ਤੇ ਰੋ ਰੋਕੇ ਆਖਣ ਲੱਗੀ, ਕਿਸ਼ਨ ਨੂੰ ਆਪਣੇ ਘਰ ਲੈ ਆਓ ਨਹੀਂ ਤਾਂ

ਮੇਰਾ ਇਹ ਤਾਪ ਨਹੀਂ ਟੁੱਟੇਗਾ। ਦੁਰਗਾ ਬਾਈ ਮੈਨੂੰ ਕਿਸੇ ਤਰਾਂ ਮਾਫ ਨਹੀਂ ਕਰੇਗੀ।

ਵਿਪਿਨ ਨੇ ਪੈਰ ਛੁਡਾਕੇ ਉਹਦੇ ਸਿਰ ਤੇ ਹੱਥ ਫੇਰਦੇ ਹੋਏ ਨੇ ਹੌਸਲਾ ਦਿੱਤਾ। ਹੇਮਾਂਗਨੀ ਨੇ ਫੇਰ ਪੁਛਿਆ, ਉਹਨੂੰ ਆਸਰਾ ਦਿਉਗੇ ?

ਵਿਪਿਨ ਨੇ ਆਖਿਆ, 'ਜਿਸਤਰਾਂ ਤੂੰ ਚਾਹੇਂਗੀ ਉਸ ਤਰਾਂ ਹੀ ਹੋ ਜਾਇਗਾ ਤੂੰ ਜਰਾ ਤਕੜੀ ਹੋ ਜਾਹ।'

ਹੇਮਾਂਗਨੀ ਬਿਨਾ ਕੁਝ ਆਖੇ ਦੇ ਉਠਕੇ ਵਿਛੌਣੇ ਤੇ ਜਾ ਪਈ। ਰਾਤ ਨੂੰ ਹੀ ਤਾਪ ਲਹਿਗਿਆ। ਸਵੇਰੇ ਉਠਕੇ ਜਦ ਵਿਪਿਨ ਨੇ ਵੇਖਿਆ, 'ਤਾਪ ਨਹੀਂ ਤਾਂ ਉਹ ਬਹੁਤ ਹੀ ਖੁਸ਼ ਹੋਏ। ਉਹ ਮੂੰਹ ਧੋਕੇ ਤੇ ਜਲ ਪਾਣੀ ਪੀਕੇ ਦੁਕਾਨ ਤੇ ਜਾ ਰਹੇ ਸਨ ਕਿ ਹੇਮਾਂਗਨੀ ਨੇ ਉਹਨਾਂ ਦੇ ਪਾਸ ਆਕੇ ਆਖਿਆ 'ਮਾਰ ਪੈਣ ਕਰਕੇ ਕਿਸ਼ਨ ਨੂੰ ਬਹੁਤ ਤੇਜ਼ ਬੁਖਾਰ ਹੋ ਗਿਆ ਹੈ, ਉਹਨੂੰ ਮੈਂ ਆਪਣੇ ਕੋਲ ਲੈ ਆਉਂਦੀ ਹਾਂ।'

ਵਿਪਿਨ ਨੇ ਮਨ ਹੀ ਮਨ ਵਿਚ ਬਹੁਤ ਦੁਖੀ ਜਿਹਾ ਹੋਕੇ ਆਖਿਆ, ਉਹਨੂੰ ਇਥੇ ਲਿਆਉਣ ਦੀ ਕੀ ਲੋੜ ਹੈ, ਜਿੱਥੇ ਹੈਗਾ ਏ ਪਿਆ ਰਹਿਣ ਦੇਹ।

'ਹੇਮਾਂਗਨੀ ਨੇ ਹੈਰਾਨ ਹੋਕੇ ਆਖਿਆ ਕਲ ਰਾਤ ਨੂੰ ਤੁਸਾਂ ਬਚਨ ਦਿਤਾ ਸੀ ਕਿ ਉਸਨੂੰ ਆਸਰਾ ਦਿੱਤਾ ਜਾਵੇਗਾ?'

ਵਿਪਿਨ ਨੇ ਨ ਮੰਨਦਿਆਂ ਹੋਇਆਂ ਸਿਰ ਹਿਲਾਕੇ ਆਖਿਆ, ਉਹ ਸਾਡਾ ਕਿਹੜਾ ਸਕਾ ਹੈ ਜਿਸਨੂੰ ਇਥੇ ਜਰੂਰ ਲਿਆਕੇ ਪਾਲਣਾ ਹੈ ? ਤੂੰ ਵੀ ਤਾਂ ਅਜੀਬ ਹੀ ਹੈਂ ?'

ਕਲ ਰਾਤ ਨੂੰ ਆਪਣੀ ਇਸਤ੍ਰੀ ਨੂੰ ਬੀਮਾਰ ਵੇਖਕੇ ਜੋ

ਉਹਨਾਂ ਇਕਰਾਰ ਕੀਤਾ ਸੀ ਅੱਜ ਉਸਨੂੰ ਰਾਜੀ ਵੇਖਕੇ ਉਹ ਆਪਣਾ ਇਕਰਾਰ ਭੁੱਲ ਗਏ। ਉਹ ਛਤੜੀ ਨੂੰ ਕੱਛੇ ਮਾਰਕੇ ਜਾਂਦੇ ਹੋਏ ਕਹਿਣ ਲੱਗੇ, ਪਾਗ਼ਲਪੁਣਾ ਨਾ ਕਰੋ, ਭਰਾ ਤੇ ਭਰਜਾਈ ਗੁੱਸੇ ਹੋ ਜਾਣਗੇ।'

ਹੇਮਾਂਗਨੀ ਨੇ ਸ਼ਾਂਤੀ ਦੇ ਪੱਕੇ ਇਰਾਦੇ ਨਾਲ ਆਖਿਆ, 'ਉਹ ਲੋਕ ਗੁੱਸੇ ਹੋਕੇ ਕੀ ਕਰਨਗੇ ? ਕੀ ਉਸਨੂੰ ਮਾਰ ਸੁਟਣਗੇ ? ਜੇ ਮੈਂ ਉਹਨੂੰ ਲੈ ਆਵਾਂਗੀ ਤਾਂ ਮੈਨੂੰ ਕੌਣ ਰੋਕ ਸਕੇਗਾ ? ਅੱਗੇ ਮੇਰੇ ਦੋ ਬੱਚੇ ਸਨ ਹੁਣ ਤਿੰਨ ਹੋ ਜਾਣਗੇ। ਮੈਂ ਕਿਸ਼ਨ ਦੀ ਮਾਂ ਹਾਂ।'

ਹੱਛਾ ਵੇਖਿਆ ਜਾਏਗਾ ਆਖਕੇ ਵਿਪਿਨ ਜਲਦੀ ਲੰਘੇ ਸਨ ਕਿ ਹੇਮਾਂਗਨੀ ਨੇ ਰਾਹ ਰੋਕਕੇ ਆਖਿਆ, 'ਕੀ ਇਸ ਘਰ ਵਿਚ ਨਹੀਂ ਲਿਆਉਣ ਦਿਓਗੇ ?'

'ਹੱਟ ਜਾ ਅੱਗੋਂ ਕਮਲ ਨਾਂ ਖੰਡਾ, ਆਖਕੇ ਵਿਪਿਨ ਲਾਲ ਅੱਖਾਂ ਕਢਦਾ ੨ ਚਲਿਆ ਗਿਆ।

ਹੇਮਾਂਗਨੀ ਨੇ ਸ਼ਿਬੂ ਨੂੰ ਸਦਕੇ ਆਖਿਆ, 'ਜਾਹ ਸ਼ਿਬੂ ਇਕ ਗੁੜਬਹਿਲ ਲੈ ਆ, ਮੈਂ ਆਪਣੇ ਪੇਕੇ ਜਾਵਾਂਗੀ।'

ਵਿਪਿਨ ਇਹ ਸੁਣਕੇ ਆਪਣੇ ਮਨ ਹੀ ਮਨ ਵਿਚ ਹੱਸੇ, ਮੁਲਾਂ ਦੀ ਦੌੜ ਮਸੀਤ ਤਕ ਤੇ ਜੇ ਇਸਤਰੀ ਧੌਂਸ ਦੱਸੇ ਤਾਂ ਉਸਦੀ ਧੌਂਸ, 'ਮੈਂ ਪੇਕੀ ਚਲੀ ਜਾਵਾਂਗੀ,' ਤਾਂ ਇਹ ਸੋਚਕੇ ਉਹ ਹੱਟੀ ਤੇ ਚਲੇ ਗਏ।

ਕਿਸ਼ਨ ਚੰਡੀ ਮੰਡਪ ਦੇ ਕੋਲ ਬੁਖਾਰ ਤੇ ਦਿਲ ਦੇ ਦਰਦ ਨਾਲ ਬਿਹੋਸ਼ ਜਿਹਾ ਪਿਆ ਹੋਇਆ ਸੀ। ਹੇਮਾਂਗਨੀ ਨੇ ਅਵਾਜ਼ ਦਿੱਤੀ, 'ਵੇ ਕਿਸ਼ਨ ?'

ਕਿਸ਼ਨ ਏਸਤਰਾਂ ਉਠਕੇ ਤਿਆਰ ਹੋ ਗਿਆ ਜਾਣੋ ਦਾ ਪਹਿਲਾਂ ਹੀ ਤਿਆਰ ਸੀ ਕਹਿਣ ਲੱਗਾ, ਭੈਣ ! ਇਹਦੇ ਨਾਲ ਹੀ ਲੱਜਾ ਭਰੀ ਹਾਸੀ ਨਾਲ ਉਹਦਾ ਸਾਰਾ ਮੂੰਹ ਭਰ ਗਿਆ ਜਾਣੀਦੀ ਉਸਦੇ ਸਰੀਰ ਵਿਚ ਕੋਈ ਪੀੜ ਜਾਂ ਦੁਖ ਹੈ ਈ ਨਹੀਂ ਸੀ। ਉਹ ਸਤਕਾਰ ਪੂਰਬਕ ਉੱਠ ਕੇ ਖਲੋ ਗਿਆ ਤੇ ਆਪਣੀ ਪਾਟੀ ਹੋਈ ਧੋਤੀ ਦੇ ਪੱਲੇ ਨਾਲ ਪਾਟੀ ਹੋਈ ਸਫ ਨੂੰ ਝਾੜਦਾ ੨ ਕਹਿਣ ਲੱਗਾ, 'ਬਹਿ ਜਾ ਭੈਣ।

ਹੇਮਾਂਗਨੀ ਨੇ ਹਥ ਫੜਕੇ ਉਹਨੂੰ ਕਲੇਜੇ ਨਾਲ ਲਾ ਲਿਆ ਤੇ ਆਖਿਆ ਨਹੀਂ ਭਰਾਵਾ ਬਹਿਣਾ ਨਹੀਂ। ਤੂੰ ਮੇਰੇ ਨਾਲ ਚਲ ਤੇ ਮੈਨੂੰ ਆਪਣੇ ਪੇਕੇ ਛਡ ਆ।

"ਚਲੋ !" ਆਖ ਕੇ ਕਿਸ਼ਨ ਨੇ ਆਪਣੀ ਟੁੱਟੀ ਹੋਈ ਸੋਟੀ ਕੱਛੇ ਮਾਰ ਲਈ ਤੇ ਪਾਟੀ ਹੋਈ ਚਾਦਰ ਮੋਢੇ ਤੇ ਰੱਖ ਲਈ।

ਹੇਮਾਂਗਨੀ ਦੇ ਘਰ ਦੇ ਸਾਹਮਣੇ ਗੁੜਬਹਿਲ ਖਲੋਤੀ ਸੀ। ਕਿਸ਼ਨ ਨੂੰ ਨਾਲ ਲੈ ਕੇ ਹੇਮਾਂਗਨੀ ਇਸ ਤੇ ਚੜ੍ਹ ਗਈ। ਗੁੜਬਹਿਲ ਜਦੋਂ ਪਿੰਡੋਂ ਬਾਹਰ ਨਿਕਲ ਗਈ ਤਾਂ ਪਿੱਛੋਂ ਰੌਲਾ ਰੱਪਾ ਸੁਣਕੇ ਗੱਡੀਵਾਨ ਨੇ ਗੁੜਬਹਿਲ ਠੱਲ੍ਹ ਲਈ। ਮੁੜ੍ਹਕੋ ਮੁੜ੍ਹਕੀ, ਲਾਲ ਸੂਹੇ ਮੂੰਹ ਨਾਲ ਵਿਪਿ ਆ ਗਿਆ ਤੇ ਡਰਦਾ ੨ ਪੁੱਛਣ ਲੱਗਾ, "ਕਿੱਥੇ ਚੱਲੇ ਹੋ ?

ਹੇਮਾਂਗਨੀ ਨੇ ਕਿਸ਼ਨ ਨੂੰ ਵਿਖਾ ਕੇ ਆਖਿਆ, "ਇਹਦੇ ਪਿੰਡ ਜਾ ਰਹੀ ਹਾਂ।"

"ਕਦੋਂ ਮੁੜੋਗੇ ?"

ਹੇਮਾਂਗਨੀ ਨੇ ਗੰਭੀਰ ਤੇ ਦ੍ਰਿੜ੍ਹ ਅਵਾਜ਼ ਨਾਲ ਆਖਿਆ, ਜਦੋਂ ਭਗਵਾਨ ਚਾਹੁਣਗੇ ਤਦੋਂ ਹੀ ਮੁੜਾਂਗੀ।

"ਇਸਦਾ ਮਤਲਬ ?"

ਹੇਮਾਂਗਨੀ ਨੇ ਕਿਸ਼ਨ ਵੱਲ ਇਸ਼ਾਰਾ ਕਰਦੀ ਹੋਈ ਨੇ ਕਿਹਾ, ਜੇ ਇਹਨੂੰ ਕਿਤੇ ਆਸਰਾ ਮਿਲ ਜਾਇਗਾ ਤਾਂ ਹੀ ਮੈਂ ਮੁੜ ਸਕਾਂਗੀ ਨਹੀਂ ਤਾਂ ਇਹਦੇ ਨਾਲ ਹੀ ਰਹਿਣਾ ਪਏਗਾ।

ਵਿਪਿਨ ਨੂੰ ਯਾਦ ਆਗਿਆ ਕਿ ਉਸ ਦਿਨ ਵੀ ਹੇਮਾਂਗਨੀ ਦੇ ਚਿਹਰੇ ਦਾ ਇਹੋ ਭਾਵ ਸੀ ਜਦੋਂ ਉਹ ਘੁਮਿਆਰਾਂ ਦੇ ਨਿਆਸਰੇ ਮੁੰਡੇ ਦਾ ਬਗੀਚਾ ਬਚਾਉਣ ਲਈ ਸਭ ਦੇ ਟਾਕਰੇ ਤੇ ਇਕੱਲੀ ਹੀ ਖੜੀ ਹੋ ਗਈ ਸੀ। ਉਹਨੂੰ ਇਹ ਵੀ ਯਾਦ ਆ ਗਿਆ ਕਿ ਉਹ ਹੁਣ ਪਹਿਲੀ ਹੇਮਾਂਗਨੀ ਨਹੀਂ ਹੈ ਜਿਸਨੂੰ ਘੂਰੀ ਦੇਕੇ ਰੋਕਿਆ ਜਾ ਸਕੇ।

ਵਿਪਿਨ ਨੇ ਨਿਮਰਤਾ ਨਾਲ ਆਖਿਆ, "ਚੰਗਾ ਹੁਣ ਮਾਫ ਕਰ ਦਿਓ ਤੇ ਘਰ ਚਲੋ।"

ਹੇਮਾਂਗਨੀ ਨੇ ਹੱਥ ਜੋੜ ਕੇ ਆਖਿਆ, "ਨਹੀਂ ਤੁਸੀਂ

ਹੀ ਮੈਨੂੰ ਮਾਫ ਕਰੋ। ਕੰਮ ਨੂੰ ਪੂਰਾ ਕੀਤੇ ਤੋਂ ਬਿਨਾਂ ਮੈਂ ਕਿ
ਤਰ੍ਹਾਂ ਵੀ ਵਾਪਸ ਨਹੀਂ ਮੁੜ ਸਕਦੀ।"

ਵਿਪਿਨ ਇਕ ਘੜੀ ਹੋਰ ਆਪਣੀ ਘਰ ਵਾਲੀ
ਸ਼ਾਂਤ ਤੇ ਪੱਕੇ ਇਰਾਦੇ ਵਾਲੇ ਚਿਹਰੇ ਵੱਲ ਵੇਖਦੇ ਰਹੇ। ਇ
ਵਾਰੀ ਹੀ ਉਹਨਾਂ ਕਿਸ਼ਨ ਦਾ ਹੱਥ ਫੜਕੇ ਆਖਿਆ
"ਕਿਸ਼ਨ ਆਪਣੀ ਮੰਝਲੀ ਭੈਣ ਨੂੰ ਘਰ ਮੋੜ ਖੜ ਬੀਬਾ
ਮੈਂ ਭਰੋਸਾ ਦਿਵਾਉਂਦਾ ਹਾਂ ਕਿ ਜਦੋਂ ਤਕ ਮੈਂ ਜੀਉਂਦਾ
ਤਦੋਂ ਤੱਕ ਦੋਹਾਂ ਭੈਣ ਭਰਾਵਾਂ ਨੂੰ ਕੋਈ ਨਹੀਂ ਨਿਖੇ
ਸਕਦਾ। ਚਲ ਬੀਬਾ! ਆਪਣੀ ਮੰਝਲੀ ਭੈਣ ਨੂੰ ਘ
ਮੋੜ ਲੈ ਚਲ।"

—o—

# ਪਰਿਣੀਤਾ !

ਛਾਤੀ ਵਿਚ ਸ਼ਕਤੀ ਬਾਣ ਲੱਗਣ ਨਾਲ ਸ੍ਰੀ ਲਛਮਣ ਜੀ ਦਾ ਚਿਹਰਾ ਵੀ ਕੁਮਲਾ ਗਿਆ ਹੋਵੇਗਾ, ਪਰ 'ਗੁਰਚਰਣ' ਦਾ ਚਿਹਰਾ ਸ੍ਰੀ ਲਛਮਣ ਜੀ ਨਾਲੋਂ ਵੀ ਵੱਧ ਕੁਮਲਾ ਗਿਆ ਜਦ ਉਹਨੇ ਇਹ ਸੁਣਿਆਂ ਕਿ ਉਹਨਾਂ ਦੇ ਘਰ ਪੰਜਵੀਂ ਕੰਨਿਆਂ ਨੇ ਜਨਮ ਲਿਆ ਹੈ।

ਗੁਰਚਰਣ ਬੈਂਕ ਵਿਚ ਸੱਠ ਰੁਪੈ ਮਹੀਨੇ ਦੀ ਨੌਕਰੀ ਕਰਦੇ ਹਨ। ਕਲਰਕ ਬਾਬੂ ਹੋਣ ਕਰਕੇ ਉਹਨਾਂ ਦਾ ਸਰੀਰ ਸੁਕੜੂ ਜਿਹਾ ਹੈ। ਅੱਖਾਂ, ਚਿਹਰਾ, ਸਭ ਅੰਗਾਂ ਤੋਂ ਟਾਂਗੇ ਦੇ ਘੋੜੇ ਵਾਂਗੂ ਮੱਚ ਮਰਿਆ ਹੋਇਆ ਮਲੂਮ ਹੁੰਦਾ ਹੈ। ਇਹ ਦੁਖਦਾਈ ਖਬਰ ਸੁਣ ਕੇ ਉਨ੍ਹਾਂ ਦੇ ਹੁੱਕੇ ਦੀ ਨਲੀ ਹੱਥ ਵਿੱਚ ਹੀ ਫੜੀ ਰਹਿ ਗਈ। ਦਾਦੇ ਬਾਬੇ ਦੇ ਵੇਲੇ ਦੇ ਪੁਰਾਣੇ ਸਿਰ-ਹਾਣੇ ਦੇ ਸਹਾਰੇ ਉਹ ਮੁਰਦੇ ਜਹੇ ਵਾਂਗ ਡਿਗ ਪਏ ਤੇ ਉਨ੍ਹਾਂ ਦੀ ਹਿੰਮਤ ਹੌਕਾ ਲੈਣ ਦੀ ਵੀ ਨ ਰਹੀ।

ਇਹ ਸ਼ੁਭ ਖਬਰ ਉਨ੍ਹਾਂ ਦੀ ਤੀਸਰੀ ਲੜਕੀ, ਜੋ ਦਸਾਂ ਸਾਲਾਂ ਦੀ ਸੀ, ਲਿਆਈ ਸੀ। ਇਹਦਾ ਨਾਂ 'ਅਨਾਕਾਲੀ' ਸੀ। ਉਸਨੇ ਆਖਿਆ, "ਬਾਬੂ ਜੀ ਚਲੋ ਨ ਵੇਖ ਆਓ।"

ਗੁਰਚਰਨ ਨੇ ਉਸਦੇ ਚਿਹਰੇ ਵੱਲ ਵੇਖਕੇ ਆਖਿਆ, "ਬੇਟੀ ਇੱਕ ਗਲਾਸ ਪਾਣੀ ਤਾਂ ਲੈ ਆ, ਮੈਂ ਪੀਣਾ ਹੈ।"

ਲੜਕੀ ਪਾਣੀ ਲੈਣ ਚਲੀ ਗਈ, ਉਹਦੇ ਚਲੇ ਜਾਣ

ਪਿੱਛੋਂ ਗੁਰਚਰਨ ਨੂੰ ਸਭ ਤੋਂ ਪਹਿਲਾਂ ਸੌਂਗੀ ਦੇ ਕਈ ਤ
ਦੇ ਖਰਚਾਂ ਦਾ ਚੇਤਾ ਆਇਆ ਫੇਰ ਜਿਵੇਂ ਭੀੜ ਹੋਣ ਤੇ
ਗੱਡੀ ਸਟੇਸ਼ਨ ਤੇ ਆਉਂਦਿਆਂ ਹੀ ਥਰਡ ਕਲਾਸ ਦੀਆਂ
ਸਵਾਰੀਆਂ, ਆਪਣਾ ਲਟਾ ਪਟਾ ਲੈ ਕੇ ਦਬਾ ਸੱਟ ਡੱ
ਵਿਚ ਚੜ੍ਹ ਆਉਂਦੀਆਂ ਹਨ, ਏਸੇ ਤਰ੍ਹਾਂ ਉਹਦੇ ਦਿਮਾ
ਵਿਚ ਸੋਚਾਂ ਦਾ ਹੜ੍ਹ ਆਗਿਆ। ਯਾਦ ਆਗਿਆ ਕਿ ਪਿਛ
ਸਾਲ, ਦੂਜੀ ਕੰਨਿਆਂ ਦੇ ਵਿਵਾਹ ਤੇ ਆਪਣਾ ਇਕ ਪਿ
ਦਾਦੇ ਦਾ ਦੋ ਮੰਜ਼ਲਾ ਮਕਾਨ ਗਹਿਣੇ ਪੌਣਾ ਪਿਆ ਸੀ
ਇਸਦਾ ਅੱਜੇ ਛੇ ਮਹੀਨਿਆਂ ਦਾ ਵਿਆਜ ਬਾਕੀ ਸੀ! ਮਹੀ
ਤੱਕ ਦੁਰਗਾ ਪੂਜਾ ਆਉਣ ਵਾਲੀ ਸੀ, ਵਿਚਕਾਰਲੀ ਲੜਕ
ਦੇ ਘਰ ਸੌਗਾਤ ਭੇਜਣੀ ਹੈ। ਦਫਤਰ ਵਿਚ ਇਸ ਵੇਲੇ ਤੱ
ਜਮਾ ਖਰਚ ਦਾ ਜੋੜ ਨਹੀਂ ਮਿਲ ਸਕਿਆ। ਅੱਜ ਬਾ
ਵੱਜੇ ਤੱਕ ਵਲਾਇਤ ਨੂੰ ਹਿਸਾਬ ਭੇਜਣਾ ਹੈ। ਸਾਹਿਬ
ਹੁਕਮ ਦਿੱਤਾ ਹੈ ਕਿ ਕੋਈ ਮੈਲੇ ਕਪੜੇ ਪਾਕੇ ਦਫਤਰ ਨਹੀ
ਆ ਸਕਦਾ। ਸੁਆਦੀ ਗਲ ਇਹ ਹੈ ਕਿ ਪਿਛਲੇ ਹਫਤੇ ਤੋਂ
ਧੋਬੀ ਦਾ ਪਤਾ ਨਹੀਂ, ਖਬਰੇ ਕਪੜੇ ਮਾਰ ਕੇ ਹੀ ਨ ਨੱ
ਗਿਆ ਹੋਵੇ? ਅਧਿਉਂ ਵਧ ਕਪੜੇ ਉਸ ਪਾਸ ਹਨ।

ਗੁਰਚਰਣ ਪਾਸੋਂ ਸਿਰ੍ਹਾਣੇ ਦੇ ਆਸਰੇ ਬੈਠਾ ਨਹੀ
ਗਿਆ, ਹੁੱਕਾ ਇਕ ਪਾਸੇ ਰੱਖ ਕੇ ਲੰਮੇ ਪੈ ਗਏ। ਮਨ ਹੀ ਮ
ਵਿਚ ਆਖਣ ਲੱਗਾ, "ਭਗਵਾਨ! ਇਸ ਕਲਕਤੇ ਵਰ
ਸ਼ਹਿਰ ਵਿਚ, ਪਤਾ ਨਹੀਂ ਹਰ ਰੋਜ਼ ਕਿੰਨੇ ਆਦਮੀ, ਗੱਡੀਆ
ਮੋਟਰਾਂ ਥੱਲੇ ਆ ਕੇ ਮਰਦੇ ਹੋਣਗੇ। ਕੀ ਮੈਂ ਉਹਨਾਂ ਨਾਲ
ਵੀ ਪਾਪੀ ਹਾਂ ਜੋ ਦੁਖ ਭੋਗਣ ਲਈ ਜੀਊਂਦਾ ਬੈਠਾ ਹੋਇਆ

ਹਾਂ। ਕ੍ਰਿਪਾਲੂ ਪਿਤਾ, ਕਿਰਪਾ ਕਰ ਤੇ ਕੋਈ ਭਾਰਾ ਜਿਹਾ ਟਰੱਕ ਮੇਰੀ ਛਾਤੀ ਉਤੋਂ ਦੀ ਵੀ ਲੰਘਾ ਦਿਹ।"

ਅਨਾਰਕਲੀ ਪਾਣੀ ਲੈ ਆਈ। ਕਹਿਣ ਲੱਗੀ, "ਉਠੋ ਪਾਣੀ ਪੀ ਲਓ।"

ਗੁਰਚਰਨ ਨੇ ਉਠ ਕੇ ਸਾਰਾ ਪਾਣੀ ਇਕੋ ਸਾਹੇ ਪੀ ਲਿਆ। ਕਹਿਣ ਲੱਗੇ, "ਆ, ਫੂ! ਜਾ ਬੱਚੀ ਗਲਾਸ ਲੈ ਜਾ।" ਇਹਦੇ ਜਾਣ ਪਿਛੋਂ ਫੇਰ ਲੰਮਾ ਪੈ ਗਿਆ।

ਲਲਿਤਾ ਨੇ ਕਮਰੇ ਵਿਚ ਆ ਕੇ ਆਖਿਆ, "ਮਾਮਾ ਜੀ ਚਾਹ ਲਿਆਈ ਹਾਂ, ਉਠੋ।"

ਚਾਹ ਦਾ ਨਾਂ ਸੁਣ ਕੇ ਗੁਰਚਰਣ ਇਕ ਵਾਰੀ ਫੇਰ ਉਠ ਬੈਠਾ। ਲਲਿਤਾ ਦੇ ਮੂੰਹ ਵਲ ਵੇਖ ਕੇ ਉਹਦੀ ਅੱਧੀ ਅੱਗ ਬੁਝ ਗਈ। ਕਹਿਣ ਲੱਗਾ, ਰਾਤ ਜਾਗਦੀ ਰਹੀ ਏਂ ਆ ਬਚੀ ਜ਼ਰਾ ਮੇਰੇ ਕੋਲ ਬਹਿਜਾ।"

ਲਲਿਤਾ ਸੰਗਾਊ ਹਾਸਾ ਹਸ ਦੀ ਹੋਈ ਕੋਲ ਆ ਕੇ ਬਹਿ ਗਈ ਆਖਣ ਲੱਗੀ, "ਮਾਮਾ ਜੀ ਮੈਂ ਰਾਤ ਨੂੰ ਬਹੁਤਾ ਨਹੀਂ ਜਾਗੀ।"

ਇਸ ਦੁਖ ਦਰਦ ਦੇ ਭਾਰੀ ਬੋਝ ਥੱਲੇ ਦਬਾਏ ਹੋਏ, ਘੁਣ ਖਾਧੇ ਆਦਮੀ ਦੀ ਹਾਲਤ ਨੂੰ ਇਸ ਲੜਕੀ ਤੋਂ ਵੱਧ ਕੋਈ ਨਹੀਂ ਸਮਝਦਾ। ਇਹਦੇ ਹਿਰਦੇ ਵਿਚੋਂ ਛਿਪੇ ਹੋਏ ਚਿੰਤਾ ਦੇ ਰੋਗ ਨੂੰ ਇਹੋ ਹੀ ਜਾਣਦੀ ਹੈ।

ਗੁਰਚਰਨ ਨੇ ਆਖਿਆ, "ਨਾ ਸਹੀ ਤੂੰ ਓਦਾਂ ਹੀ ਮੇਰੇ ਕੋਲ ਆ ਬਹੁ।" ਲਲਿਤਾ ਦੇ ਪਾਸ ਬਹਿਣ ਤੇ ਗੁਰ-ਚਰਣ ਨੇ ਉਸਦੇ ਮੱਥੇ ਤੇ ਹੱਥ ਰੱਖ ਕੇ ਆਖਿਆ, "ਆਪਣੀ

ਏਸ ਧੀ ਨੂੰ ਜੇ ਰਾਜੇ ਦੇ ਘਰ ਮੰਗ ਸਕਦਾ ਤਾਂ ਸਮਝਦਾ ਕਿ ਮੈਂ ਇਕ ਚੰਗਾ ਕੰਮ ਕੀਤਾ ਹੈ।"

ਲਲਿਤਾ ਸਿਰ ਨੀਵਾਂ ਕਰਕੇ ਚਾਹ ਪਾਉਣ ਲੱਗ ਪਈ। ਗੁਰਚਰਣ ਆਖਣ ਲੱਗਾ, ਕਿਉਂ ਧੀਏ, ਤੈਨੂੰ ਏਸ ਦੁਖੀ ਮਾਮੇ ਦੇ ਘਰ ਆਕੇ ਰਾਤ ਦਿਨ ਮਿਹਨਤ ਹੀ ਕਰਨੀ ਪੈਂਦੀ ਹੈ, ਇਹ ਕਿਉਂ ?

ਲਲਿਤਾ ਨੇ ਸਿਰ ਹਿਲਾਕੇ ਆਖਿਆ, "ਮਾਮਾ ਜੀ ਮੈਂ ਕੋਈ ਇਕੱਲੀ ਕੰਮ ਕਰਦੀ ਹਾਂ ਸਾਰੇ ਲੋਕੀ ਹੀ ਕਰਦੇ ਹਨ।"

ਹੁਣ ਗੁਰਚਰਣ ਦੇ ਬੁਲ੍ਹਾਂ ਤੇ ਥੋੜਾ ਹਾਸਾ ਆ ਗਿਆ। ਚਾਹ ਪੀਂਦਿਆਂ ਹੋਇਆਂ ਕਹਿਣ ਲੱਗਾ! ਹੱਛਾ ਲਲਿਤਾ ਅਜ ਰੋਟੀ ਦਾ ਕੀ ਬਣੇਗਾ ?

ਲਲਿਤਾ ਨੇ ਮੂੰਹ ਚੁੱਕ ਕੇ ਆਖਿਆ, "ਮਾਮਾਂ ਮੈਂ ਬਣਾਊਂਗੀ ?"

ਗੁਰਚਰਣ ਨੇ ਹੈਰਾਨ ਹੋ ਕੇ ਪੁਛਿਆ, ਤੂੰ ਕਿਦਾਂ ਬਣਾਏਂਗੀ ਧੀਏ, ਤੈਨੂੰ ਕੀ ਕੀ ਬਣਾਉਣਾ ਆਉਂਦਾ ਹੈ ?

"ਸਭ ਕੁਝ ਆਉਂਦਾ ਹੈ ਮਾਮਾਂ ਜੀ, ਮੈਂ ਭਾਬੀ ਪਾਸੋਂ ਸਭ ਸਿਖ ਲਿਆ ਹੈ।"

ਗੁਰਚਰਣ ਨੇ ਚਾਹ ਦਾ ਗਿਲਾਸ ਥੱਲੇ ਰੱਖ ਕੇ ਆਖਿਆ, "ਸੱਚੀਂ ?"

'ਸੱਚੀਂ', ਮੈਂ ਤਾਂ ਕਈ ਵਾਰੀ ਰਸੋਈ ਕਰ ਚੁਕੀ ਹਾਂ।

ਇਹ ਆਖ ਕੇ ਉਹਨੇ ਨੀਵੀਂ ਪਾ ਲਈ। ਉਹਦੇ ਝੁਕੇ ਹੋਏ ਸਿਰ ਤੇ ਹੱਥ ਰੱਖ ਕੇ ਗੁਰਚਰਣ ਨੇ ਅਸ਼ੀਰਵਾਦ

ਦਿੱਤੀ। ਉਹਦੀ ਇਕ ਭਾਰੀ ਚਿੰਤਾ ਹਟ ਗਈ।

ਇਹਦਾ ਮਕਾਨ ਗਲੀ ਦੇ ਉਤੇ ਹੀ ਹੈ। ਚਾਹ ਪੀਂਦਿਆਂ ਪੀਂਦਿਆਂ ਬਾਰੀ ਤੋਂ ਬਾਹਰ ਨਜ਼ਰ ਪੈਂਦਿਆਂ ਹੀ ਉਸ ਨੇ ਚਿੱਲਾਅ ਕੇ ਆਖਿਆ, "ਸ਼ੇਖਰ ਏਂ ? ਸੁਣੋ ! ਸਣੋ !"

ਇਕ ਲੰਮੇ ਕੱਦ ਕਾਠ ਦਾ ਸੁਹਣਾ ਜਿਹਾ ਗਭਰੂ ਅੰਦਰ ਆ ਗਿਆ।

ਗੁਰਚਰਨ ਨੇ ਆਖਿਆ, "ਬਹਿ ਜਾਹ ! ਅਜ ਤੂੰ ਆਪਣੀ ਚਾਚੀ ਦੀ ਸੁਵੇਰ ਦੀ ਕਰਤੂਤ ਤਾਂ ਸੁਣ ਹੀ ਲਈ ਹੋਵੇਗੀ ?

ਸ਼ੇਖਰ ਨੇ ਮੁਸਕ੍ਰਾਉਂਦਿਆਂ ਹੋਇਆਂ ਕਿਹਾ, ਕੀ ਕਰਤੂਤ ? ਲੜਕੀ ਹੋਈ ਹੈ ?

ਗੁਰਚਰਣ ਨੇ ਹੌਕਾ ਲੈ ਕੇ ਆਖਿਆ, "ਤੇਰੇ ਭਾ ਦੀ ਤਾਂ ਕੋਈ ਗਲ ਨਹੀਂ। ਪਰ ਜੋ ਕੁਝ ਹੋਇਆ ਹੈ, ਇਹ ਮੈਂ ਹੀ ਜਾਣਦਾ ਹਾਂ।"

ਸ਼ੇਖਰ ਨੇ ਆਖਿਆ, "ਚਾਚਾ ਜੀ ਏਦਾਂ ਨਾ ਆਖੋ, "ਚਾਚੀ ਸੁਣੇਗੀ ਤਾਂ ਉਹਨੂੰ ਬੜਾ ਹਿਰਖ ਹੋਵੇਗਾ।" ਇਸ ਤੋਂ ਬਿਨਾਂ ਜੇ ਰੱਬ ਨੇ ਜੀ ਭੇਜਿਆ ਹੈ, ਉਸ ਨੂੰ ਜੀ ਆਇਆਂ ਆਖਣਾ ਚਾਹੀਦਾ ਹੈ।

ਗੁਰਚਰਣ ਥੋੜਾ ਚਿਰ ਚੁੱਪ ਹੋਕੇ ਬੋਲਿਆ, "ਲਾਡ ਪਿਆਰ ਕਰਨਾ ਚਾਹੀਦਾ ਹੈ ਜਾਂ ਜੀ ਆਇਆਂ ਨੂੰ ਆਖਣਾ ਚਾਹੀਦਾ ਹੈ ਇਹ ਤਾਂ ਮੈਂ ਹੀ ਚੰਗੀ ਤਰ੍ਹਾਂ ਜਾਣਦਾ ਹਾਂ। ਪਰ ਕਾਕਾ ਭਗਵਾਨ ਵੀ ਤਾਂ ਇਨਸਾਫ ਨਹੀਂ ਕਰਦੇ। ਮੈਂ

ਗਰੀਬ ਹਾਂ ਮੇਰੇ ਘਰ ਇਹ ਕੁੜੀਆਂ ਦੀ ਧਾੜ ਕਿਉਂ? ਰਹਿਣ ਦਾ ਮਕਾਨ ਤਾਂ ਤੇਰੇ ਪਿਓ ਪਾਸ ਗਹਿਣੇ ਰੱਖ ਚੁੱਕਾ ਹਾਂ। ਪਰ ਕੋਈ ਗਲ ਨਹੀਂ। ਇਹਦਾ ਮੈਨੂੰ ਕੋਈ ਦੁਖ ਨਹੀਂ। ਪਰ ਇਹ ਤਾਂ ਸੋਚ ਕਾਕਾ? ਇਹ ਜੋ ਸਾਡੀ ਲਲਿਤਾ ਹੈ, ਜਿਹਦਾ ਮਾਂ ਪਿਉ ਕੋਈ ਨਹੀਂ, ਇਹ ਸੋਨੇ ਦੀ ਪੁਤਲੀ ਤਾਂ ਕਿਸੇ ਰਾਜ ਘਰਾਣੇ ਅੰਦਰ ਹੀ ਸੋਭਾ ਪਾ ਸਕਦੀ ਹੈ। ਮੈਂ ਕਿਦਾਂ ਇਸਨੂੰ ਥਾਂ ਕੁਥਾਂ ਦੇ ਦਿਆਂ? ਰਾਜਾ ਦੇ ਮੁਕਟ ਤੇ ਜੋ ਕੋਹਨੂਰ ਹੀਰਾ ਚਮਕਦਾ ਹੈ, ਐਹੋ ਜਹੇ ਹਜ਼ਾਰਾਂ ਹੀਰੇ ਵੀ ਮੇਰੀ ਇਸ ਬੇਟੀ ਦਾ ਟਾਕਰਾ ਨਹੀਂ ਕਰ ਸਕਦੇ, ਇਹ ਗੱਲ ਕੌਣ ਸਮਝੇਗਾ? ਪੈਸਿਆਂ ਦੇ ਘਾਟੇ ਕਰਕੇ ਮੈਨੂੰ ਇਹੋ ਜਹੇ ਰਤਨ ਵੀ ਗੁਆਉਣੇ ਪੈਣਗੇ? ਤੂੰਹੀ ਦੱਸ ਬੇਟਾ, ਇਸ ਹਾਲਤ ਵਿਚ ਕਿੱਡਾ ਵੱਡਾ ਤੀਰ ਕਲੇਜੇ ਵਿਚ ਲਗਦਾ ਹੈ? ਇਹ ਤੇਰਾਂ ਸਾਲਾਂ ਦੀ ਹੋ ਚੁੱਕੀ ਹੈ, ਪਰ ਇਸ ਵੇਲੇ ਮੇਰੇ ਹੱਥ ਵਿਚ ਤੇਰ੍ਹਾਂ ਪੈਸੇ ਵੀ ਨਹੀਂ ਹਨ ਤਾਂ ਜੋ ਮੈਂ ਇਸਦਾ ਕੋਈ ਸਬੰਧ ਹੀ ਬਣਾ ਸਕਾਂ।

ਗੁਰਚਰਨ ਦੀਆਂ ਅੱਖਾਂ ਵਿਚ ਅਥਰੂ ਭਰ ਆਏ। ਸ਼ੇਖਰ ਚੁੱਪ ਚਾਪ ਬੈਠਾ ਰਿਹਾ। ਗੁਰਚਰਨ ਆਖਣ ਲੱਗਾ, "ਸ਼ੇਖਰ ਨਾਥ ਵੇਖਣਾ ਤਾਂ ਸਹੀ ਜੇ ਮਿੱਤਰਾਂ ਵਿਚੋਂ ਕੋਈ ਇਸ ਲੜਕੀ ਦੀ ਬਾਂਹ ਫੜ ਸਕੇ। ਸੁਣਿਆਂ ਹੈ ਕਿ ਅੱਜ ਕੱਲ ਬਹੁਤ ਸਾਰੇ ਲੜਕੇ ਸਿਰਫ ਲੜਕੀ ਨੂੰ ਵੇਖ ਕੇ ਹੀ ਪਸੰਦ ਕਰ ਲੈਂਦੇ ਹਨ ਤੇ ਰੁਪੈ ਪੈਸੇ ਦਾ ਖਿਆਲ ਨਹੀਂ ਕਰਦੇ। ਜੇ ਇਹੋ ਜਿਹਾ ਕੋਈ ਲੜਕਾ ਮੇਰੇ ਮੱਥੇ ਲਾ ਦਿਓ ਤਾਂ ਮੈਂ ਸੱਚ ਆਖਦਾ ਹਾਂ ਕਿ ਮੇਰੀ ਅਸੀਸ ਨਾਲ ਤੁਸੀਂ

ਰਾਜਾ ਬਣ ਜਾਉਗੇ। ਹੋਰ ਕੀ ਆਖਾਂ ਕਾਕਾ, ਤੇਰਾ ਪਿਉ ਮੈਨੂੰ ਛੋਟਾ ਭਰਾ ਹੀ ਸਮਝਦਾ ਹੈ।"

ਸ਼ੇਖਰ ਨੇ ਸਿਰ ਹਿਲਾ ਕੇ ਆਖਿਆ, "ਚੰਗਾ ਮੈਂ ਲਭਾਂਗਾ।"

ਗੁਰਚਰਨ ਨੇ ਆਖਿਆ, ਭੁਲਣਾ ਨਹੀਂ ਬੱਚਾ, ਧਿਆਨ ਰੱਖਣਾ। ਲਲਿਤਾ ਤਾਂ ਅੱਠਾਂ ਸਾਲਾਂ ਤੋਂ ਤੇਰੇ ਕੋਲ ਹੀ ਪੜ੍ਹ ਲਿਖ ਕੇ ਮੁਟਿਆਰ ਹੋਈ ਹੈ। ਤੂੰ ਤਾਂ ਜਾਣਦਾ ਈਏਂ ਕਿਹੋ ਜਹੀ ਸਿਆਣੀ ਤੇ ਸ਼ਾਂਤ ਸੁਭਾ ਦੀ ਹੈ। ਭਾਵੇਂ ਉਮਰ ਦੀ ਛੋਟੀ ਹੈ, ਪਰ ਅੱਜ ਤੋਂ ਇਹੋ ਰੋਟੀ ਪਾਣੀ ਕਰੇਗੀ। ਖੁਆਏਗੀ, ਪਿਲਾਏਗੀ, ਸਭ ਘਰ ਇਸੇ ਦੇ ਜੁੰਮੇ ਹੈ!"

ਇਸ ਵੇਲੇ ਲਲਿਤਾ ਨੇ ਅੱਖਾਂ ਚੁੱਕ ਕੇ ਵੇਖਿਆ ਤੇ ਫੇਰ ਨੀਵੀਂ ਪਾ ਲਈ। ਉਸਦੇ ਬੁਲ੍ਹਾਂ ਦੇ ਦੋਵੇਂ ਕੰਢੇ ਕੁਝ ਚੌੜੇ ੨ ਹੋ ਗਏ। ਗੁਰਚਰਨ ਨੇ ਇਕ ਹੌਕਾ ਲਿਆ, ਇਸਦੇ ਪਿਉ ਨੇ ਕੋਈ ਘੱਟ ਕਮਾਈ ਕੀਤੀ ਸੀ, ਪਰ ਸਭ ਕੁਝ ਏਦਾਂ ਪੁੰਨ ਕਰ ਗਏ ਕਿ ਆਪਣੀ ਲੜਕੀ ਵਾਸਤੇ ਵੀ ਕੁਝ ਨਹੀਂ ਛਡਿਆ।

ਸ਼ੇਖਰ ਚੁਪ ਕਰ ਰਿਹਾ। ਗੁਰਚਰਨ ਆਪਣੇ ਆਪ ਹੀ ਕਹਿਣ ਲੱਗਾ, ਇਹ ਵੀ ਕਿੱਦਾਂ ਕਿਹਾ ਜਾਏ ਕਿ ਕੁਝ ਨਹੀਂ ਛੱਡ ਗਏ? ਉਹਨਾਂ ਜਿੰਨੇ ਦੁਖੀਆਂ ਦੇ ਦੁਖ ਦੂਰ ਕੀਤੇ ਹਨ, ਸਭ ਦਾ ਫਲ ਵੀ ਤਾਂ ਇਸ ਧੀ ਲਈ ਹੀ, ਛਡ ਗਏ ਹਨ। ਨਹੀਂ ਤਾਂ ਐਡੀ ਛੋਟੀ ਉਮਰ ਦੀ ਲੜਕੀ ਐਹੋ ਜਹੀ ਸੁਘੜ ਹੋਸਕਦੀ ਸੀ? ਤੂੰ ਹੀ ਸੋਚ ਕੇ ਦੱਸ, ਠੀਕ ਹੈ ਕਿ ਨਹੀਂ?

ਸ਼ੇਖਰ ਹੱਸ ਪਿਆ ਤੇ ਕੋਈ ਜੁਵਾਬ ਨ ਦਿੱਤਾ।

ਉਹ ਉਠਣ ਲੱਗਾ ਤਾਂ ਗੁਰਚਰਨ ਨੇ ਪੁਛਿਆ: ਐਂ ਸੁਵੇਰੇ ਕਿਧਰ ਚਲੇ ਓ ?

ਸ਼ੇਖਰ ਨੇ ਆਖਿਆ. 'ਬੈਰਿਸਟਰ ਦੇ ਘਰ, ਇਕ ਮੁਕਦਮਾਂ ਹੈ।' ਇਹ ਆਖਕੇ ਉਹ ਉਠ ਖਲੋਤਾ, ਗੁਰਬਚਨ ਨੇ ਫੇਰ ਇਕ ਵਾਰੀ ਯਾਦ ਕਰਵਾਕੇ ਆਖਿਆ, 'ਜ਼ਰਾ ਧਿਆਨ ਰੱਖ' ਕਾਕਾ ! ਲਲਤਾ ਵੇਖਣ ਵਿਚ ਕੁਝ ਪੱਕੇ ਰੰਗ ਦੀ ਜਰੂਰ ਹੈ, ਪਰ ਐਹੋ ਜਹੀਆਂ ਅਖੀਆਂ ਐਹੋ ਜਿਹਾ ਚਿਹਰਾ, ਇਹੋ ਜਹੀ ਮੁਸਕਰਾਹਟ, ਐਨੀ ਦਇਆ ਭਰਪੂਰ ਲੜਕੀ ਦੁਨੀਆਂ ਵਿਚ ਢੂੰਡਿਆਂ ਵੀ ਨਹੀਂ ਮਿਲੇਗੀ।'

ਸ਼ੇਖਰ ਸਿਰ ਹਿਲਾਂਦਾ ਤੇ ਹੱਸਦਾ ਹੋਇਆ ਬਾਹਰ ਚਲਿਆ ਗਿਆ।

ਇਸ ਮੁੰਡੇ ਦੀ ਉਮਰ ਪੰਝੀ ਛਬੀ ਵਰ੍ਹੇ ਦੀ ਹੋਵੇਗੀ, ਐਮ. ਏ. ਪਾਸ ਕਰਕੇ ਅਜੇ ਤੱਕ ਹੋਰ ਵਧ ਲਿਖ ਪੜ੍ਹ ਰਿਹਾ ਸੀ, ਪਿਛਲੇ ਸਾਲ ਤੋਂ ਅਟਰਨੀ ਹੋਇਆ ਹੈ, ਇਹਦੇ ਪਿਤਾ ਨਵੀਨ ਚੰਦਰ ਗੁੜ ਦੇ ਕੰਮ ਵਿਚੋਂ ਲਖਪਤੀ ਹੋ ਕੇ ਹੁਣ ਕੁਝ ਸਾਲਾਂ ਤੋਂ ਘਰ ਬੈਠੇ ਹੀ ਬਪਾਰ ਦਾ ਕੰਮ ਕਰ ਰਹੇ ਹਨ, ਵਡਾ ਲੜਕਾ ਅਵਨਾਸ ਚੰਦ੍ਰ ਵਕੀਲ ਹੈ। ਛੋਟਾ ਸ਼ੇਖਰ ਅਟਰਨੀ ਹੋ ਗਿਆ ਹੈ। ਇਹਨਾਂ ਦਾ ਤਿੰਨਮਜ਼ਲਾ ਮਕਾਨ ਮਹੱਲੇ ਵਿਚੋਂ ਸਭ ਤੋਂ ਉੱਚਾ ਹੈ, ਗੁਰਚਰਣ ਦੀ ਛੱਤ ਤੇ ਓਸਦੀ ਛੱਤ ਦੋਵੇਂ ਮਿਲੀਆਂ ਹੋਈਆਂ ਹੋਣ ਕਰਕੇ ਦੋਹਾਂ ਪਰਵਾਰਾਂ ਵਿਚ ਪੱਕੀ ਮਿੱਤਰਤਾ ਹੋ ਗਈ ਹੈ, ਘਰਦੀਆਂ

ਜਨਾਨੀਆਂ ਏਸ ਛੱਤ ਤੋਂ ਹੀ ਇਕ ਦੂਜੇ ਵਲ ਆਉਂਦੀਆਂ ਜਾਂਦੀਆਂ ਹਨ ।

—o—

## ੨.

ਸ਼ਿਆਮ ਬਾਜ਼ਾਰ ਦੇ ਇਕ ਬਹੁਤ ਵੱਡੇ ਆਦਮੀ ਦੇ ਘਰ ਸ਼ੇਖਰ ਦੇ ਵਿਆਹ ਦੀ ਗੱਲ ਬਾਤ ਚਲ ਰਹੀ ਸੀ । ਉਸ ਦਿਨ ਜਦੋਂ ਉਹ ਸ਼ੇਖਰ ਨੂੰ ਵੇਖਣ ਆਏ ਤਾਂ ਉਹਨਾਂ ਚਾਹਿਆ ਕਿ ਆਉਣ ਵਾਲੇ ਮਾਘ ਵਿਚ ਹੀ ਕੋਈ ਸ਼ੁਭ ਮਹੂਰਤ ਵੇਖਕੇ ਵਿਆਹ ਪੱਕਾ ਕਰ ਦਿੱਤਾ ਜਾਏ । ਪਰ ਸ਼ੇਖਰ ਦੀ ਮਾਂ ਨ ਮੰਨੀ, ਮਹਿਰੀ ਪਾਸੋਂ ਅਖਵਾਇਆ ਕਿ ਲੜਕਾ ਆਪ ਵੇਖਕੇ ਪਸੰਦ ਕਰੇਗਾ ਤਾਂ ਵਿਆਹ ਪੱਕਾ ਹੋਵੇਗਾ ।

ਨਵੀਨ ਚੰਦ ਦਾ ਧਿਆਨ ਦਾਤ ਵਲ ਸੀ । ਉਨ੍ਹਾਂ ਆਪਣੀ ਘਰ ਵਾਲੀ ਦੀ ਇਸ ਗਲ ਤੋਂ ਨਾਰਾਜ਼ ਹੋਕੇ ਆਖਿਆ, 'ਇਹ ਕੀ ਗੱਲ ਹੈ,ਕੁੜੀ ਵੇਖੀ ਵਾਖੀ ਤਾਂ ਹੈ ਗੱਲ ਪੱਕੀ ਕਰ ਲਓ ਮਿਲਣੀ ਵੇਲੇ ਹੋਰ ਵੇਖ ਲਈਂ' ।

ਫੇਰ ਵੀ ਘਰ ਵਾਲੀ ਨੇ ਹਾਂ ਵਿਚ ਹਾਂ ਨਾ ਮਿਲਾਈ । ਗੱਲ ਪੱਕੀ ਨ ਹੋ ਸਕੀ । ਨਵੀਨ ਚੰਦ੍ਰ ਗੁੱਸੇ ਦੇ ਮਾਰਿਆਂ ਬੜਾ ਚਿਰਾਕਾ ਭੋਜਨ ਕੀਤਾ ਤੇ ਦੁਪਹਿਰ ਨੂੰ ਬੈਠਕੇ ਹੀ ਅਰਾਮ ਕੀਤਾ ।

ਸ਼ੇਖਰ ਨਾਥ ਜ਼ਰਾ ਕੁਝ ਸ਼ੌਕੀਨ ਤਬੀਅਤ ਦਾ ਹੈ।

ਉਹ ਤੀਜੀ ਮੰਜ਼ਲੇ ਜਿਸ ਕਮਰੇ ਵਿਚ ਰਹਿੰਦਾ ਹੈ, ਉਹ ਬਹੁਤ ਹੀ ਸਜਿਆ ਹੋਇਆ ਹੈ। ਪੰਜ ਛੇ ਦਿਨਾਂ ਪਿਛੋਂ ਇੱਕ ਵੱਡੇ ਸ਼ੀਸ਼ੇ ਦੇ ਸਾਹਮਣੇ ਖਲੋਕੇ, ਸ਼ੇਖਰ ਲੜਕੀ ਵੇਖਣ ਜਾਣ ਲਈ ਤਿਆਰ ਹੋ ਰਿਹਾ ਸੀ, ਏਨੇ ਚਿਰ ਨੂੰ ਲਲਿਤਾ ਅੰਦਰ ਆ ਗਈ, ਕੁਝ ਚਿਰ ਚੁੱਪ ਚਾਪ ਖਲੋਤੀ ਰਹਿਕੇ ਉਸਨੇ ਪੁਛਿਆ, "ਵਹੁਟੀ ਵੇਖਣ ਜਾ ਰਹੇ ਹੋ ?"

ਸ਼ੇਖਰ ਨੇ ਆਖਿਆ, "ਚੰਗਾ ਆਗਈ ਏਂ, ਚੰਗੀ ਤਰ੍ਹਾਂ, ਮੈਨੂੰ ਬਣਾ ਸਵਾਰ ਦਿਹ ਤਾਂ ਜੋ ਵਹੁਟੀ ਦੇ ਪਸੰਦ ਆ ਜਾਵਾਂ।"

ਲਲਿਤਾ ਹੱਸ ਪਈ। ਬੋਲੀ, "ਅਜੇ ਤਾਂ ਮੈਨੂੰ ਵਿਹਲ ਨਹੀਂ ਭਰਾਵਾ, ਰੁਪੈ ਲੈਣ ਆਈ ਹਾਂ।" ਇਹ ਆਖਕੇ ਉਹਨੇ ਸਿਰਹਾਣੇ ਦੇ ਥੱਲਿਓਂ ਚਾਬੀਆਂ ਦਾ ਗੁੱਛਾ ਕੱਢ ਕੇ ਦਰਾਜ਼ ਖੋਲ੍ਹੀ, ਗਿਣ ਗਿਣ ਕੇ ਕੁਝ ਰੁਪੈ ਪੱਲੇ ਬੰਨ੍ਹ ਦੀ ਹੋਈ ਨੇ, ਬਹੁਤ ਹੌਲੀ ਹੌਲੀ ਮਨ ਹੀ ਮਨ ਵਿੱਚ ਆਖਿਆ, "ਲੋੜ ਪੈਣ ਤੇ ਰੁਪੈ ਤਾਂ ਲੈ ਹੀ ਜਾਂਦੀ ਹਾਂ, ਇਹ ਉਤਰਨਗੇ ਕਿੱਦਾਂ ?

ਸ਼ੇਖਰ ਨੇ ਇੱਕ ਪਾਸੇ ਦੇ ਵਾਲਾਂ ਨੂੰ ਢੰਗ ਨਾਲ ਉਤਾਹਾਂ ਚੁੱਕ ਕੇ ਆਖਿਆ, "ਉਤਰਨਗੇ ਜਾਂ ਉਤਰ ਰਹੇ ਹਨ।"

ਲਲਿਤਾ ਸਮਝ ਨ ਸਕੀ, ਵੇਖਦੀ ਰਹੀ।

ਸ਼ੇਖਰ ਨੇ ਆਖਿਆ, ਵੇਖਦੀ ਕੀ ਏਂ, ਸਮਝ ਨਹੀਂ ਸਕੀ ?

ਲਲਿਤਾ ਨੇ ਸਿਰ ਹਿਲਾਕੇ ਆਖਿਆ, "ਨਹੀਂ।"

"ਜ਼ਰਾ ਹੋਰ ਵੱਡੀ ਹੋਵੇਗੀ ਤਾਂ ਪਤਾ ਲੱਗ ਜਾਇਗਾ।" ਇਹ ਆਖਦਾ ਸ਼ੇਖਰ ਜੁੱਤੀ ਪਾਕੇ ਚਲਿਆ ਗਿਆ। ਰਾਤ ਨੂੰ

ਸ਼ੇਖਰ ਇਕ ਕੌਚ ਤੇ ਚੁੱਪ ਚਾਪ ਲੰਮਾ ਪਿਆ ਹੋਇਆ ਸੀ ਕਿ ਏਨੇ ਚਿਰ ਨੂੰ ਮਾਂ ਕਮਰੇ ਵਿਚ ਆ ਗਈ। ਉਹ ਝੱਟ ਪੱਟ ਉਠਕੇ ਬਹਿ ਗਿਆ, ਮਾਂ ਇੱਕ ਚੌਂਕੀ ਤੇ ਬਹਿ ਗਈ। ਕਹਿਣ ਲੱਗੀ, "ਦੱਸ ਕੁੜੀ ਕਿਹੋ ਜਹੀ ਹੈ?"

ਸ਼ੇਖਰ ਦੀ ਮਾਂ ਦਾ ਨਾਂ 'ਭਵਨੇਸ਼ਵਰੀ' ਹੈ। ਉਮਰ ਪੰਜਾਹਾਂ ਦੇ ਲਗ ਭਗ ਹੋਵੇਗੀ। ਪਰ ਸਰੀਰ ਐਹੋ ਜਿਹਾ ਗੁੰਦਿਆ ਹੋਇਆ ਹੈ ਕਿ ਵੇਖਣ ਵਿੱਚ ਪੈਂਤੀਆਂ ਛੱਤੀਆਂ ਤੋਂ ਵੱਧ ਨਹੀਂ ਜਾਪਦੀ। ਇਸ ਸੁੰਦ੍ਰ ਸਰੀਰ ਵਿਚਕਾਰ ਜੋ ਮਾਂ ਦਾ ਹਿਰਦਾ ਸੀ ਉਹ ਹੋਰ ਵੀ ਜੁਵਾਨ ਤੇ ਕੋਮਲ ਸੀ। ਇਹ ਪਿੰਡਾਂ ਦੀ ਲੜਕੀ ਸੀ, ਪਿੰਡ ਵਿੱਚ ਪਲਕੇ ਹੀ ਜਵਾਨ ਹੋਈ ਸੀ, ਪਰ ਸ਼ਹਿਰ ਵਿੱਚ ਇਕ ਦਿਨ ਵੀ ਓਪਰੀ ਨਹੀਂ ਲੱਗੀ। ਸ਼ਹਿਰ ਦੀ ਚੰਚਲਤਾ, ਬਣਾ ਤਣਾਹੋਰ ਢੱਜ ਅਚਾਰ ਨੂੰ ਜਿੰਨੀ ਸੁਖਾਲੀ ਤਰ੍ਹਾਂ ਇਸਨੇ ਧਾਰਨ ਕਰ ਲਿਆ ਸੀ, ਉਸੇ ਤਰ੍ਹਾਂ ਹੀ ਜਨਮ ਭੂਮੀ ਦੀ ਸਾਦਗੀ, ਮਿਲਾਪੜਾ ਸੁਭਾ ਵੀ ਨਹੀਂ ਸੀ ਛਡਿਆ।

ਮਾਂ ਸ਼ੇਖਰ ਵਾਸਤੇ ਕਿੰਨੀ ਮਾਣ ਦੀ ਥਾਂ ਹੈ, ਇਹ ਗੱਲ ਉਸਦੀ ਮਾਂ ਵੀ ਨਹੀਂ ਜਾਣਦੀ। ਜਗਦੀਸ਼ਰ ਨੇ ਸ਼ੇਖਰ ਨੂੰ ਬਹੁਤੇਰੀਆਂ ਚੀਜ਼ਾਂ ਦਿੱਤੀਆਂ ਹਨ। ਵਧੀਆ ਸਿਹਤ, ਰੂਪ, ਪਦਾਰਥ ਤੇ ਬੁੱਧੀ, ਪਰ ਐਹੋ ਜਹੀ ਮਾਂ ਦੀ ਉਲਾਦ ਹੋਣ ਵਿਚ ਉਹ ਪ੍ਰਮਾਤਮਾਂ ਦਾ ਬਹੁਤ ਧੰਨਵਾਦੀ ਹੈ।

ਮਾਂ ਨੇ ਆਖਿਆ 'ਚੰਗੀ' ਆਖਕੇ ਚੁੱਪ ਕਿਉਂ ਹੋ ਗਿਆ ਏਂ?"

ਸ਼ੇਖਰ ਫੇਰ ਜ਼ਰਾ ਹੱਸ ਕੇ ਤੇ ਨੀਵੀਂ ਪਾ ਕੇ ਬੋਲਿਆ

"ਤੁਸਾਂ ਜੋ ਪੁਛਿਆ ਮੈਂ ਦਸ ਦਿੱਤਾ।"

ਮਾਂ ਹੱਸ ਪਈ, ਕਹਿਣ ਲੱਗੀ, ਕੀ ਦਸਿਆ ? ਰੰਗ ਕਿਹੋ ਜਿਹਾ ਹੈ ? ਕਿਹਦੇ ਵਰਗਾ ਹੈ, ਆਪਣੀ ਲਲਿਤਾ ਵਰਗਾ ?"

ਸ਼ੇਖਰ ਨੇ ਆਖਿਆ, ਲਲਿਤਾ ਤਾਂ "ਕਾਲੀ ਹੈ, ਉਹ ਇਸ ਨਾਲੋਂ ਗੋਰੀ ਹੈ।"

"ਮੂੰਹ ਮੱਥਾ ਕਿਹੋ ਜਿਹਾ ਸੇ ?"

"ਚੰਗਾ ਏ, ਕੋਈ ਬੁਰਾ ਨਹੀਂ "

"ਆਖ ਦਿਆਂ ਤੇਰੇ ਬਾਬੂ ਨੂੰ ?"

ਸ਼ੇਖਰ ਚੁੱਪ ਹੋ ਗਿਆ।

ਮਾਂ ਝੱਟ ਕੁ ਪੁੱਤ ਵੱਲ ਵੇਖ ਕੇ ਪੁਛਣ ਲੱਗੀ, "ਕਿਉਂ ਵੇ ਉਹ ਪੜ੍ਹੀ ਲਿਖੀ ਵੀ ਹੈ ?"

ਸ਼ੇਖਰ ਨੇ ਆਖਿਆ, "ਮਾਂ ਇਹ ਤਾਂ ਨਹੀਂ ਪੁਛਿਆ।"

ਬੜੀ ਹੈਰਾਨ ਹੋਕੇ ਮਾਂ ਨੇ ਕਿਹਾ, ਪੁਛਿਆ ਕਿਉਂ ਨਹੀਂ ? ਅੱਜ ਕੱਲ ਤੁਹਾਡੇ ਮੁੰਡਿਆਂ ਲਈ ਜੋ ਸਾਰਿਆਂ ਤੋਂ ਜ਼ਰੂਰੀ ਗੱਲ ਹੈ, ਉਹ ਤਾਂ ਪੁੱਛੀ ਹੀ ਨਹੀਂ ?

ਸ਼ੇਖਰ ਨੇ ਹੱਸ ਕੇ ਆਖਿਆ, "ਨਹੀਂ ਮਾਂ ਮੈਨੂੰ ਇਹ ਗੱਲ ਪੁਛਣੀ ਚੇਤੇ ਹੀ ਨਹੀਂ ਰਹੀ।"

ਲੜਕੇ ਦੀ ਗੱਲ ਸੁਣਕੇ ਉਹ ਇਸਦੇ ਵੱਲ ਹੈਰਾਨੀ ਨਾਲ ਵੇਖਦੀ ਰਹੀ। ਫੇਰ ਹੱਸ ਕੇ ਬੋਲੀ, "ਮਲੂਮ ਹੁੰਦਾ ਹੈ ਕਿ ਤੂੰ ਕਿਤੇ ਵੀ ਵਿਆਹ ਨਹੀਂ ਕਰਵਾਏਂਗਾ।"

ਸ਼ੇਖਰ ਕੁਝ ਆਖਣਾ ਚਾਹੁੰਦਾ ਸੀ ਕਿ ਉਸੇ ਵੇਲੇ ਲਲਿਤਾ ਦੇ ਆਉਣ ਕਰਕੇ ਚੁੱਪ ਹੋ ਗਿਆ। ਲਲਿਤਾ ਹੌਲੀ

ਜਹੀ 'ਭਵਨੇਸ਼ਵਰੀ' ਦੇ ਪਿੱਛੇ ਆ ਖਲੋਤੀ। ਉਹਨੇ ਖੱਬੇ ਹੱਥ ਨਾਲ ਉਹਨੂੰ ਅਗਾਂਹ ਨੂੰ ਖਿੱਚ ਕੇ ਆਖਿਆ, "ਕੀ ਹੈ ਬੱਚੀ !"

ਲਲਿਤਾ ਨੇ ਹੌਲੀ ਜਹੀ ਆਖਿਆ, "ਕੁਝ ਨਹੀਂ ਮਾਂ !"

ਲਲਿਤਾ ਪਹਿਲੇ 'ਭਵਨੇਸ਼ਵਰੀ' ਨੂੰ ਮਾਸੀ ਆਖਦੀ ਹੁੰਦੀ ਸੀ। ਪਰ ਉਸ ਮਨ੍ਹਾਂ ਕਰ ਦਿੱਤਾ ਤੇ ਆਖਿਆ, "ਮੈਂ ਤਾਂ ਤੇਰੀ ਮਾਸੀ ਨਹੀਂ ਲਲਿਤਾ, ਮਾਂ ਹਾਂ" ਤਦੋਂ ਤੋਂ ਇਹ ਉਸਨੂੰ ਮਾਂ ਆਖਦੀ ਹੈ। ਭਵਨੇਸ਼ਵਰੀ ਨੇ ਉਹਨੂੰ ਪਿਆਰ ਨਾਲ ਛਾਤੀ ਦੇ ਨਾਲ ਲਾ ਕੇ ਆਖਿਆ, 'ਕੁਝ ਨਹੀਂ ? ਤਾਂ ਸ਼ਾਇਦ ਮੈਨੂੰ ਵੇਖਣ ਹੀ ਆਈ ਹੋਵੇਂਗੀ, ਠੀਕ ਹੈ ?

ਲਲਿਤਾ ਚੁੱਪ ਰਹੀ।

ਸ਼ੇਖਰ ਨੇ ਆਖਿਆ, ਵੇਖਣ ਆਈ ਹੈ ਤਾਂ ਰੋਟੀ ਟੁੱਕ ਕਦੋਂ ਕਰੇਂਗੀ ?

ਮਾਂ ਨੇ ਆਖਿਆ, ਇਹ ਰੋਟੀ ਟੁੱਕ ਕਿਉਂ ਕਰੇਗੀ ?

ਸ਼ੇਖਰ ਨੇ ਅਸਚਰਜ ਨਾਲ ਪੁਛਿਆ, ਫੇਰ ਰੋਟੀ ਟੁੱਕ ਕੌਣ ਕਰੇਗਾ ? ਇਹਦੇ ਮਾਮੇ ਨੇ ਵੀ ਆਖਿਆ ਸੀ ਕਿ ਇਹਨਾਂ ਦੇ ਘਰ ਇਹੋ ਰੋਟੀ ਟੁੱਕ ਕਰਦੀ ਹੈ।

ਮਾਂ ਹੱਸਣ ਲੱਗੀ, 'ਇਹਦੇ ਮਾਮੇ ਦੀ ਕੀ ਗੱਲ ਹੈ, ਜੋ ਮੂੰਹ ਆਇਆ ਆਖ ਦਿੱਤਾ, ਇਹ ਅਜੇ ਵਿਆਹੀ ਨਹੀਂ ਗਈ, ਇਹਦੇ ਹਥੋਂ ਕੌਣ ਖਾਏਗਾ ? ਆਪਣੀ ਮਿਸ਼ਰਾਣੀ ਨੂੰ ਭੇਜ ਦਿਤਾ ਹੈ, ਉਹੋ ਰੋਟੀ ਟੁੱਕ ਕਰੇਗੀ। ਸਾਡੇ ਘਰ ਵਡੀ ਨੋਂਹ ਬਣਾ ਰਹੀ ਹੈ, ਮੈਂ ਤਾਂ ਅੱਜ ਕਲ ਉਹਦੇ ਪਾਸੋਂ

ਹੀ ਖਾਂਦੀ ਹਾਂ।

ਸ਼ੇਖਰ ਸਮਝ ਗਿਆ ਕਿ ਇਸ ਟੱਬਰ ਦਾ ਵਡਾ ਭਾ
ਆਪਣੇ ਜ਼ੁਮੇ ਲੈ ਲਿਆ ਗਿਆ ਹੈ। ਉਹ ਇਕ ਤਸੱਲੀ ਦ
ਸਾਹ ਲੈਕੇ ਚੁੱਪ ਹੋ ਗਿਆ।

ਸਹੀਨਾ ਪਿਛੋਂ ਇਕ ਦਿਨ ਸ਼ੇਖਰ ਸ਼ਾਮ ਨੂੰ ਆਪ
ਕਮਰੇ ਵਿੱਚ ਕੌਂਚ ਤੇ ਅੱਧ-ਸੁੱਤੀ ਹਾਲਤ ਵਿਚ ਪਿਆ ਇ
ਅੰਗਰੇਜ਼ੀ ਦਾ ਨਾਵਲ ਪੜ੍ਹ ਰਿਹਾ ਸੀ, ਕਾਫੀ ਮਨ ਲੱ
ਹੋਇਆ ਸੀ, ਏਨੇ ਚਿਰ ਨੂੰ ਲਲਤਾ ਕਮਰੇ ਵਿਚ ਆ
ਸਿਰਹਾਣੇ ਥਲਿਓਂ ਚਾਬੀਆਂ ਦਾ ਗੁੱਛਾ ਕੱਢ ਕੇ ਖੜ
ਕਰਦੀ ਹੋਈ ਦਰਾਜ਼ ਖੋਲ੍ਹਣ ਲੱਗ ਪਈ, ਸ਼ੇਖਰ ਨੇ ਕਿਤਾ
ਵਿਚ ਹੀ ਧਿਆਨ ਲਾਏ ਹੋਏ ਨੇ ਆਖਿਆ ਕੀ ਗੱਲ ਹੈ।

ਲਲਿਤਾ ਨੇ ਆਖਿਆ, 'ਰੁਪੈ ਲੈ ਰਹੀ ਹਾਂ'

ਸ਼ੇਖਰ, 'ਹਾਂ' ਆਖਕੇ ਪੜ੍ਹਨ ਲੱਗ ਪਿਆ, ਲਲਤ
ਪੱਲੇ ਰੁਪਏ ਬੰਨ੍ਹ ਕੇ ਉੱਠ ਖਲੋਤੀ। ਅੱਜ ਉਹ ਬਣ ਤਣ
ਆਈ ਸੀ। ਉਹਦਾ ਖਿਆਲ ਸੀ ਕਿ ਸ਼ੇਖਰ ਉਸ ਵੱਲ ਜ਼ਰੂ
ਵੇਖੇ। ਕਹਿਣ ਲੱਗੀ, 'ਦਸ ਰੁਪੈ ਲੈ ਜਾ ਰਹੀ ਹਾਂ।'

ਸ਼ੇਖਰ ਨੇ 'ਚੰਗਾ ਆਖ ਦਿਤਾ ਪਰ ਉਹਦੇ ਵੱਲ ਵੇਖਿ
ਆ ਨਹੀਂ। ਕੋਈ ਹੋਰ ਉਪਾ ਨ ਵੇਖਕੇ ਉਹ ਐਧਰ ਉਧ
ਚੀਜ਼ਾਂ ਵਸਤਾਂ ਧਰਨ ਚੁਕਣ ਲੱਗ ਪਈ। ਏਸਤਰਾਂ ਉਹ ਝੂ
ਮੂਠ ਹੀ ਚਿਰ ਕਰਨ ਲੱਗ ਪਈ ਪਰ ਕਿਸੇ ਤਰਾਂ ਵੀ ਕੋਈ
ਨਤੀਜਾ ਨ ਨਿਕਲਿਆ, ਤਦ ਉਹ ਹੌਲੀ ਹੌਲੀ ਬਾਹ
ਚਲੀ ਗਈ। ਪਰ ਬਾਹਰ ਚਲੀ ਜਾਣ ਨਾਲ ਉਹ ਜਾ ਥੋੜ
ਸਕਦੀ ਸੀ, ਉਸ ਨੂੰ ਫੇਰ ਦਰਵਾਜ਼ੇ ਕੋਲ ਆ ਕੇ ਖਲੋਣਾ

ਪਿਆ। ਅਜ ਸਾਰਿਆਂ ਨਾਲ ਉਸ ਨੇ ਥੀਏਟਰ ਵੇਖਣ ਜ਼ਾਣਾ ਸੀ।

ਇਹ ਉਹ ਜਾਣਦੀ ਹੈ ਕਿ ਸ਼ੇਖਰ ਤੋਂ ਬਿਨ੍ਹਾਂ ਪੁਛੇ ਉਹ ਕਿਤੇ ਨਹੀਂ ਜਾ ਸਕਦੀ।ਇਸ ਗੱਲ ਉਹਨੂੰ ਕਿਸੇ ਦਸੀ ਨਹੀਂ ਸੀ ਤੇ ਨਾ ਹੀ ਕਦੇ ਇਸ ਗਲ ਬਾਰੇ ਉਹਦੇ ਮਨ ਵਿਚ ਕੋਈ ਖਿਆਲ ਆਇਆ ਸੀ, ਪਰ ਹਰ ਜੀਵ ਵਿਚ ਜੋ ਸੁਭਾਵਕ ਬੁੱਧੀ ਹੈ, ਉਸੇ ਬੁੱਧੀ ਅਨੁਸਾਰ ਹੀ ਇਹ ਜਾਣ ਲਿਆ ਸੀ ਕਿ ਕੋਈ ਭਾਵੇਂ ਜੋ ਮਰਜ਼ੀ ਹੈ ਕਰ ਲਏ ਜਾਂ ਜਿਥੇ ਮਰਜ਼ੀ ਹੈ ਚਲਿਆ ਜਾਏ, ਪਰ ਉਹ ਏਦਾਂ ਨਹੀਂ ਕਰ ਸਕਦੀ, ਨਾਹੀ ਕਿਤੇ ਜਾ ਸਕਦੀ ਹੈ। ਨਾਂ ਤਾਂ ਉਹ ਆਜ਼ਾਦ ਹੈ ਤੇ ਨਾਂ ਹੀ ਮਾਮੇ ਤੇ ਭਰਾ ਦੀ ਆਗਿਆ ਉਸ ਲਈ ਕਾਫੀ ਹੈ। ਉਸਨੇ ਦਰਵਾਜ਼ੇ ਦੇ ਉਹਲਿਉਂ ਹੌਲੀ ਜਹੀ ਆਖਿਆ, 'ਅਸੀਂ ਸਾਰੇ ਥੀਏਟਰ ਜਾ ਰਹੇ ਹਾਂ।'

ਇਹ ਮਿੱਠੀ ਜਹੀ ਤੇ ਨਿੰਮੀ, ਜਹੀ ਅਵਾਜ਼ ਸ਼ੇਖਰ ਦੇ ਕੰਨਾਂਤੋਂਉਰੇਉਰੇਹੀਰਹਿ ਗਈ। ਉਹਨੇ ਕੋਈ ਜਵਾਬ ਨ ਦਿੱਤਾ।

ਲਲਿਤਾ ਨੇ ਫੇਰ ਜ਼ਰਾ ਜ਼ੋਰ ਦੀ ਆਖਿਆ, 'ਸਾਰੀਆਂ ਮੈਨੂੰ ਉਡੀਕ ਰਹੀਆਂ ਹਨ'।

ਹੁਣ ਸ਼ੇਖਰ ਨੇ ਸੁਣ ਲਿਆ। ਕਿਤਾਬ ਇਕ ਪਾਸੇ ਰੱਖਕੇ ਬੋਲਿਆ, 'ਕੀ ਗਲ ਹੈ ?'

ਲਲਿਤਾ ਨੇ ਰੋਸੇ ਜਹੇ ਨਾਲ ਆਖਿਆ, 'ਐਨੇ ਚਿਰ ਪਿਛੋਂ ਸੁਣਿਆ ਹੈ ? ਅਸੀਂ ਥੀਏਟਰ ਜਾ ਰਹੀਆਂ ਹਾਂ।'

ਸ਼ੇਖਰ ਨੇ ਆਖਿਆ, ਕੌਣ ਕੌਣ ?'

ਮੈਂ, ਅਨਾਕਾਲੀ, ਚਾਰੂਬਾਲਾ, ਚਾਰੂ ਬਾਲਾ ਦਾ ਭਰਾ

ਉਸਦੇ ਮਾਮਾ ਜੀ ...... ਮਾਮਾ ਕਿਹੜਾ ?'

ਲਲਿਤਾ ਨੇ ਆਖਿਆ, 'ਉਹਦਾ ਨਾਮ ਗਰੀਨ ਬਾਬੂ ਹੈ।' ਪੰਜ ਦਿਨ ਹੋਏ ਮੁੰਗੇਰ ਤੋਂ ਆਏ ਹਨ। ਏਥੇ ਬੀ. ਏ. ਵਿਚ ਪੜ੍ਹਨਗੇ। ਚੰਗੇ ਆਦਮੀ ਹਨ।'

ਵਾਹ ! ਨਾਂ, ਥਾਂ, ਕੰਮ, ਸਭ ਕੁਝ ਮਲੂਮ ਹੋ ਗਿਆ ਹੈ। ਮਲੂੰਮ ਹੁੰਦਾ ਹੈ ਕਿ ਚੰਗੀ ਵਾਕਫੀ ਹੋਗਈ ਹੈ। ਏਸੇ ਕਰਕੇ ਚੌਹਾਂ ਪੰਜਾਂ ਦਿਨਾਂ ਤੋਂ ਗਰਕ ਹੋਗਈ ਏਂ। ਸ਼ਾਇਦ ਤਾਸ਼ ਖੇਡਦੇ ਰਹੇ ਹੋਵੋਗੇ।

ਸ਼ੇਖਰ ਦੇ ਇਸ ਗੱਲ ਬਾਤ ਦੇ ਢੰਗ ਤੋਂ ਲਲਿਤਾ ਡਰ ਗਈ। ਉਹਨੇ ਸੋਚਿਆ ਵੀ ਨਹੀਂ ਸੀ ਕਿ ਇਹੋ ਜਹੇ ਸਵਾਲ ਵੀ ਹੋ ਸਕਦੇ ਹਨ। ਉਹ ਚੁਪ ਰਹੀ।

ਸ਼ੇਖਰ ਨੇ ਆਖਿਆ, "ਕਈਆਂ ਦਿਨਾਂ ਤੋਂ ਖ਼ੂਬ ਤਾਸ਼ ਖੇਡੀ ਜਾ ਰਹੀ ਸੀ ਨਾਂ ? ਲਲਿਤਾ ਨੇ ਗਲੂਣ੍ਹ ਜਿਹਾ ਭਰਕੇ ਆਖਿਆ, ਚਾਰੂ ਨੇ ਦਸਿਆ ਸੀ ?

ਚਾਰੂ ਨੇ ਦਸਿਆ ਸੀ, ਕੀ ਦਸਿਆ ਸੀ ? ਆਖ ਕੇ ਸ਼ੇਖਰ ਨੇ ਮੂੰਹ ਚੁੱਕ ਕੇ ਵੇਖਿਆ ਫੇਰ ਕਹਿਣ ਲੱਗਾ।'

"ਵਾਹ ਇਕ ਦਮ ਕਪੜੇ ਪਾਕੇ ਤਿਆਰ ਹੋਕੇ ਆਗਈ ਏਂ?"

"ਚੰਗਾ ਜਾਓ।"

ਲਲਿਤਾ ਗਈ ਨਹੀਂ, ਉੱਥੇ ਹੀ ਚੁੱਪ ਚਾਪ ਖੜੀ ਰਹੀ।

ਲਾਗਲੇ ਮਕਾਨ ਦੀ ਚਾਰੂ ਬਾਲਾ ਉਹਦੀ ਹਾਨਣ ਸਹੇਲੀ ਹੈ। ਇਹ ਲੋਕ ਬ੍ਰਹਮ ਸਮਾਜੀ ਹਨ। ਸ਼ੇਖਰ ਸਿਰਫ ਇਕ ਗਿਰੀ ਨੰਦ ਨੂੰ ਛਡਕੇ ਬਾਕੀ ਸਾਰਿਆਂ ਨੂੰ ਜਾਣਦਾ ਹੈ।

ਗਿਰੀ ਨੰਦ ਪੰਜ ਸੱਤ ਸਾਲ ਪਹਿਲਾਂ ਕੁਝ ਦਿਨਾਂ ਵਾਸਤੇ ਏਧਰ ਆਇਆ ਸੀ। ਏਨੇ ਚਿਰ ਦਾ ਬਾਂਕੀ ਪੁਰ ਪੜ੍ਹ ਰਿਹਾ ਸੀ। ਫੇਰ ਉਹਨੂੰ ਕਲਕਤੇ ਆਉਣ ਦੀ ਲੋੜ ਨ ਪਈ! ਤੇ ਨਾ ਹੀ ਉਹ ਆਇਆ, ਇਸੇ ਕਰਕੇ ਸ਼ੇਖਰ ਉਹਨੂੰ ਨਹੀਂ ਸੀ ਪਛਾਣਦਾ। ਲਲਿਤਾ ਨੂੰ ਫੇਰ ਵੀ ਖਲੋਤੀ ਵੇਖ ਕੇ ਉਸਨੇ ਆਖਿਆ, 'ਐਵੇ ਝੂਠ ਮੂਠ ਕਿਉਂ ਖਲੋਤੀ ਏਂ? ਜਾਹ।' ਇਹ ਆਖਕੇ ਆਪਣੀ ਕਿਤਾਬ ਚੁੱਕ ਲਈ।

ਪੰਜਕੁ ਮਿੰਟ ਚੁਪ ਚਾਪ ਖਲੋਣ ਪਿਛੋਂ ਲਲਤਾ ਨੇ ਹੌਲੀ ਜਹੀ ਪੁਛਿਆ, 'ਜਾਵਾਂ?'

ਜਾਣ ਵਾਸਤੇ ਆਖ ਤਾਂ ਦਿੱਤਾ ਹੈ।

ਸ਼ੇਖਰ ਦਾ ਰੁਖ ਵੇਖਕੇ ਲਲਤਾ ਦਾ ਥੀਏਟਰ ਦੇਖਣ ਦਾ ਸ਼ੌਕ ਜਾਂਦਾ ਰਿਹਾ ਪਰ ਹੁਣ ਜਾਣ ਤੋਂ ਬਿਨਾਂ ਰਹਿ ਨਹੀਂ ਸੀ ਹੁੰਦਾ।

ਇਹ ਗੱਲ ਹੋ ਚੁੱਕੀ ਸੀ ਕਿ ਉਹ ਅੱਧਾ ਖਰਚ ਕਰੇਗੀ ਤੇ ਅੱਧਾ ਚਾਰੂ ਦਾ ਮਾਮਾ ਕਰੇਗਾ।

ਚਾਰੂ ਦੇ ਘਰ ਸਾਰੇ ਬੇਸਬਰ ਹੋਕੇ ਉਹਦਾ ਰਾਹ ਵੇਖ ਰਹੇ ਸਨ, ਜਿਉਂ ਜਿਉਂ ਚਿਰ ਹੁੰਦਾ ਸੀ, ਉਹ ਹੋਰ ਵੀ ਬੇਚੈਨ ਹੁੰਦੇ ਜਾ ਰਹੇ ਸਨ, ਇਹ ਗੱਲ ਉਹਨੂੰ ਸਾਫ ਦਿਸ ਰਹੀ ਸੀ। ਬਿਨਾਂ ਆਗਿਆ ਤੋਂ ਚਲੇ ਜਾਣ ਦਾ ਉਹਨੂੰ ਹੌਸਲਾ ਨਹੀਂ ਸੀ ਪੈਂਦਾ। ਫੇਰ ਦੋ ਚਾਰ ਮਿੰਟ ਚੁੱਪ ਰਹਿਕੇ ਬੋਲੀ, 'ਸਿਰਫ ਅੱਜ ਵਾਸਤੇ ਹੀ ਜਾਵਾਂ?'

ਸ਼ੇਖਰ ਨੇ ਕਿਤਾਬ ਇਕ ਪਾਸੇ ਕਰਕੇ ਜ਼ਰਾ ਧਮਕਾਕੇ ਆਖਿਆ, ਲਲਤਾ ਪਰੇਸ਼ਾਨ ਨ ਕਰ। ਜੇ ਦਿਲ ਕਰਦਾ ਹੈ

ਤਾਂ ਚਲੀ ਜਾਹ। ਚੰਗਾ ਮੰਦਾ ਵਿਚਾਰਨ ਦੀ ਤੇਰੀ ਉਮਰ ਹੋ ਗਈ ਹੈ।

ਲਲਤਾ ਚੌਂਕ ਪਈ, ਸ਼ੇਖਰ ਦੀ ਡਾਂਟ ਫਿਟਕਾਰ ਖਾਣਾ ਇਹ ਕੋਈ ਨਵਾਂ ਕੰਮ ਨਹੀਂ ਹੈ, ਇਹ ਦਾ ਇਹਨੂੰ ਅਭਿਆਸ ਵੀ ਸੀ ਪਰ ਦੋਂਹ ਤਿੰਨਾਂ ਸਾਲਾਂ ਤੋਂ ਇਹੋ ਜਹੀ ਡਾਂਟ ਕਦੇ ਨਹੀਂ ਸੀ ਮਿਲੀ। ਇਕ ਪਾਸੇ ਉਸਦੀਆਂ ਸਹੇਲੀਆਂ ਉਸਨੂੰ ਉਡੀਕ ਰਹੀਆਂ ਹਨ, ਉਹ ਖੁਦ ਤਿਆਰ ਹੋਕੇ ਰੁਪੈ ਲੈਣ ਆਈ ਹੈ। ਇਹ ਝਿੜਕ ਝੰਬ ਦੀ ਬਿਪਤਾ ਉਸਦੇ ਗਲ ਵਾਧੂ ਪੈ ਗਈ ਹੈ। ਹੁਣ ਉਹਨਾਂ ਲੋਕਾਂ ਨੂੰ ਕੀ ਜਵਾਬ ਦੇਵੇਗੀ ?

ਕਿਤੇ ਜਾਣ ਆਉਣ ਬਦਲੇ ਉਸ ਨੂੰ ਸ਼ੇਖਰ ਵਲੋਂ ਖੁਲ੍ਹੀਆਂ ਛੁਟੀਆਂ ਸਨ। ਏਸੇ ਕਰਕੇ ਹੀ ਉਹ ਤਿਆਰ ਹੋਕੇ ਰੁਪੈ ਲੈਣ ਆਈ ਸੀ, ਹੁਣ ਉਹਦੀ ਖੁਲ ਹੀ ਨਸ਼ਟ ਨਹੀਂ ਸੀ ਹੋਈ, ਸਗੋਂ ਜਿਸ ਸਬੱਬ ਕਰਕੇ ਇਹ ਝਿੜਕ ਪਈ ਸੀ ਉਹ ਐਨੀ ਜ਼ਿਆਦਾ ਸ਼ਰਮ ਭਰੀ ਸੀ ਕਿ ਅੱਜ ਤੇਰਾਂ ਸਾਲਾਂ ਦੀ ਉਮਰ ਵਿਚ ਇਸਦਾ ਅਨਭਵ ਕਰਕੇ ਅੰਦਰੋ ਅੰਦਰ ਮਰ ਮਿਟਣ ਲੱਗੀ, ਮਾਰੇ ਅਭਿਮਾਨ ਦੇ ਅੱਖੀਂ ਅੱਥਰੂ ਭਰਕੇ ਉਹ ਹੋਰ ਵੀ ਪੰਜ ਕੁ ਮਿੰਟ ਅੱਖਾਂ ਪੂੰਝਦੀ ਹੋਈ ਉਥੋਂ ਚਲੀ ਗਈ, ਘਰ ਪਹੁੰਚਕੇ ਉਹਨੇ ਮਹਿਰੀ ਨੂੰ ਸੱਦ ਕੇ ਉਹਦੇ ਰਾਹੀਂ ਅਨਾਕਾਲੀ ਨੂੰ ਸੱਦ ਕੇ ਦੱਸ ਰੁਪੈ ਉਹਦੇ ਹੱਥ ਵਿਚ ਦੇ ਕੇ ਆਖਿਆ, "ਅੱਜ ਤੁਸੀਂ ਚਲੇ ਜਾਓ !" ਕਾਲੀ, ਮੇਰਾ ਦਿਲ ਖਰਾਬ ਹੋਗਿਆ ਹੈ। ਸਹੇਲੀ ਨੂੰ ਆਖ ਦੇਣਾ ਮੈਂ ਨਹੀਂ ਜਾ ਸਕਦੀ।'

ਕਾਲੀ ਨੇ ਪੁਛਿਆ, 'ਦਿਲ ਖਰਾਬ ਹੈ ਬੀਬੀ ?'

ਸਿਰ ਵਿੱਚ ਦਰਦ ਹੁੰਦਾ, ਜੀ ਕੱਚਾ ਹੋ ਰਿਹਾ ਏ। ਦਿਲ ਬੜਾ ਹੀ ਖਰਾਬ ਹੋ ਰਿਹਾ ਹੈ। ਇਹ ਆਖਕੇ ਉਹ ਬਿਸਤਰੇ ਤੇ ਪਾਸਾ ਮਰੋੜਕੇ ਸੌਂ ਰਹੀ। ਇਹਦੇ ਪਿਛੋਂ ਚਾਰੂ ਨੇ ਆਕੇ ਮਨਾਇਆ ਸਮਝਾਇਆ, ਜਿੱਦ ਕੀਤੀ, ਮਾਸੀ ਦੀ ਫਰਮਾਇਸ਼ ਪੁਆਈ, ਪਰ ਕਿਸੇ ਤਰਾਂ ਵੀ ਉਹ ਜਾਣ ਤੇ ਰਾਜ਼ੀ ਨ ਹੋਈ।

ਅੱਨਾਕਾਲੀ ਦਸ ਰੁਪੈ ਲੈਕੇ ਜਾਣ ਵਾਸਤੇ ਤਰਸ ਰਹੀ ਸੀ। ਕਿਤੇ ਏਸ ਝਗੜੇ ਵਿਚ ਜਾ ਹੀ ਨ ਸਕੀਏ, ਇਸ ਡਰ ਤੋਂ ਉਸਨੇ ਚਾਰੂ ਨੂੰ ਅੱਡ ਖੜਕੇ ਰੁਪੈ ਵਿਖਾਕੇ ਆਖਿਆ, 'ਬੀਬੀ ਦਾ ਦਿਲ ਖਰਾਬ ਹੈ, ਓਹ ਨ ਜਾਏਗੀ' ਤਾਂ ਫੇਰ ਕੀ ਹੋਇਆ। ਓਹਨੇ ਮੈਨੂੰ ਰੁਪੈ ਦੇ ਦਿਤੇ ਹਨ। ਚਲੋ ਅਸੀਂ ਚਲੀਏ।' ਚਾਰੂ ਸਮਝ ਗਈ।ਅਨਾਕਲੀ ਉਮਰ ਵਿਚ ਛੋਟੀ ਹੋਣ ਤੇ ਵੀ ਕਿਸੇ ਨਾਲੋਂ ਅਕਲ ਵਿਚ ਛੋਟੀ ਨਹੀਂ। ਉਹ ਖੁਸ਼ ਹੋਕੇ ਉਹਨੂੰ ਨਾਲ ਲੈਕੇ ਚਲੀ ਗਈ।

––o––

## ੩.

ਚਾਰੂ ਬਾਲਾ ਦੀ ਮਾਂ ਮਨੋਰਮਾ ਨੂੰ ਤਾਸ਼ ਖੇਡਨਵਰਗੀ ਪਿਆਰੀ ਚੀਜ਼ ਦੁਨੀਆਂ ਵਿਚ ਹੋਰ ਕੋਈ ਨਹੀਂ ਸੀ। ਪਰ ਖੇਲਣ ਦਾ ਜਿੰਨਾ ਸ਼ੌਕ ਸੀ ਉੱਨੀ ਜਾਚ ਨਹੀਂ ਸੀ। ਉਸਦਾ

ਇਹ ਘਾਟਾ ਲਲਿਤਾ ਪੂਰਾ ਕਰ ਦੇਂਦੀ ਸੀ । ਇਹ ਬ
ਚੰਗਾ ਖੇਲਣਾ ਜਾਣਦੀ ਸੀ, ਮਨੋਰਮਾ ਦੇ ਮਾਮੇ ਦੇ ਪੁਤ ਭ
ਗਿਰੀ ਨੰਦ ਦੇ ਆਉਣ ਤੇ ਇਹਨਾਂ ਦੇ ਘਰ ਦੁਪਹਿਰ ਨੂੰ ਖੂ
ਤਾਸ਼ ਖੇਲੀ ਜਾਂਦੀ ਸੀ । ਗਿਰੀ ਨੰਦ ਆਦਮੀ ਸੀ ਤੇ ਖੇਲ
ਵੀ ਚੰਗਾਸੀ ਸੋ ਉਹਦੇ ਟਾਕਰੇਤੇ ਲਲਿਤਾ ਦੀ ਲੋੜ ਜਰੂਰ
ਜਾਂਦੀ ਸੀ । ਥੀਏਟਰ ਵੇਖਣ ਤੋਂ ਦੂਜੇ ਦਿਨ ਜਦ ਤੀਕ ਸ
ਸਿਰ ਲਲਿਤਾ ਮਨੋਰਮਾ ਦੇ ਕੋਲ ਨ ਪੁਜ ਸਕੀ ਤਾਂ ਉਹ
ਸੱਦਣ ਲਈ ਮਹਿਰੀ ਭੇਜੀ। ਲਲਿਤਾ ਉਸ ਵੇਲੇ ਕਿਸੇ ਛੋ
ਜਹੀ ਕਾਪੀ ਤੇ ਅੰਗ੍ਰੇਜ਼ੀ ਵਿਚ ਅਨੁਵਾਦ ਕਰ ਰਹੀ ਸ
ਸੋ ਨ ਗਈ ।

ਉਹਦੀ ਸਹੇਲੀ ਵੀ ਆਈ ਪਰ ਕੁਝ ਨ ਕਰ ਸਕੀ
ਅਖੀਰ ਨੂੰ ਮਨੋਰਮਾ ਆਪ ਆਈ ਤੇ ਉਹਦੀ ਕਾਪੀ ਕੁ
ਪਰ੍ਹਾਂ ਸੁੱਟ ਕੇ ਆਖਣ ਲੱਗੀ, ਉੱਠ ! ਵੱਡੀ ਹੋਕੇ ਤੂੰ ਮਜਿਸ-
ਟਰੇਟੀ ਨਹੀਂ ਕਰਨੀ, ਤਾਸ਼ ਹੀ ਖੇਲਣੀ ਹੈ । ਚਲ !'

ਲਲਿਤਾ ਬੜੀ ਕੁੜਿਕੀ ਵਿਚ ਫਸ ਗਈ। ਰੋਣਹਾਕੀ
ਹੋਕੇ ਬੋਲੀ, 'ਅੱਜ ਤਾਂ ਕਿਸੇ ਤਰਾਂ ਵੀ ਨਹੀਂ ਜਾਇਆ ਜਾਂਦਾ
ਕੱਲ ਆ ਜਾਵਾਂਗੀ ।' ਮਨੋਰਮਾ ਨੇ ਇਕ ਨ ਸੁਣੀ ਤੇ ਉਸਦੀ
ਮਾਸੀ ਨੂੰ ਆਖਕੇ ਲੈ ਗਈ । ਏਸਤਰਾਂ ਜਾਕੇ ਉਹਨੂੰ ਗਿਰੀ
ਨੰਦ ਦੇ ਮੁਕਾਬਲੇ ਵਿਚ ਤਾਸ਼ ਖੇਡਣੀ ਪਈ । ਪਰ ਖੇਲ
ਸੁਆਦੀ ਨਹੀਂ ਹੋਇਆ । ਉਹ ਆਪਣਾ ਮਨ ਹੀ ਨਹੀਂ ਲਾ
ਸਕੀ । ਜਿਨਾਂ ਚਿਰ ਬੈਠੀ ਦੋ ਚਿਤੀ ਜਿਹੀ ਬੈਠੀ ਰਹੀ ਤੇ ਫੇਰ
ਉਠਕੇ ਤੁਰ ਪਈ । ਜਾਂਦੀਵਾਰੀ ਗਿਰੀਨੰਦ ਨੇ ਆਖਿਆ,

"ਕੱਲ ਤੁਸਾਂ ਪੈਸੇ ਭੇਜ ਦਿਤੇ ਪਰ ਗਏ ਨਹੀਂ ਕਲ ਫੇਰ ਚਲੋ ?"

ਲਲਿਤਾ ਨੇ ਹੌਲੀ ਜਹੀ ਸਿਰ ਹਿਲਾਕੇ ਆਖਿਆ, "ਨਹੀਂ ਮੇਰੀ ਤਬੀਅਤ ਬਹੁਤ ਖਰਾਬ ਹੋ ਰਹੀ ਸੀ। ਇਹ ਆਖਕੇ ਲਲਿਤਾ ਛੇਤੀ ਨਾਲ ਚਲੀ ਗਈ। ਅੱਜ ਸਿਰਫ ਸ਼ੇਖਰ ਦੇ ਡਰ ਨਾਲ ਹੀ ਉਹਦਾ ਮਨ ਖੇਲ ਵਿਚ ਨਹੀਂ ਸੀ ਲੱਗਾ, ਇਹ ਗੱਲ ਨਹੀਂ ਸੀ। ਉਹਨੂੰ ਖੁਦ ਵੀ ਬੜੀ ਸ਼ਰਮ ਆ ਰਹੀ ਸੀ।

ਸ਼ੇਖਰ ਦੇ ਘਰ ਵਾਂਗੂ ਇਸ ਘਰ ਵਿਚ ਵੀ ਉਹ ਛੋਟੀ ਹੁੰਦੀ ਹੀ ਆ ਜਾ ਰਹੀ ਹੈ। ਜਿੱਦਾਂ ਘਰ ਵਾਲਿਆਂ ਦੇ ਸਾਹਮਣੇ ਫਿਰਦੀ ਰਹੀ ਹੈ ਇਸੇ ਤਰ੍ਹਾਂ ਇੱਥੇ ਵੀ ਸਾਰਿਆਂ ਦੇ ਸਾਹਮਣੇ ਫਿਰ ਰਹੀ ਹੈ। ਇਸੇ ਕਰਕੇ ਚਾਰੂ ਦੇ ਮਾਮੇ ਦੇ ਸਾਹਮਣੇ ਆਉਣੋਂ ਜਾਂ ਗੱਲ ਬਾਤ ਕਰਨੋਂ ਉਹਨੇ ਕੋਈ ਸੰਕੋਚ ਨਹੀਂ ਕੀਤਾ। ਅਜ ਸਾਰਾ ਦਿਨ ਤਾਸ਼ ਖੇਡਦਿਆਂ ੨ ਉਹਨੂੰ ਇਹੋ ਹੀ ਮਲੂਮ ਹੁੰਦਾ ਰਿਹਾ ਹੈ ਕਿ ਬਹੁਤ ਸਾਰੀ ਵਾਕਫੀ ਪੈ ਜਾਣ ਨਾਲ ਗਿਰੀਨੰਦ ਉਸਨੂੰ ਬਹੁਤ ਪਿਆਰ ਨਾਲ ਵੇਖਦਾ ਰਿਹਾ ਹੈ। ਪੁਰਸ਼ ਦਾ ਕਿਸੇ ਇਸਤਰੀ ਨੂੰ ਪਿਆਰ ਦੀ ਨਿਗਾਹ ਨਾਲ ਵੇਖਣਾ ਕਿੰਨੀ ਸ਼ਰਮ ਦੀ ਗੱਲ ਹੈ, ਇਸਦਾ ਇਹਨੂੰ ਪਹਿਲਾਂ ਕਦੇ ਖਿਆਲ ਵੀ ਨਹੀਂ ਸੀ ਆਇਆ।

ਘਰ ਵਿਚ ਜ਼ਰਾ ਚਿਰ ਹੋਣ ਕਰਕੇ ਉਹ ਝੱਟ ਪੱਟ ਸ਼ੇਖਰ ਦੇ ਕਮਰੇ ਵਿਚ ਜਾ ਪੁਜੀ ਤੇ ਕੰਮ ਵਿਚ ਲੱਗ ਗਈ। ਛੋਟੀ ਹੁੰਦੀ ਤੋਂ ਹੀ ਇਸ ਕਮਰੇ ਦਾ ਛੋਟਾ ਮੋਟਾ ਕੰਮ ਇਸੇ ਨੂੰ

ਕਰਨਾ ਪੈਂਦਾ ਸੀ। ਕਿਤਾਬਾਂ ਚੁੱਕ ਕੇ ਠੀਕ ਠਾਕ ਤਰੀਕੇ ਤੇ ਰੱਖਣੀਆਂ, ਮੇਜ਼ ਸਜਾ ਦੇਣਾ, ਦਵਾਤਾਂ ਕਾਗਜ਼ ਝਾੜ ਪੂੰਝਕੇ ਨਵੇਂ ਸਿਰਿਓਂ ਰੱਖ ਦੇਣੇ, ਇਹ ਸਭ ਕੰਮ ਇਹਦੇ ਬਿਨਾਂ ਹੋਰ ਕੋਈ ਨਹੀਂ ਸੀ ਕਰਦਾ। ਸੱਤਾਂ ਦਿਨਾਂ ਦੀ ਲਾਪਰਵਾਹੀ ਕਰਕੇ ਬਹੁਤ ਸਾਰਾ ਕੰਮ ਇਕੱਠਾ ਹੋਗਿਆ ਸੀ। ਇਹ ਸਭ ਕੁਝ ਉਹ ਸ਼ੇਖਰ ਦੇ ਆਉਣ ਤੋਂ ਪਹਿਲਾਂ ਠੀਕ ਕਰ ਦੇਣ ਦੇ ਖਿਆਲ ਤੋਂ ਖੂਬ ਕਮਰਕਸੇ ਕਰਕੇ ਲੱਗ ਗਈ ਸੀ।

ਲਲਿਤਾ ਭਵਨੇਸ਼ਰੀ ਨੂੰ ਮਾਂ ਆਖਦੀ ਸੀ। ਮੌਕਾ ਮਿਲਣ ਤੇ ਇਹ ਇਹਦੇ ਕੋਲ ਹੀ ਰਿਹਾ ਕਰਦੀ ਸੀ। ਉਹ ਇਸ ਘਰ ਦੇ ਕਿਸੇ ਨੂੰ ਵੀ ਗੈਰ ਨਹੀਂ ਸੀ ਸਮਝਦੀ ਹੁੰਦੀ, ਏਸ ਕਰਕੇ ਉਹਨੂੰ ਵੀ ਕੋਈ ਗੈਰ ਨਹੀਂ ਜਾਣਦਾ। ਅੱਠਾਂ ਸਾਲਾਂ ਦੀ ਉਮਰ ਵਿਚ ਹੀ ਉਹਦੇ ਮਾਂ ਪਿਉ ਮਰ ਗਏ ਸਨ ਤੇ ਵਿਚਾਰੀ ਨਾਨਕੇ ਆ ਟਿਕੀ ਸੀ। ਤਦੋਂ ਤੋਂ ਹੀ ਭੈਣਾਂ ਵਾਂਗ ਉਹ ਸ਼ੇਖਰ ਦੇ ਲਾਗੇ ਚਾਗੇ ਫਿਰ ਫਿਰਾਕੇ ਪੜ੍ਹਨਾ ਲਿਖਣਾ ਸਿਖ ਕੇ ਜਵਾਨ ਹੋ ਰਹੀ ਸੀ।

ਉਹ ਸ਼ੇਖਰ ਦੇ ਪਿਆਰ ਦੀ ਹੱਕਦਾਰ ਹੈ, ਇਹ ਗਲ ਸਾਰੇ ਜਾਣਦੇ ਸਨ, ਪਰ ਇਹ ਗੱਲ ਕੋਈ ਨਹੀਂ ਸੀ ਜਾਣਦਾ ਕਿ ਇਹ ਪਿਆਰ ਹੁਣ ਕਿੱਥੋਂ ਤੱਕ ਪਹੁੰਚ ਚੁਕਾ ਹੈ। ਹੋਰ ਤਾਂ ਇਕ ਪਾਸੇ ਰਹੇ, ਲਲਿਤਾ ਨੂੰ ਖੁਦ ਵੀ ਪਤਾ ਨਹੀਂ ਸੀ। ਛੋਟੀ ਉਮਰ ਤੋਂ ਹੀ ਦੁਨੀਆਂ ਉਸਨੂੰ ਸ਼ੇਖਰ ਨਾਲ ਲਾਡ ਪਿਆਰ ਕਰਦਿਆਂ ਵੇਖਦੀ ਆਈ ਹੈ ਤੇ ਦੁਨੀਆਂ ਦੀ ਨਜ਼ਰ ਵਿਚ ਇਹ ਪਿਆਰ ਕਦੇ ਰੜਕਿਆ ਨਹੀਂ। ਨਾ ਕੋਈ

ਹਰਕਤ ਹੀ ਐਹੋ ਜਹੀ ਹੋਈ ਹੈ ਕਿ ਲੋਕੀ ਸਿਰ ਹੋ ਜਾਣ। ਸੋ ਕਿਸੇ ਦਿਨ ਇਹ ਇਸ ਘਰ ਵਿਚ ਨੋਂਹ ਬਣ ਕੇ ਆ ਸ਼ਕਦੀ ਹੈ, ਇਹ ਤਾਂ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ। ਨ ਲਲਿਤਾ ਦੇ ਘਰ ਵਾਲਿਆਂ ਨੂੰ, ਨ ਭਵਨੇਸ਼ਵਰੀ ਦੇ ਮਨ ਵਿਚ ਹੀ।

ਲਲਿਤਾ ਨੇ ਸੋਚਿਆ ਸੀ ਕਿ ਕੰਮ ਕਰਕੇ ਸ਼ੇਖਰ ਦੇ ਆਉਣ ਤੋਂ ਪਹਿਲਾਂ ਹੀ ਚਲੀ ਜਾਵਾਂਗੀ। ਪਰ ਕੁਝ ਮਗਨ ਜਹੀ ਹੋਣ ਕਰਕੇ ਉਹ ਘੜੀ ਨੂੰ ਵੇਖ ਹੀ ਨਹੀਂ ਸਕੀ। ਇਕ ਵਾਰੀ ਦਰਵਾਜ਼ੇ ਵਲੋਂ ਪੈਰਾਂ ਦਾ ਖੜਾਕ ਸੁਣਕੇ ਉਹ ਇਕ ਪਾਸੇ ਹੋ ਕੇ ਖਲੋ ਗਈ।

ਸ਼ੇਖਰ ਨੇ ਆਖਿਆ, "ਆ ਗਈ ? ਕੱਲ ਕਿੰਨੀ ਕੁ ਰਾਤ ਗਈ ਮੁੜੇ ਸਾਓ ?"

ਲਲਿਤਾ ਨੇ ਕੋਈ ਜੁਵਾਬ ਨਹੀਂ ਦਿੱਤਾ! ਸ਼ੇਖਰ ਇਕ ਆਰਾਮ ਕੁਰਸੀ ਤੇ ਸਹਾਰਾ ਲੈ ਕੇ ਲੇਟ ਗਿਆ। ਬੋਲਿਆ, "ਮੁੜੇ ਕਦੋਂ ? ਦੋ ਬਜੇ ਜਾਂ ਤਿੰਨ ਬਜੇ ? ਮੂੰਹੋਂ ਗਲ ਕਿਉਂ ਨਹੀਂ ਨਿਕਲਦੀ ?"

ਲਲਿਤਾ ਉਸੇ ਤਰ੍ਹਾਂ ਚੁਪ ਚਾਪ ਖਲੋਤੀ ਰਹੀ।

ਸ਼ੇਖਰ ਗੁੱਸੇ ਜਹੇ ਹੋਕੇ ਬੋਲਿਆ, "ਬੱਲੇ ਜਾਓ ਮਾਂ ਸੱਦ ਰਹੀ ਹੈ।"

ਭਵਨੇਸ਼ਵਰੀ ਲੰਗਰ ਦੇ ਸਾਹਮਣੇ ਬੈਠੀ ਜਲ ਪਾਣੀ ਤਿਆਰ ਕਰ ਰਹੀ ਸੀ। ਲਲਿਤਾ ਕੋਲ ਜਾਕੇ ਆਖਣ ਲੱਗੀ, "ਮਾਂ ਮੈਨੂੰ ਸਦਿਆ ਸੀ ?"

"ਨਹੀਂ।" ਇਹ ਆਖਕੇ ਉਹਨੇ ਲਲਿਤਾ ਦੇ ਚਿਹਰੇ

ਵੱਲ ਵੇਖਦਿਆਂ ਹੀ ਆਖਿਆ, "ਤੇਰਾ ਚਿਹਰਾ ਇਹੋ ਜਿਹਾ ਰੁਖਾ ਰੁਖਾ ਕਿਉਂ ਹੈ ? ਕੀ ਅਜੇ ਤੱਕ ਕੁਝ ਖਾਧਾ ਪੀਤਾ ਨਹੀਂ ?

ਲਲਿਤਾ ਨੇ ਸਿਰ ਹਿਲਾ ਦਿੱਤਾ।

ਭਵਨੇਸ਼ਵਰੀ ਨੇ ਆਖਿਆ, "ਚੰਗਾ ਜਾਹ ਆਪਣੇ ਭਰਾ ਨੂੰ ਜਲ ਪਾਣੀ ਦੇ ਕੇ ਮੇਰੇ ਕੋਲ ਆ।"

ਲਲਿਤਾ ਥੋੜੇ ਚਿਰ ਨੂੰ ਜਲ ਪਾਣੀ ਦੀ ਤਸ਼ਤਰੀ ਲੈਕੇ ਉੱਡ ਗਈ। ਵੇਖਿਆ ਕਿ ਸ਼ੇਖਰ ਉਸੇ ਤਰ੍ਹਾਂ ਅੱਖਾਂ ਬੰਦ ਕਰਕੇ ਪਿਆ ਹੋਇਆ ਹੈ। ਦਫਤਰ ਵਾਲੇ ਕੱਪੜੇ ਵੀ ਨਹੀਂ ਬਦਲੇ। ਮੂੰਹ ਹੱਥ ਵੀ ਨਹੀਂ ਧੋਤਾ। ਕੋਲ ਜਾਕੇ ਉਹਨੇ ਹੌਲੀ ਜਹੀ ਆਖਿਆ, "ਜਲ ਪਾਣੀ ਲਿਆਈ ਹਾਂ।"

ਸ਼ੇਖਰ ਨੇ ਬਿਨਾਂ ਵੇਖੇ ਦੇ ਹੀ ਕਿਹਾ "ਕਿਤੇ ਏਥੇ ਰਖ ਜਾਹ।"

ਪਰ ਲਲਿਤਾ ਨੇ ਤਸ਼ਤਰੀ ਰੱਖੀ ਨਹੀਂ, ਖੜੀ ਰਹੀ। "ਕਦੋਂ ਤੱਕ ਖੜੀ ਰਹੇਂਗੀ ਲਲਿਤਾ, ਮੈਂ ਅੱਜੇ ਚਿਰਾਕਾ ਖਾਣਾ ਪੀਣਾਂ ਹੈ। ਤੂੰ ਰੱਖ ਕੇ ਚਲੀ ਜਾਹ।" ਦੋ ਤਿੰਨ ਮਿੰਟ ਚੁਪ ਰਹਿ ਕੇ ਸ਼ੇਖਰ ਬੋਲਿਆ।

ਲਲਿਤਾ ਚੁਪ ਚਾਪ ਖੜੀ ਮਨ ਹੀ ਮਨ ਵਿਚ ਗੁੱਸੇ ਹੋ ਰਹੀ ਸੀ। ਮਿੱਠੀ ਜਹੀ ਅਵਾਜ਼ ਵਿਚ ਕਹਿਣ ਲੱਗੀ, ਜਿਨਾ ਚਿਰ ਹੁੰਦਾ ਹੈ ਹੋ ਲੈਣ ਦਿਓ। ਮੈਨੂੰ ਵੀ ਥੱਲੇ ਕੋਈ ਕੰਮ ਨਹੀਂ।

ਸ਼ੇਖਰ ਅੱਖਾਂ ਖੋਲ੍ਹ ਕੇ ਹਸਦਾ ਹੋਇਆ ਬੋਲਿਆ, "ਖੈਰ ਮੀਹੋਂ ਗੱਲ ਤਾਂ ਨਿਕਲੀ। ਥੱਲੇ ਕੰਮ ਨਹੀਂ ਤਾਂ ਆਪਣੇ ਘਰ ਤਾਂ ਹੋ ਰਵੇਗਾ ਹੀ। ਜੇ ਉਥੇ ਵੀ ਨਹੀਂ ਤਾਂ ਪਰਲੇ ਗੁਆਂਢ

ਵਾਲੇ ਘਰ ਹੀ ਹੋਵੇਗਾ, ਕਿਤੇ ਤਾਂ ਜ਼ਰੂਰ ਹੋਵੇਗਾ। ਕੋਈ ਇਕ ਘਰ ਤਾਂ ਤੇਰਾ ਹੈ ਨਹੀਂ ਲਲਿਤਾ ?"

"ਹਾਂ ਇਹ ਤਾਂ ਹੈ ਈ।" ਇਹ ਆਖ ਕੇ ਜਲ ਪਾਣੀ ਦੀ ਤਸ਼ਤਰੀ ਮੇਜ਼ ਤੇ ਸੁੱਟ ਕੇ ਲਲਿਤਾ ਬੁੜ ਬੁੜ ਕਰਦੀ ਬਾਹਰ ਨੂੰ ਚਲੀ ਗਈ।

ਸ਼ੇਖਰ ਨੇ ਉੱਚੀ ਸਾਰੀ ਕਿਹਾ, "ਸ਼ਾਮ ਦੇ ਪਿੱਛੋਂ ਇਕ ਵਾਰੀ ਜ਼ਰੂਰ ਆਉਣਾ।"

ਸੌ ਸੌ ਵਾਰ ਮੈਂ ਤਾਣਾ ਨਹੀਂ ਤਣ ਸਕਦੀ, "ਆਖਦੀ ਹੋਈ ਲਲਿਤਾ ਚਲੀ ਗਈ।"

ਥੱਲੇ ਜਾਂਦਿਆਂ ਹੀ ਮਾਂ ਨੇ ਫੇਰ ਮੋੜਿਆ, ਭਰਾ ਨੂੰ ਜਲ ਪਾਣੀ ਤਾਂ ਦੇ ਆਈ, ਪਰ ਪਾਨ ਨਹੀਂ ਦਿੱਤਾ।

ਮੈਨੂੰ ਹੁਣ ਭੁਖ ਲੱਗੀ ਹੈ ਮਾਂ, ਮੈਥੋਂ ਨਹੀਂ ਜਾਇਆ ਜਾਂਦਾ। ਕੋਈ ਹੋਰ ਦੇ ਆਵੇ। ਇਹ ਆਖਕੇ ਉਹ ਬਹਿ ਗਈ।

ਮਾਂ ਨੇ ਉਹਦੇ ਰੁਸੇ ਹੋਏ ਮੂੰਹ ਵੱਲ ਵੇਖ ਕੇ ਆਖਿਆ, "ਚੰਗਾ ਤੂੰ ਖਾ ਪੀ ਲੈ ਮਹਿਰੀ ਹੱਥ ਭੇਜ ਦੇਂਦੀ ਹਾਂ।"

ਲਲਿਤਾ ਬਿਨਾ ਕਿਸੇ ਜਵਾਬ ਤੋਂ ਹੀ ਖਾਣ ਬਹਿ ਗਈ। ਉਹ ਥੀਏਟਰ ਦੇਖਣ ਨਹੀਂ ਗਈ ਫੇਰ ਵੀ ਸ਼ੇਖਰ ਨੇ ਉਹਨੂੰ ਡਾਂਟਿਆ ਸੀ, ਏਸ ਗੁਸੇ ਦੀ ਮਾਰੀ ਚਾਰ ਪੰਜ ਦਿਨ ਉਹ ਸ਼ੇਖਰ ਦੇ ਸਾਹਮਣੇ ਨਹੀਂ ਗਈ। ਸੁਵਾਦੀ ਗੱਲ ਇਹ ਕਿ ਉਂਞ ਉਹਦੇ ਕਮਰੇ ਦਾ ਸਾਰਾ ਕੰਮ ਉਹ ਕਰ ਦੇਂਦੀ ਰਹੀ ਹੈ, ਸ਼ੇਖਰ ਨੇ ਆਪਣੀ ਗਲਤੀ ਸਮਝਕੇ ਉਹਨੂੰ ਸਦਿਆ ਵੀ ਹੈ, ਪਰ ਉਹ ਨਹੀਂ ਗਈ।

--o--

### ੪.

ਇਸ ਮਹੱਲੇ ਵਿਚ ਇਕ ਬਹੁਤ ਬੁੱਢਾ ਕਦੇ ਭੀਖ ਮੰਗਣ ਆਇਆ ਕਰਦਾ ਸੀ ਇਹਦੇ ਤੇ ਲਲਤਾ ਬੜਾ ਤਰਸ ਕਰਦੀ ਹੁੰਦੀ ਸੀ, ਰੁਪਇਆ ਪੈਸਾ ਮਿਲਦਿਆਂ ਹੀ ਉਹ ਬਹੁਤ ਸਾਰੀਆਂ ਅਗੇ ਵਾਸਤੇ ਨ ਹੋ ਸਕਣ ਵਾਲੀਆਂ ਅਸੀਸਾਂ ਦਿਆ ਕਰਦਾ ਸੀ, ਤੇ ਉਹਨਾਂ ਦਾ ਸੁਣਨਾ ਲਲਤਾ ਨੂੰ ਸੁਆਦੀ ਲਗਦਾ ਸੀ। ਉਹ ਆਖਦਾ, ਲਲਤਾ ਪਿਛਲੇ ਜਨਮ ਵਿਚ ਉਸਦੀ ਮਾਂ ਸੀ ਤੇ ਇਹ ਗੱਲ ਉਹ ਲਲਤਾ ਨੂੰ ਵੇਖਦਿਆ ਹੀ ਸਮਝ ਗਿਆ ਸੀ। ਸੋ ਇਹ ਉਸਦਾ ਬੁੱਢਾ ਪੁੱਤ ਸਵੇਰੇ ਹੀ ਬੂਹੇ ਅਗੇ ਆ ਖੜਾ ਹੋਇਆ ਤੇ ਪੁਕਾਰਨ ਲਗਾ 'ਮੇਰੀ ਮਾਂ ਕਿਥੇ ਹੈ ?'

ਸਨਤਾਨ ਦੇ ਧਿਆਨ ਨਾਲ ਲਲਤਾ ਕੁਝ ਪਰੇਸ਼ਾਨੀ ਵਿਚ ਪੈ ਗਈ, ਅਜੇ ਸ਼ੇਖਰ ਕਮਰੇ ਵਿਚ ਹੈ ਉਹ ਰੁਪੈ ਲੈਣ ਕਿਦਾਂ ਜਾਵੇ ? ਐਧਰ ਊਧਰ ਵੇਖਕੇ ਉਹ ਮਾਸੀ ਕੋਲ ਚਲੀ ਗਈ, ਮਾਸੀ ਅਜੇ ਹੁਣ ਵੀ ਮਹਿਰੀ ਦੀ ਭੁਗਤ ਸੁਵਾਰਕੇ ਰੋਟੀ ਟੁੱਕ ਲਗੀ ਸੀ। ਸੋ ਉਹ ਉਸਨੂੰ ਕੁਝ ਕਹਿ ਨ ਸੱਕੀ, ਮੁੜ ਕੇ ਆਕੇ ਜਾਂ ਚੰਗੀ ਤਰਾਂ ਲੁਕ ਕੇ ਵੇਖਿਆ ਤਾਂ ਭਿਖਾਰੀ ਲਾਠੀ ਰਖਕੇ ਚੰਗੀ ਤਰਾਂ ਆਸਣ ਜਮਾਕੇ ਬੈਠ ਗਿਆ ਸੀ, ਇਸ ਤੋਂ ਪਹਿਲਾਂ ਲਲਤਾ ਨੇ ਇਹਨੂੰ ਕਦੇ ਨਰਾਸ ਨਹੀਂ ਸੀ ਮੋੜਿਆ। ਅੱਜ ਉਹਨੂੰ ਖਾਲੀ ਹੱਥੀਂ ਮੋੜਨ ਦਾ ਖਿਆਲ

ਕਰਕੇ ਉਹਦਾ ਦਿਲ ਵੱਢੂ ਟੁੱਕੂ ਹੋਣ ਲੱਗ ਪਿਆ।

ਭਿਖਾਰੀ ਨੇ ਫੇਰ ਅਵਾਜ਼ ਦਿਤੀ।

ਅੱਨਾਕਾਲੀ ਭੱਜੀ ਆਈ ਤੇ ਆਕੇ ਪਤਾ ਦਿੱਤਾ ਕਿ ਤੇਰਾ ਉਹ ਬੁੱਢਾ ਪੁੱਤਰ ਫੇਰ ਆਇਆ ਹੈ।

ਲਲਤਾ ਨੇ ਆਖਿਆ, ਇਕ ਕੰਮ ਕਰੇਂਗੀ ਭੈਣ?' ਮੈਂ ਜ਼ਰਾ ਰੁਝੀ ਹੋਈ ਹਾਂ ਤੂੰ ਭੱਜੀ ਜਾਹ ਤੇ ਸ਼ੇਖਰ ਬਾਬੂ ਪਾਸੋਂ ਇਕ ਰੁਪਇਆ ਲੈ ਆ।

ਕਾਲੀ ਭੱਜੀ ਗਈ ਤੇ ਭੱਜੀ ਹੀ ਆ ਗਈ। ਆਖਣ ਲੱਗੀ? 'ਆਹ ਲੌ।'

ਲਲਤਾ ਨੇ ਪੁਛਿਆ, ਸ਼ੇਖਰ ਬਾਬੂ ਨੇ ਕੀ ਆਖਿਆ?

'ਕੁਝ ਨਹੀਂ ਕਿਹਾ' ਉਹਨਾ ਆਖਿਆ, ਅਚਕਨ ਦੀ ਜੇਬ ਵਿਚੋਂ ਰੁਪਇਆ ਕੱਢ ਲੈ ਮੈਂ ਕੱਢ ਲਿਆਈ।

'ਹੋਰ ਕੁਝ?'

'ਕੁਝ ਨਹੀਂ।' ਇਹ ਆਖ ਕੇ ਅੱਨਾਕਾਲੀ ਧੌਣ ਹਿਲਾਕੇ ਖੇਡਣ ਚਲੀ ਗਈ।

ਲਲਤਾ ਨੇ ਭਿਖਾਰੀ ਨੂੰ ਦਾਨ ਦੇਕੇ ਵਿਦਿਆ ਕਰ ਦਿਤਾ ਪਰ ਹੋਰਨਾਂ ਦਿਨਾਂ ਵਾਂਗੂ ਖਲੋਕੇ ਉਹ ਉਸਦੀ ਅਸੀਸ ਨਹੀਂ ਸੁਣ ਸਕੀ, ਉਹਨੂੰ ਕੁਝ ਚੰਗਾ ਨਾ ਲੱਗਾ।

ਦੂਜੇ ਪਾਸੇ ਕੁਝ ਦਿਨਾਂ ਤੋਂ ਤਾਸ਼ ਦੀ ਖੇਲ ਬੜੀ ਤੇਜ਼ੀ ਨਾਲ ਚਲ ਰਹੀ ਸੀ, ਅੱਜ ਦੁਪਹਿਰ ਨੂੰ ਲਲਤਾ ਉਥੇ ਨਹੀਂ ਗਈ। ਸਿਰ ਦਰਦ ਦਾ ਬਹਾਨਾ ਕਰਕੇ ਪੈ ਰਹੀ ਅਜ ਸੱਚ ਮੁੱਚ ਹੀ ਉਸਦਾ ਮਨ ਬਹੁਤ ਖਰਾਬ ਸੀ। ਸਾਮਨੇ ਉਹਨੇ ਕਾਲੀ ਨੂੰ ਸਦਕੇ ਪੁਛਿਆ, 'ਕਾਲੀ ਤੂ ਪੜ੍ਹਨ ਵਾਸਤੇ ਸ਼ੇਖਰ

ਦੇ ਕੋਲ ਜਾਨੀ ਹੁੰਨੀਏਂ ?

ਕਾਲੀਨੇ ਸਿਰ ਹਲਾਕੇ ਆਖਿਆ, ਹਾਂ ਜਾਂਦੀ ਹੁੰਨੀਆਂ।

ਮੇਰੀ ਬਾਬਤ ਸ਼ੇਖਰ ਬਾਬੂ ਕਦੇ ਨਹੀਂ ਪੁਛਦੇ ?

ਨਹੀਂ, ਪਰਸੋਂ ਪੁੱਛ ਰਹੇ ਸਨ ਤੂੰ ਦੁਪਹਿਰ ਨੂੰ ਤਾਸ਼ ਖੇਡਣ ਜਾਂਦੀ ਏਂ ਜਾਂ ਨਹੀਂ ?

ਲਲਿਤਾ ਨੇ ਕੁਝ ਕਾਹਲੀ ਜਹੀ ਪੈਕੇ ਆਖਿਆ, "ਤੂੰ ਕੀ ਦਸਿਆ ?"

ਮੈਂ ਆਖਿਆ ਤੂੰ ਚਾਰੂ ਬੀਬੀ ਦੇ ਘਰ ਤਾਸ਼ ਖੇਡਣ ਜਾਂਦੀ ਹੁੰਨੀ ਏਂ।" ਸ਼ੇਖਰ ਨੇ ਆਖਿਆ, "ਕੌਣ ਕੌਣ ਖੇਲਦਾ ਹੁੰਦਾ ਏ ?" ਮੈਂ ਆਖਿਆ, "ਤੂੰ, ਚਾਰੂ ਬੀਬੀ, ਉਸਦੀ ਮਾਂ ਤੇ ਉਹਦਾ ਮਾਮਾ ਜੀ।" 'ਤੂੰ ਦੱਸ ਤਾ ਸਹੀ ਤੂੰ ਚੰਗਾ ਖੇਡਦੀ ਏਂ ਜਾਂ ਚਾਰੂ ਜੀ ਦੇ ਮਾਮਾਂ ਜੀ ? ਸਹੇਲੀ ਮਾਂ ਆਖਦੀ ਸੀ ਕਿ ਤੂੰ ਚੰਗਾ ਖੇਡਦੀ ਏਂ ਠੀਕਹੈ ?'

ਲਲਿਤਾ ਨੇ ਉਹਦੀ ਗੱਲ ਦਾ ਕੋਈ ਜਵਾਬ ਨ ਦੇਕੇ ਨਾਰਾਜ਼ਗੀ ਨਾਲ ਆਖਿਆ, "ਤੂੰ ਐਨੀਆਂ ਗੱਲਾਂ ਕਿਉਂ ਕਰ ਦਿਤੀਆਂ ? ਇਹਨਾਂ ਗੱਲਾਂ ਨਾਲ ਤੈਨੂੰ ਕੀ ਲਗੇ। ਹੁਣ ਮੈਂ ਕਦੇ ਤੈਨੂੰ ਕੋਈ ਚੀਜ਼ ਨਹੀਂ ਦਿਆਂਗੀ।" ਇਹ ਆਖਕੇ ਉਹ ਗੁੱਸੇ ਹੋ ਕੇ ਚਲੀ ਗਈ।

ਕਾਲੀ ਦੰਗ ਰਹਿ ਗਈ। ਲਲਿਤਾ ਦੀ ਇਸ ਅਚਾਨਕ ਤਬਦੀਲੀ ਨੂੰ ਉਹ ਕੁਝ ਵੀ ਨ ਸਮਝ ਸਕੀ।

ਮਨੋਰਮਾ ਦੇ ਘਰ ਦੋ ਦਿਨ ਤੋਂ ਤਾਸ਼ ਬੰਦ ਹੈ। ਲਲਿਤਾ ਨਹੀਂ ਜਾਂਦੀ। ਲਲਿਤਾ ਨੂੰ ਵੇਖਕੇ ਗਿਰੀ ਨੰਦ ਉਸ ਵਲ ਖਿੱਚਿਆ ਗਿਆ ਹੈ, ਇਹਦਾ ਮਨੋਰਮਾ ਨੂੰ ਸ਼ੱਕ

ਸੀ, ਪਰ ਅੱਜ ਇਹ ਸ਼ੱਕ ਹੋਰ ਵੀ ਪੱਕਾ ਹੋ ਗਿਆ। ਸ਼ਾਮ ਨੂੰ ਤੁਰਨ ਫਿਰਨ ਨਹੀਂ ਜਾਂਦਾ ਸਗੋਂ ਘਰ ਵਿਚ ਹੀ ਐਧਰ ਊਧਰ ਫਿਰਦਾ ਰਹਿੰਦਾ ਹੈ। ਅੱਜ ਦੁਪਹਿਰ ਨੂੰ ਉਸਨੇ ਆਕੇ ਮਨੋਰਮਾ ਨੂੰ ਕਿਹਾ, 'ਬੀਬੀ ਅੱਜ ਵੀ ਖੇਲ ਨਹੀਂ ਹੋਵੇਗਾ ?'

ਮਨੋਰਮਾਂ ਨੇ ਆਖਿਆ ਕਿੱਦਾਂ ਹੋਵੇਗਾ, ਜਦ ਕਿ ਹਾਣੀ ਹੀ ਪੂਰੇ ਨਹੀਂ। ਜੇ ਬਹੁਤਾ ਜੀ ਕਰਦਾ ਹੈ ਤਾਂ ਆਓ ਤਿੰਨੋ ਹੀ ਖੇਲ ਲੈਂਦੇ ਹਾਂ।"

ਗਿਰੀ ਨੰਦ ਨੇ ਨਿਰਾਸ ਹੋਕੇ ਆਖਿਆ, "ਤਿੰਨਾਂ ਜਣਿਆਂ ਦੀ ਕਾਹਦੀ ਖੇਡ ਹੈ, ਬੀਬੀ ! ਲਲਿਤਾ ਨੂੰ ਕਿਉਂ ਨਹੀਂ ਸੱਦ ਲੈਂਦੀ ?"

"ਉਹ ਨਹੀਂ ਆਏਗੀ।"

ਗਿਰੀ ਨੰਦ ਨੇ ਉਦਾਸ ਹੋਕੇ ਪੁਛਿਆ, ਕਿਉਂ ਨਹੀਂ ਆਏਗੀ, ਕੀ ਉਹਦੇ ਘਰ ਵਾਲਿਆਂ ਮਨ੍ਹਾਂ ਕਰ ਦਿਤਾ ਹੈ ?"

ਮਨੋਰਮਾ ਨੇ ਸਿਰ ਹਿਲਾਕੇ ਆਖਿਆ, "ਨਹੀਂ, ਉਹਦੇ ਘਰ ਵਾਲੇ ਤਾਂ ਏਦਾਂ ਦੇ ਨਹੀਂ, ਉਹ ਆਪ ਹੀ ਨਹੀਂ ਆਉਂਦੀ।"

ਗਿਰੀ ਨੰਦ ਨੇ ਖੁਸ਼ ਹੋਕੇ ਆਖਿਆ, "ਤੇਰੇ ਆਪ ਸੱਦਣ ਨਾਲ ਉਹ ਨਹੀਂ ਆਵੇਗੀ ? ਇਹ ਗੱਲ ਕਹਿਕੇ ਉਹ ਖੁਦ ਹੀ ਬਹੁਤ ਸ਼ਰਮਿੰਦਾ ਹੋ ਗਿਆ।

ਮਨੋਰਮਾ ਹੱਸ ਪਈ। ਆਖਣ ਲੱਗੀ, "ਚੰਗਾ ਮੈਂ ਆਪ ਵੀ ਜਾਂਦੀ ਹਾਂ।" ਇਹ ਆਖਕੇ ਚਲੀ ਗਈ ਤੇ ਥੋੜੇ ਚਿਰ ਪਿਛੋਂ ਲਲਿਤਾ ਨੂੰ ਲਿਆਕੇ ਤਾਸ਼ ਖੇਡਣ ਬਹਿ ਗਈ।

ਦੋ ਦਿਨਾਂ ਤੋਂ ਖੇਡ ਹੋਈ ਨਹੀਂ ਸੀ ਇਸ ਕਰਕੇ ਅੱਜ ਬਹੁਤ ਛੇਤੀ ਖੇਲ ਜੰਮ ਗਿਆ ਲਲਿਤਾ ਦਾ ਪਾਸਾ ਜਿੱਤ ਰਿਹਾ ਸੀ ।

ਦੋ ਘੰਟਿਆ ਪਿਛੋਂ ਅਚਾਨਚੱਕ ਹੀ ਕਾਲੀ ਆ ਖਲੋਤੀ ਕਹਿਣ ਲੱਗੀ, "ਲਲਿਤਾ ਸ਼ੇਖਰ ਬਾਬੂ ਛੇਤੀ ਹੀ ਸਦ ਰਹੇ ਹਨ ।"

ਲਲਿਤਾ ਦਾ ਚਿਹਰਾ ਪੀਲਾ ਪੈਗਿਆ।ਤਾਸ਼ ਵੰਡਣਾ ਬੰਦ ਕਰਕੇ ਬੋਲੀ "ਸ਼ੇਖਰ ਬਾਬੂ ਦਫਤਰ ਨਹੀਂ ਗਏ ?"

"ਕੀ ਪਤਾ ਹੈ ਫੇਰ ਮੁੜ ਆਏ ਹੋਣਗੇ ।" ਇਹ ਆਖ ਕੇ ਉਹ ਸਿਰ ਹਿਲਾਉਂਦੀ ਹੋਈ ਚਲੀ ਗਈ ।

ਲਲਿਤਾ ਤਾਸ਼ ਰਖ ਕੇ ਮਨੋਰਮਾਂ ਦੇ ਮੂੰਹ ਵਲ ਵੇਖ ਕੇ ਆਖਣ ਲੱਗੀ, "ਚੰਗਾ ਮਾਂ ਜਾਂਦੀ ਹਾਂ ।"

ਮਨੋਰਮਾ ਨੇ ਕਾਹਲੀ ਜਹੀ ਕਿਹਾ, "ਕਿਉਂ ਐਡੀ ਛੇਤੀ ? ਹੋਰ ਦੋ ਬਾਜ਼ੀਆਂ ਖੇਲ ਜਾਹ ।"

ਲਲਿਤਾ ਵੀ ਕਾਹਲੀ ਨਾਲ ਉਠ ਖਲੋਤੀ । ਬੋਲੀ, "ਨਹੀਂ ਮਾਂ ਉਹ ਬਹੁਤ ਗੁਸੇ ਹੋਣਗੇ ਤੇ ਇਹ ਆਖ ਕੇ ਦਬਾ ਦਬ ਚਲੀ ਗਈ ।"

ਗਿਰੀ ਨੰਦ ਨੇ ਪੁਛਿਆ, "ਸ਼ੇਖਰ ਬਾਬੂ ਕੌਣ ਭੈਣ ?"

ਮਨੋਰਮਾ ਨੇ ਕਿਹਾ, ਉਹ ਜੋ ਸਾਹਮਣੇ ਫਾਟਕ ਵਾਲਾ ਮਕਾਨ ਹੈ, ਉਸ ਵਿਚ ਰਹਿੰਦੇ ਹਨ ।

ਗਿਰੀ ਨੰਦ ਨੇ ਸਿਰ ਹਲਾਉਂਦਿਆਂ ਹੋਇਆਂ ਕਿਹਾ, ਚੰਗਾ, "ਇਹ ਫਾਟਕਵਾਲੇ ਨਵੇਂ ਬਾਬੂ ਇਹਦੇ ਸਾਕ ਹੋਣਗੇ।

ਮਨੋਰਮਾ ਨੇ ਆਖਿਆ, "ਸਾਕ ਕੀ, ਉਹ ਤਾਂ ਲਲਿਤਾ ਦੇ ਰਹਿਣ ਵਾਲੇ ਮਕਾਨ ਨੂੰ ਸਮੂਲਚਾ ਹੜੱਪ ਕਰਨ ਦੇ 'ਫਿਕਰ ਵਿਚ ਹਨ।'

ਗਿਰੀ ਨੰਦ ਹੈਰਾਨਗੀ ਨਾਲ ਵੇਖਦਾ ਰਹਿ ਗਿਆ।

ਮਨੋਰਮਾ ਕਿੱਸਾ ਫੋਲਣ ਲੱਗ ਪਈ। "ਪਿਛਲੇ ਸਾਲ ਰੁਪੈ ਨਾ ਹੋਣ ਕਰਕੇ ਗੁਰਚਰਨ ਬਾਬੂ ਦੀ ਵਿਚਕਾਰਲੀ ਲੜਕੀ ਦਾ ਵਿਆਹ ਨਹੀਂ ਸੀ ਹੋ ਰਿਹਾ। ਉਸ ਨੇ ਬਹੁਤ ਜ਼ਿਆਦਾ ਵਿਆਜ ਤੇ ਨਵੀਨ ਬਾਬੂ ਪਾਸ ਇਹ ਮਕਾਨ ਗਹਿਣੇ ਪਾਕੇ ਰੁਪੈ ਕਰਜ਼ ਲਏ ਸਨ। ਇਹ ਕਰਜ਼ਾ ਮੁੱਕ ਨਹੀਂ ਸਕਦਾ ਤੇ ਅਖੀਰ ਨੂੰ ਇਹ ਮਕਾਨ ਨਵੀਨ ਬਾਬੂ ਦਾ ਹੀ ਹੋ ਜਾਏਗਾ।"

ਮਨੋਰਮਾ ਨੇ ਸਾਰਾ ਕਿੱਸਾ ਸੁਣਾ ਕੇ ਅੰਤ ਵਿਚ ਆਪਣੀ ਰਾਏ ਜ਼ਾਹਰ ਕੀਤੀ, ਬੁਢੇ ਦੀ ਕਈ ਚਿਰ ਦੀ ਖਾਹਸ਼ ਹੈ ਕਿ ਗੁਰਚਰਨ ਬਾਬੂ ਦਾ ਮਕਾਨ ਢਾਹਕੇ ਉਸੇ ਆਪਣੇ ਸ਼ੇਖਰ ਬਾਬੂ ਲਈ ਇਕ ਬਹੁਤ ਆਲੀਸ਼ਾਨ ਮਕਾਨ ਬਣਾਵਾਂ, ਦੋਹਾਂ ਮੁੰਡਿਆਂ ਦੇ ਅੱਡ ਅੱਡ ਮਕਾਨ ਹੋ ਜਾਣਗੇ, ਇਰਾਦਾ ਬੁਰਾ ਨਹੀਂ।

ਇਹ ਪ੍ਰਸੰਗ ਸੁਣਕੇ ਗਿਰੀ ਨੰਦ ਕੁਝ ਦੁਖੀ ਹੋਇਆ ਉਹਨੇ ਪੁਛਿਆ, ਬੀਬੀ ਗੁਰਚਰਨ ਬਾਬੂ ਦੇ ਹੋਰ ਵੀ ਤਾਂ ਲੜਕੀਆਂ ਹਨ; ਉਹਨਾਂ ਦਾ ਵਿਆਹ ਕਿਦਾਂ ਕਰੇਗਾ ?

ਮਨੋਰਮਾ ਨੇ ਆਖਿਆ ਇਹ ਤਾਂ ਹੈ ਈ। ਕੁੜੀਆਂ ਤੋਂ ਬਿਨਾਂ ਇਹ ਲਲਤਾ ਦਾ ਭਾਰ ਵੀ ਉਸੇ ਸਿਰ ਹੈ। ਇਹਦੇ ਮਾਂ ਪਿਉ ਮਰ ਗਏ ਹਨ। ਇਸ ਸਾਲ ਇਹਦਾ ਵਿਆਹ

ਹੋ ਜਾਣਾ ਚਾਹੀਦਾ ਹੈ। ਇਹਨਾਂ ਦੀ ਬਰਾਦਰੀ ਵਿਚ ਇ
ਵੇਲੇ ਸਹਾਇਤਾ ਦੇਣ ਵਾਲਾ ਕੋਈ ਨਹੀਂ, ਹੱਥ ਅੱਡ
ਵਾਲੇ ਸਾਰੇ ਹਨ। ਇਹਨਾਂ ਲੋਕਾਂ ਨਾਲੋਂ ਅਸੀਂ ਲੋਕ ਚੰ
ਹਾਂ ਗਰੀਬ।

ਗਰੀਨ ਚੁੱਪ ਹੋ ਰਿਹਾ ਮਨੋਰਮਾ ਆਖਣ ਲੱਗੀ, ਉ
ਦਿਨ ਲਲਤਾ ਦੀਆਂ ਗਲਾਂ ਕਰ ਕਰ ਕੇ ਉਸਦੀ ਮਾਮੀ ਮੇ
ਅਗੇ ਰੋਣ ਲਗ ਪਈ ਸੀ। ਇਹਦਾ ਵਿਆਹ ਕਿਦਾਂ ਹੋਵੇਗ
ਕੁਝ ਪਤਾ ਨਹੀਂ। ਇਹਦੇ ਫਿਕਰ ਵਿਚ ਗੁਰਚਰਨ ਦਾ ਅੰ
ਜਲ ਵੀ ਛੁੱਟ ਗਿਆ ਹੈ। ਅੱਛਾ ਗਰੀਨ ਤੇਰੇ ਮੁੰਗੇਰਾਂ ਵਿ
ਕੋਈ ਐਹੋ ਜਿਹਾ ਨਹੀਂ ਜੋ ਸਿਰਫ ਲੜਕੀ ਵੇਖਦੇ ਹੀ ਸ਼ਾ
ਕਰ ਸਕੇ ? ਇਹੋ ਜਹੀ ਲੜਕੀ ਮਿਲਨੀ ਮੁਸ਼ਕਲ ਹੈ।

ਗਿਰੀਨੰਦ ਉਦਾਸੀ ਜਹੀ ਦਾ ਹਾਸਾ ਹਸਦਾ ਹੋਇਆ
ਬੋਲਿਆ ਮਿੱਤ੍ਰ ਮੁੱਤ੍ਰ ਕੋਈ ਨਹੀਂ ਬੀਬੀ, ਮਗਰ ਹਾਂ ਰੁਪ
ਪੈਸੇ ਦੀ ਮੈਂ ਖੁਦ ਸਹਾਇਤਾ ਕਰ ਸਕਦਾ ਹਾਂ।"

ਗਰੀਨ ਦੇ ਪਿਤਾ ਡਾਕਟਰੀ ਕਰਦੇ ਸਨ। ਬਹੁ
ਸਾਰੀ ਜਾਇਦਾਦ ਜ਼ਮੀਨ ਤੇ ਰੁਪਿਆ ਛਡ ਗਏ ਹਨ
ਇਹਦਾ ਵਾਰਸ ਗਰੀਨ ਹੀ ਏ।

ਮਨੋਰਮਾ ਨੇ ਆਖਿਆ, 'ਕਿੰਨਾ ਉਧਾਰ ਦੇ ਸਕੇਗਾ?

"ਉਧਾਰ ਕੋਈ ਨਹੀਂ ਬੀਬੀ ਜੀ, ਜੇ ਉਹ ਦੇ ਸਕ
ਤਾਂ ਵਾਹਵਾ ਨਹੀਂ ਤੇ ਨਾ ਸਹੀ।"

ਮਨੋਰਮਾ ਹੈਰਾਨ ਹੋ ਗਈ। ਕਹਿਣ ਲੱਗੀ, "ਤੈਨੂੰ ਕ
ਫਾਇਦਾ ?" ਉਹ ਨਾ ਸਾਡੇ ਸਾਕ ਹਨ ਤੇ ਨਾ ਹੀ ਭਾਈਚਾ
ਵਿਚੋਂ। ਏਦਾਂ ਕੋਈ ਕਿਸੇ ਨੂੰ ਰੁਪਿਆ ਦੇਂਦਾ ਹੈ ?

ਗਿਰੀ ਨੰਦ ਆਪਣੀ ਭੈਣ ਦੇ ਮੂੰਹ ਵੱਲ ਵੇਖ ਕੇ ਹੱਸਣ ਲਗ ਪਿਆ। ਫੇਰ ਬੋਲਿਆ, "ਜੇ ਸਾਕ ਜਾਂ ਭਾਈ ਚਾਰੇ ਵਿਚੋਂ ਨਾ ਹੋਏ ਤਾ ਫੇਰ ਕੀ ਹੋਇਆ ਹਨ ਤਾਂ ਆਪਣੇ ਹੀ ਦੇਸ ਦੇ। ਉਹਨਾਂ ਦਾ ਹੱਥ ਤੰਗ ਹੈ ਤੇ ਮੇਰੇ ਕੋਲ ਰੁਪਏ ਬਹੁਤ ਹਨ। ਤੂੰ ਇਕ ਵਾਰੀ ਪੁੱਛ ਵੇਖ ਜੇ ਉਹ ਲੈਣ ਨੂੰ ਤਿਆਰ ਹੋਣ ਤਾਂ ਮੈਂ ਦੇ ਸਕਦਾ ਹਾਂ। ਲਲਿਤਾ ਇਹਨਾਂ ਦੀ ਵੀ ਕੋਈ ਨਹੀਂ ਤੇ ਸਾਡੀ ਵੀ ਕੁਝ ਨਹੀਂ ਲਗਦੀ। ਉਹਦੇ ਵਿਆਹ ਦਾ ਸਾਰਾ ਖਰਚ ਮੈਂ ਹੀ ਦੇ ਦਿਆਂਗਾ।

ਉਹਦੀ ਗੱਲ ਸੁਣ ਕੇ ਮਨੋਰਮਾ ਦੀ ਬਹੁਤੀ ਤਸੱਲੀ ਨਾ ਹੋਈ। ਇਸ ਵਿਚ ਭਾਵੇਂ ਉਸ ਦਾ ਲਾਹਾ ਤੋਟਾ ਕੋਈ ਨਹੀਂ ਸੀ, ਪਰ ਐਨਾ ਰੁਪਇਆ ਕੋਈ ਆਦਮੀ ਕਿਸੇ ਇਸਤ੍ਰੀ ਨੂੰ ਦੇ ਦੇਵੇ ਇਹਨੂੰ ਕੋਈ ਵੀ ਨਹੀਂ ਸੀ ਮੰਨ ਸਕਦਾ।

ਚਾਰੂ ਹੁਣ ਤੱਕ ਚੁਪ ਬੈਠੀ ਸਭ ਕੁਝ ਸੁਣ ਰਹੀ ਸੀ। ਉਹ ਬਹੁਤ ਹੀ ਖੁਸ਼ ਹੋਕੇ ਉੱਛਲ ਪਈ ਤੇ ਕਹਿਣ ਲੱਗੀ, 'ਹਾਂ ਮਾਮਾ ਦੇ ਦਿਹ, ਮੈਂ ਮਾਂ ਨੂੰ ਆਖ ਆਉਂਦੀ ਹਾਂ।'

ਪਰ ਉਹਦੀ ਮਾਂ ਨੇ ਉਹਨੂੰ ਡਾਂਟ ਦਿੱਤਾ। "ਤੂੰ ਚੁਪ ਰਹਿ ਚਾਰੂ, ਲੜਕੀਆਂ ਨੂੰ ਇਹਨਾਂ ਗੱਲਾਂ ਵਿਚ ਨਹੀਂ ਪੈਣਾ ਚਾਹੀਦਾ। ਜੇ ਆਖਣਾ ਹੋਵੇਗਾ ਤਾਂ ਮੈਂ ਜਾ ਕੇ ਆਖਾਂਗੀ।"

ਗਿਰੀ ਨੰਦ ਨੇ ਆਖਿਆ, "ਚੰਗਾ ਬੀਬੀ ਤੂੰ ਹੀ ਆਖਣਾ। ਪਰਸੋਂ ਰਾਹ ਵਿਚ ਖਲੋਤਿਆਂ ਖਲੋਤਿਆਂ ਗੁਰ-ਚਰਨ ਬਾਬੂ ਨਾਲ ਮੇਰੀ ਗਲ ਬਾਤ ਹੋਈ ਸੀ। ਗੱਲਾਂ ਬਾਤਾਂ ਤੋਂ ਪਤਾ ਲਗਦਾ ਸੀ ਕਿ ਉਹ ਬੜੇ ਸਿੱਧੇ ਆਦਮੀ ਹਨ, ਤੂੰ ਕੀ ਸਮਝਦੀ ਏਂ ਬੀਬੀ ?"

ਮਨੋਰਮਾ ਨੇ ਆਖਿਆ, "ਮੈਂ ਵੀ ਇਹੋ ਸਮਝਦੀ ਹਾਂ ਤੇ ਸਭ ਲੋਕੀਂ ਵੀ ਇਹੋ ਆਖਦੇ ਹਨ। ਇਹ ਦੋਵੇਂ ਜੀਅ ਹੀ ਬੜੇ ਸਿੱਧੇ ਸੁਭਾ ਦੇ ਹਨ। ਇਸੇ ਕਰਕੇ ਦੁਖ ਹੁੰਦਾ ਹੈ, ਕਿਸੇ ਦਿਨ ਵਿਚਾਰਿਆਂ ਨੂੰ ਘਰ ਬਾਹਰ ਛੱਡ ਕੇ ਤਖੀਆ ਮਲਣਾ ਪੈ ਜਾਇਗਾ। ਇਹ ਦਾ ਸਬੱਬ ਤੂੰ ਨਹੀਂ ਵੇਖਿਆ ? ਸ਼ੇਖਰ ਬਾਬੂ ਬੁਲਾ ਰਹੇ ਹਨ, ਸੁਣਦੇ ਹੀ ਲਲਿਤਾ ਝਟ ਪਟ ਉਠ ਕੇ ਚਲੀ ਗਈ। ਸਾਰੇ ਘਰ ਵਾਲੇ ਉਹਨਾਂ ਦੇ ਬੇਮੁੱਲੇ ਨੌਕਰ ਬਣੇ ਰਹੇ ਹਨ । ਇਹ ਭਾਵੇਂ ਕਿੰਨੀ ਹੀ ਖੁਸ਼ਾਮਦ ਕਿਉਂ ਨਾ ਕਰਨ ਪਰ ਨਵੀਨ ਰਾਇ ਦੇ ਜੋ ਪੰਜੇ ਵਿਚ ਆ ਗਿਆ ਹੈ, ਉਸ ਦੇ ਛੁੱਟਣ ਦੀ ਕੋਈ ਆਸ ਨਹੀਂ ਹੋ ਸਕਦੀ।

ਗਿਰੀ ਨੰਦ ਨੇ ਪੁਛਿਆ, "ਫੇਰ ਤੂੰ ਆਖੇਂਗੀ ਨ ਬੀਬੀ ?

"ਚੰਗਾ ਮੈਂ ਆਖ ਦਿਆਂਗੀ। ਰੁਪੈ ਦੇਕੇ ਜੇ ਤੂੰ ਨੇਕੀ ਕਰ ਦੇਵੇਂ ਤਾਂ ਚੰਗਾ ਹੀ ਹੈ। ਇਹ ਆਖਕੇ ਉਹ ਥੋੜਾ ਜਿਹਾ ਹੱਸ ਪਈ। ਫੇਰ ਕਹਿਣ ਲੱਗੀ, ਤੈਨੂੰ ਐਹੋ ਜਹੀ ਕੀ ਲੋੜ ਪੈ ਗਈ ਹੈ, ਗਰੀਨ...।

"ਗਰਜ਼ ਕਾਹਦੀ, ਦੁੱਖ ਦਰਦ ਵਿਚ ਇੱਕ ਦੂਜੇ ਦੀ ਸਹਾਇਤਾ ਕਰਨਾ ਆਦਮੀ ਦਾ ਧਰਮ ਹੁੰਦਾ ਹੈ । ਇਹ ਆਖਦਾ ਹੋਇਆ ਉਹ ਸ਼ਰਮਾਉਂਦਾ ਹੋਇਆ ਬਾਹਰ ਚਲਿਆ ਗਿਆ ਪਰ ਦਰਵਾਜ਼ਿਉਂ ਬਾਹਰ ਜਾ ਕੇ ਫੇਰ ਮੁੜ ਆਇਆ ਤੇ ਆਕੇ ਬਹਿ ਗਿਆ।

ਉਸ ਦੀ ਭੈਣ ਨੇ ਆਖਿਆ, "ਫੇਰ ਬਹਿ ਗਏ ਹੋ?"

ਗਿਰੀ ਨੰਦ ਨੇ ਹਸਦੇ ਹੋਏ ਕਿਹਾ, "ਤੁਸਾਂ ਜੋ ਐਨਾਂ

ਰੋਣਾ ਰੋਇਆ ਹੈ, ਇਹ ਤਾਂ ਮੈਨੂੰ ਝੂਠ ਹੀ ਮਲੂਮ ਹੁੰਦਾ ਹੈ ?

ਮਨੋਰਮਾ ਨੇ ਹੈਰਾਨ ਹੋਕੇ ਆਖਿਆ ਕਿਦਾਂ ?

ਗਿਰੀ ਨੰਦ ਆਖਣ ਲੱਗਾ, "ਲਲਿਤਾ ਜਿਸ ਤਰ੍ਹਾਂ ਖਰਚ ਕਰਦੀ ਹੈ, ਇਸ ਤੋਂ ਤਾਂ ਇਹ ਪਤਾ ਲੱਗਦਾ ਹੈ ਕਿ ਇਨ੍ਹਾਂ ਦੀ ਮਾਇਕ ਹਾਲਤ ਜ਼ਰਾ ਵੀ ਖਰਾਬ ਨਹੀਂ। ਉਸ ਦਿਨ ਮਾਸੀ ਥੀਏਟਰ ਵੇਖਣ ਗਏ ਸਾਂ। ਉਹ ਆਪ ਨਹੀਂ ਸੀ ਗਈ ਪਰ ਫੇਰ ਵੀ ਦਸ ਰੁਪੈ ਆਪਣੀ ਭੈਣ ਦੇ ਹੱਥ ਭੇਜ ਦਿੱਤੇ ਸਨ। ਚਾਰੂ ਕੋਲੋਂ ਪੁਛਣਾ ਕਿੰਨਾ ਖਰਚ ਕਰਦੀ ਹੈ। ਮਹੀਨੇ ਵਿੱਚ ਵੀਹ ਪੰਜੀ ਰੁਪੈ ਤਾਂ ਉਹਦਾ ਖਰਚ ਜ਼ਰੂਰ ਹੋਵੇਗਾ।"

ਮਨੋਰਮਾ ਨੂੰ ਯਕੀਨ ਨਾ ਆਇਆ।

ਚਾਰੂ ਨੇ ਆਖਿਆ, "ਸੱਚੀ ਮਾਂ ! ਸਭ ਸ਼ੇਖਰ ਬਾਬੂ ਪਾਸੋਂ ਲੈ ਕੇ ਖਰਚ ਕਰਦੀ ਹੈ। ਹੁਣ ਵੀ ਨਹੀਂ ਛੋਟੇ ਹੁੰਦਿਆਂ ਤੋਂ ਹੀ ਉਹ ਸ਼ੇਖਰ ਬਾਬੂ ਦੀ ਅਲਮਾਰੀ ਖੋਲ੍ਹ ਕੇ "ਰੁਪੈ ਕੱਢ ਲਿਆਉਂਦੀ ਰਹੀ ਹੈ, ਕੋਈ ਕੁਝ ਨਹੀਂ ਆਖਦਾ।"

ਮਨੋਰਮਾਂ ਨੇ ਹੈਰਾਨਗੀ ਨਾਲ ਪੁਛਿਆ, ਰੁਪੈ ਕੱਢ ਲਿਆਉਂਦੀ ਹੈ ? ਸ਼ੇਖਰ ਬਾਬੂ ਨੂੰ ਪਤਾ ਹੈ ?"

ਚਾਰੂ ਨੇ ਸਿਰ ਹਿਲਾਕੇ ਆਖਿਆ, "ਸ਼ੇਖਰ ਬਾਬੂ ਜਾਣਦੇ ਹਨ। ਉਨ੍ਹਾਂ ਦੇ ਸਾਹਮਣੇ ਹੀ ਤਾਂ ਕੱਢਦੀ ਹੈ। ਪਹਿਲੇ ਮਹੀਨੇ ਜੋ ਅੱਨਾਕਾਲੀ ਦੀ ਗੁੱਡੀ ਦਾ ਵਿਆਹ ਹੋਇਆ ਸੀ ਉਸ ਵਿਚ ਰੁਪੈ ਕਿਸ ਦਿੱਤੇ ਸਨ ? ਸਭ ਇਸਨੇ ਹੀ ਦਿਤੇ ਹਨ।

ਮਨੋਰਮਾ ਨੇ ਕੁਝ ਸੋਚ ਕੇ ਆਖਿਆ, "ਕੀ ਪਤਾ ਹੈ ! ਪਰ ਇੱਕ ਗਲ ਹੈ, ਬੁੱਢੇ ਦੇ ਮੁੰਡੇ ਪਿਉ ਵਰਗੇ ਮੱਖੀ ਚੂਸ

ਨਹੀਂ। ਉਨ੍ਹਾਂ ਤੇ ਮਾਂ ਦਾ ਅਸਰ ਪੈ ਰਿਹਾ ਹੈ। ਇਸ ਕਰਕੇ ਉਨ੍ਹਾਂ ਵਿੱਚ ਦਇਆ ਧਰਮ ਹੈ। ਇਸ ਤੋਂ ਬਿਨਾਂ ਲਲਿਤਾ ਲੜਕੀ ਵੀ ਬਹੁਤ ਚੰਗੀ ਹੈ। ਛੋਟੇ ਹੁੰਦਿਆਂ ਤੋਂ ਇਕੱਠੇ ਰਹੇ ਹਨ। ਇਸ ਕਰਕੇ ਸਭ ਦਾ ਪਿਆਰ ਹੋਗਿਆ ਹੈ। ਚੰਗਾ, ਚਾਰੂ ਤੂੰ ਤਾਂ ਆਉਂਦੀ ਜਾਂਦੀ ਰਹਿਨੀ ਏਂ, ਤੈਨੂੰ ਪਤਾ ਹੋਣਾ ਏਂ ਅਗਲੇ ਮਹੀਨੇ ਸ਼ੇਖਰ ਬਾਬੂ ਦਾ ਵਿਆਹ ਹੋਵੇਗਾ ਕਿ ਨਹੀਂ ? ਸੁਣਿਆਂ ਹੈ ਕਿ ਲੜਕੀ ਵਾਲੇ ਪਾਸੋਂ ਬੁੱਢੇ ਨੂੰ ਕਾਫੀ ਰੁਪਇਆ ਮਿਲੇਗਾ।''

ਚਾਰੂ ਨੇ ਆਖਿਆ, ਹਾਂ ਮਾਂ ਅਗਲੇ ਮਹੀਨੇ ਹੀ ਵਿਆਹ ਹੋਵੇਗਾ, ਸਭ ਪੱਕੀ ਹੋ ਗਈ ਹੈ।

—o—

## ੫.

ਗੁਰਚਰਨ ਉਹਨਾਂ ਆਦਮੀਆਂ ਵਿਚੋਂ ਹੈ ਜਿਨਾਂ ਨਾਲ ਉਹਨਾਂ ਦੀ ਉਮਰ ਦਾ ਹੋਰ ਕੋਈ ਬਿਨਾਂ ਝਿਜਕਦੇ ਗਲ ਬਾਤ ਕਰ ਸਕਦਾ ਹੈ, ਦੋ ਤਿੰਨਾਂ ਦਿਨਾਂ ਦੀ ਗਲ ਬਾਤ ਮਗਰੋਂ ਹੀ ਗਿਰੀ ਨੰਦ ਨਾਲ ਉਹਨਾਂ ਦੀ ਚੰਗੀ ਮਿਤ੍ਰਤਾ ਹੋਗਈ ਹੈ। ਗੁਰਚਰਨ ਦੇ ਦਿਲ ਵਿਚ ਜਰਾ ਵੀ ਦ੍ਰਿੜਤਾ ਨਹੀਂ ਇਸ ਕਰਕੇ ਬਹਿਸ ਵਿਚ ਹਾਰ ਜਾਣ ਕਰਕੇ ਵੀ ਉਹਨਾਂ ਨੂੰ ਜ਼ਰਾ ਭੀ ਘਬਰਾਹਟ ਨਹੀਂ ਹੁੰਦੀ ਸੀ।

ਗਿਰੀ ਨੰਦ ਨੂੰ ਉਹਨਾਂ ਸ਼ਾਮ ਤੋਂ ਪਿਛੋਂ ਚਾਹ ਪੀਣ

ਦਾ ਸੱਦਾ ਦਿਤਾ ਹੋਇਆ ਸੀ, ਦਫਤਰੋਂ ਆਉਂਦਿਆਂ ਦਿਨ ਛਿੱਪ ਜਾਂਦਾ ਸੀ। ਘਰ ਆਕੇ ਮੂੰਹ ਹਥ ਧੋਕੇ ਜਲਦੀ ਨਾਲ ਕਹਿਣ ਲੱਗੇ, ਲਲਤਾ ਚਾ ਤਿਆਰ ਹੋਈ ਹੈ ? 'ਕਾਲੀ ਜਾਹ ਆਪਣੇ ਗਰੀਨ ਮਾਮੇ ਨੂੰ ਸੱਦ ਲਿਆ।' ਇਸ ਦੇ ਪਿਛੋਂ ਦੋਵੇ ਚਾਹ ਪੀਂਦੇ ਪੀਂਦੇ ਹੀ ਬਹਿਸ ਕਰਨ ਲਗ ਪਏ।

ਲਲਤਾ ਕਿਸੇ ਕਿਸੇ ਦਿਨ ਮਾਮੇ ਦੀ ਓਹਲੇ ਬਹਿਕੇ ਬਹਿਸ ਸੁਣਿਆਂ ਕਰਦੀ ਸੀ। ਉਸ ਦਿਨ ਗਿਰੀਨੰਦ ਦੀਆਂ ਦਲੀਲਾਂ ਸੌ ਗੁਣਾ ਜ਼ਿਆਦਾ ਚੰਗੀਆਂ ਹੁੰਦੀਆਂ ਸਨ, ਆਮ ਤੌਰ ਤੇ ਇਸ ਸਮਾਜ ਦੇ ਬਰਖਿਲਾਫ ਹੀ ਨੁਕਤਾ ਚੀਨੀ ਹੁੰਦੀ ਹੁੰਦੀ ਸੀ, ਸਮਾਜ ਦਾ ਕਠੋਰ ਹਿਰਦਾ, ਬੇਜੋੜ ਉਪਦੱਰ ਸਾਰੀਆਂ ਗੱਲਾਂ ਤੇ ਵਿਚਾਰ ਹੁੰਦੀ ਹੁੰਦੀ ਸੀ।

ਪਹਿਲਾਂ ਤਾਂ ਸਾਬਤ ਕਰਨ ਵਾਲੀ ਕੋਈ ਚੀਜ ਹੀ ਨਹੀਂ ਸੀ ਹੁੰਦੀ, ਇਸ ਤੋਂ ਬਿਨਾ ਗੁਰਚਰਨ ਦੇ ਦੁਖਾਂ ਨਾਲ ਪੀੜਤ ਹਿਰਦੇ ਨਾਲ ਗਿਰੀਨ ਦੀਆਂ ਗੱਲਾਂ ਇਨ ਬਿਨ ਮੇਲ ਖਾ ਜਾਂਦੀਆਂ ਸਨ। ਉਹ ਸਿਰ ਹਿਲਾਕੇ ਆਖਦੇ, ਸਚੀ ਗਲ ਹੈ ਗਰੀਨ ਕੀਹਦਾ ਜੀ ਨਹੀਂ ਕਰਦਾ ਕਿ ਉਹ ਆਪ-ਣੀਆਂ ਲੜਕੀਆਂ ਨੂੰ ਚੰਗੇ ਥਾਂ ਤੇ ਸਮੇਂ ਸਿਰ ਨ ਵਿਆਹ ਦੇਵੇ। ਪਰ ਵਿਆਹ ਕਿੱਦਾਂ ਦੇਵੇ ? ਸਮਾਜ ਆਖਦਾ ਹੈ ਕਿ ਲੜਕੀ ਵਿਆਹੁਣ ਵਾਲੀ ਹੋ ਗਈ ਹੈ, ਵਿਆਹ ਦਿਹ, ਪਰ ਵਿਆਹੁਣ ਦਾ ਪ੍ਰਬੰਧ ਨਹੀਂ ਹੋ ਸਕਦਾ, ਤੁਸੀ ਬਿਲਕੁਲ ਠੀਕ ਆਖਦੇ ਹੋ, ਮੇਰੇ ਵੱਲ ਹੀ ਵੇਖੋ ਨਾ, ਮਕਾਨ ਵੀ ਗਹਿਣੇ ਪਾਉਣਾ ਪਿਆ ਤਾਂ ਜਾਕੇ ਕੁੜੀ ਨੂੰ ਬੂਹਿਓਂ ਉਠਾ-ਇਆ, ਪਤਾ ਨਹੀਂ ਏਹ ਚੌਂਹ ਦਿਨਾਂ ਨੂੰ ਬਾਲ ਬੱਚਾ ਲੈਕੇ

ਕਿਸੇ ਤਖੀਏ ਡੇਰਾ ਕਰਨਾ ਪਏਗਾ, ਸਮਾਜ ਇਹ ਥੋੜ੍ਹਾ ਆਖੇ ਗਾ ਕਿ ਸਾਡੇ ਘਰ ਸਿਰ ਲੁਕਾ ਲੈ। ਦਸੋ ਤਾਂ ਸਹੀ?

ਗਿਰੀ ਨੰਦ ਚੁੱਪ ਰਹਿੰਦਾ, ਗੁਰਚਰਨ ਆਪ ਹੀ ਕਰਦਾ ਜਾਂਦਾ ਬਿਲਕੁਲ ਠੀਕ ਗੱਲ ਹੈ। ਇਹੋ ਜਹੇ ਸਮਾਜ ਨਾਲੋਂ ਤਾਂ ਬੇ ਜਾਤ ਹੋ ਜਾਣਾ ਹੀ ਚੰਗਾ ਹੈ, ਢਿੱਡ ਭਰੇ ਜਾਂ ਨਾਂ ਪਰ ਸ਼ਾਂਤੀ ਤਾਂ ਮਿਲ ਸਕਦੀ ਹੈ। ਜੇ ਸਮਾਜ ਦੁਖੀਏ ਦਾ ਦੁੱਖ ਨਹੀਂ ਸਮਝਦਾ, ਮੁਸ਼ਕਲ ਵੇਲੇ ਕੰਮ ਨਹੀਂ ਆਉਂਦਾ ਉਹ ਸਮਾਜ ਮੇਰਾ ਨਹੀਂ-ਮੇਰੇ ਵਰਗੇ ਗਰੀਬਾਂ ਦਾ ਨਹੀਂ। ਸਮਾਜ ਤਾਂ ਮੋਟੇ ਢਿੱਡਾਂ ਵਾਲਿਆਂ ਦਾ ਹੈ। ਓਹੋ ਰਹਿਣ ਸਮਾਜ ਵਿਚ, ਅਸਾਂ ਸਮਾਜ ਪਾਸੋਂ ਕੀ ਲੱਡੂ ਲੈਣੇ ਹਨ, ਸਾਨੂੰ ਇਸਦੀ ਜ਼ਰੂਰਤ ਨਹੀਂ। ਇਹ ਆਖ ਕੇ ਗੁਰਚਰਨ ਬਾਬੂ ਇਕ ਵਾਰੀ ਹੀ ਚੁੱਪ ਹੋ ਜਾਂਦੇ।

ਇਹਨਾਂ ਦਲੀਲਾਂ ਨੂੰ ਲਲਤਾ ਸਿਰਫ ਸੁਣਦੀ ਹੀ ਨਾ ਸੀ, ਸਗੋਂ ਰਾਤ ਨੂੰ ਬਿਸਤਰੇ ਤੇ ਪੈਕੇ ਨੀਂਦ ਨ ਆਉਣ ਤਕ ਸੋਚਦੀ ਵੀ ਰਹਿੰਦੀ ਸੀ, ਹਰ ਇਕ ਗਲ ਉਹਦੇ ਦਿਲ ਤੇ ਚੰਗੀ ਤਰਾਂ ਜੰਮ ਦੀ ਜਾਂਦੀ ਸੀ, ਉਹ ਮਨ ਹੀ ਮਨ ਵਿਚ ਆਖਦੀ, ਸੱਚੀ ਮੁੱਚੀ ਗਰੀਨ ਬਾਬੂ ਦੀਆਂ ਗਲਾਂ ਕਿੰਨੀਆਂ ਇਨਸਾਫ ਭਰੀਆਂ ਹਨ।

ਮਾਮੇ ਨਾਲ ਉਹਦਾ ਬਹੁਤ ਹੀ ਪਿਆਰ ਸੀ, ਬਸ ਮਾਮੇ ਦੇ ਪੱਖ ਵਿੱਚ ਗਿਰੀ ਨੰਦ ਜੋ ਭੀ ਆਖਦਾ, ਲਲਤਾ ਨੂੰ ਸਭ ਕੁਝ ਹੀ ਪਿਆਰਾ ਮਲੂਮ ਹੁੰਦਾ, ਉਹਦੇ ਮਾਮਾ ਸਿਰਫ ਓਹਦੇ ਵਾਸਤੇ ਹੀ ਐਨੇ ਫਿਕਰ ਮੰਦ ਹਨ ਕਿ ਰੋਟੀ ਪਾਣੀ ਤੱਕ ਛੱਡ ਚੁੱਕੇ ਹਨ, ਇਹਦੇ ਦੁਖੀ ਮਾਮਾ ਇਹਨੂੰ ਆਸਰਾ

ਦੇਕੇ ਹੀ ਤਾਂ ਐਨੇ ਔਖੇ ਹੋ ਰਹੇ ਹਨ, ਪਰ ਕਿਉਂ ? ਮਾਮੇ ਦੀ ਜਾਤ ਕਿਉਂ ਬਦਲੇਗੀ ? ਜੇ ਮੈਂ ਵਿਅਹ ਕਰਵਾਕੇ ਕਲ ਹੀ ਰੰਡੀ ਹੋਕੇ ਆ ਜਾਵਾਂ ਤਾਂ ਫੇਰ ਜਾਤ ਦਾ ਕੀ ਬਣੇਗਾ ? ਫੇਰ ਵਿਆਹ ਕਰਵਾਉਣ ਤੇ ਨਾ ਕਰਵਾਉਣ ਵਿਚ ਫਰਕ ਕੀ ਹੋਇਆ ? ਗਿਰੀ ਨੰਦ ਦੀਆਂ ਇਹਨਾਂ ਸਾਰੀਆਂ ਗੱਲਾਂ ਦੀ ਉਲਟਵੀਂ ਗਲ ਜੋ ਉਹਦੇ ਕੋਮਲ ਭਾਵਾਂ ਭਰੇ ਦਿਲ ਵਿਚ ਜਾਕੇ ਗੂੰਜਦੀ, ਓਹ ਇਸ ਨੂੰ ਬਾਹਰ ਕੱਢਕੇ ਉਸਤੇ ਚੰਗੀ ਤਰਾਂ ਵਿਚਾਰ ਕਰਦੀ ਤੇ ਵਿਚਾਰ ਕਰਦੀ ਕਰਦੀ ਹੀ ਸੌਂ ਜਾਂਦੀ।

ਉਹਦੇ ਮਾਮੇ ਦੇ ਦੁੱਖ ਨੂੰ ਸਮਝਕੇ ਜਿਹੜਾ ਵੀ ਕੋਈ ਗਲ ਕਰਦਾ, ਉਹਦੀ ਹਾਂ ਨਾਲ ਹਾਂ ਮਿਲਾਉਣ ਤੋਂ ਬਿਨਾਂ ਕੋਈ ਚਾਰਾ ਹੀ ਨਹੀਂ ਸੀ, ਉਹ ਗਿਰੀ ਨੰਦ ਤੇ ਬਹੁਤ ਹੀ ਸ਼ਰਧਾ ਕਰਨ ਲਗ ਪਏ।

ਪਹਿਲੇ ਗਿਰੀ ਨੰਦ ਲਲਤਾ ਨੂੰ ਤੁਸੀਂ ਆਖਕੇ ਬੁਲਾ ਲਿਆ ਕਰਦਾ ਸੀ, ਗੁਰਚਰਨ ਨੇ ਕਿਹਾ ਇਹਨੂੰ ਤੁਸੀ ਕਿਉਂ ਆਖਦੇ ਹੋ ਗਰੀਨ ? ਤੂੰ ਆਖਿਆ ਕਰੋ। ਉਸ ਦਿਨ ਤੋਂ ਉਸਨੇ ਇਹਨੂੰ ਤੂੰ ਹੀ ਕਹਿਣਾ ਸ਼ੁਰੂ ਕਰ ਦਿਤਾ ਹੈ।

ਇਕ ਦਿਨ ਗਰੀਨ ਨੇ ਪੁਛਿਆ 'ਤੂੰ ਚਾਹ ਕਿਉਂ ਨਹੀਂ ਪੀਂਦੀ ਲਲਤਾ ?'

ਲਲਤਾ ਦੇ ਮੂੰਹ ਨੀਵਾਂ ਕਰਕੇ ਸਿਰ ਹਿਲਾਉਣ ਤੇ ਗੁਰਚਰਨ ਨੇ ਕਿਹਾ, 'ਓਹਨੂੰ ਸ਼ੇਖਰ ਬਾਬੂ ਨੇ ਰੋਕ ਦਿੱਤਾ ਹੈ। ਲੜਕੀਆਂ ਦਾ ਚਾਹ ਪੀਣਾ ਉਹਨੂੰ ਚੰਗਾ ਨਹੀਂ ਲਗਦਾ।'

ਸਬੱਬ ਸੁਣ ਕੇ ਗਰੀਨ ਖੁਸ਼ ਨਹੀਂ ਹੋਇਆ, ਲਲਤਾ ਇਸ ਗੱਲ ਨੂੰ ਸਮਝ ਗਈ। ਅਜ ਸ਼ਨੀ ਵਾਰ ਹੈ, ਇਸ

ਕਰਕੇ ਹੋਰਨਾਂ ਦਿਨਾਂ ਤੇ ਇਸ ਦਿਨ ਜ਼ਰਾ ਚਾਹ ਤੇ ਗੱਪ ਸ਼ੱਪ ਜ਼ਿਆਦਾ ਚਿਰ ਵਜਦੀ ਰਹਿੰਦੀ ਸੀ।

ਚਾਹ ਪੀਣਾ ਬੰਦ ਹੋ ਚੁੱਕਾ ਸੀ, ਗੁਰਚਰਨ ਅਜੇ ਗਲ ਬਾਤ ਵਿਚ ਸ਼ੌਕ ਨਹੀਂ ਸਨ ਦਸ ਰਹੇ। ਵਿਚੇ ਵਿਚ ਕਿਸੇ ਹੋਰ ਪਾਸੇ ਹੀ ਧਿਆਨ ਚਲਿਆ ਜਾਂਦਾ ਸੀ।

ਗਰੀਨ ਇਸ ਗਲ ਨੂੰ ਤਾੜ ਗਿਆ, ਕਹਿਣ ਲੱਗਾ, 'ਸ਼ਾਇਦ ਤੁਹਾਡੀ ਤਬੀਅਤ ਠੀਕ ਨਹੀਂ ਹੈ?'

ਗੁਰਚਰਨ ਨੇ ਸਿਰ ਉਤਾਹਾਂ ਚੁਕ ਕੇ ਆਖਿਆ, ਕਿਉਂ? ਤਬੀਅਤ ਤਾਂ ਠੀਕ ਹੈ।

ਗਿਰੀ ਨੰਦ ਨੇ ਸੰਗਦੇ ਸੰਗਦੇ ਕਿਹਾ, ਤੇ ਆਪੋ ਵਿਚ ਦੀ ਕੀ ਕੁਝ........

'ਨਹੀਂ ਉਹ ਕੋਈ ਗਲ ਨਹੀਂ।' ਆਖਕੇ ਗੁਰਚਰਨ ਬਾਬੂ ਨੇ ਕੁਝ ਅਸਚਰਜ ਨਾਲ ਉਸ ਦੇ ਮੂੰਹ ਵੱਲ ਵੇਖਿਆ। ਉਹਨਾਂ ਦੇ ਅੰਦਰ ਦੀ ਹਿਲ ਜੁਲ ਬਾਹਰ ਪ੍ਰਗਟ ਹੋ ਰਹੀ ਸੀ, ਇਸ ਗਲ ਨੂੰ ਇਹ ਸਿੱਧਾ ਸਾਦਾ ਆਦਮੀ ਸਮਝ ਹੀ ਨਹੀਂ ਸਕਿਆ ਸੀ।

ਲਲਤਾ ਪਹਿਲਾਂ ਬਿਲਕੁਲ ਚੁੱਪ ਰਹਿੰਦੀ ਸੀ, ਹੁਣ ਕਦੇ ਕਦੇ ਵਿਚਕਾਰ ਵਿਚਕਾਰ ਇਕ ਦੋ ਗੱਲਾਂ ਕਰ ਜਾਂਦੀ ਹੈ। ਉਸ ਨੇ ਆਖਿਆ—'ਮਾਮਾ ਅੱਜ ਸ਼ਾਇਦ ਤੁਹਾਡਾ ਦਿਲ ਠੀਕ ਨਹੀਂ ਹੈ।'

ਗੁਰਚਰਨ ਹੱਸਦਾ ਹੋਇਆ ਉਠ ਬੈਠਾ ਤੇ ਕਹਿਣ ਲੱਗਾ 'ਚੰਗਾ ਇਹ ਗਲ ਹੈ, ਹਾਂ ਬੇਟਾ ਠੀਕ ਆਖਦੀ ਹੈਂ ਤੂੰ। ਅਜ ਮੇਰਾ ਮਨ ਸਚ ਮੁਚ ਹੀ ਠੀਕ ਨਹੀਂ।'

ਲਲਿਤਾ ਤੇ ਗਿਰੀ ਨੰਦ ਦੋਵੇਂ ਇਸਦੇ ਮੂੰਹ ਵੱਲ ਵੇਖਦੇ ਰਹੇ ।

ਗੁਰਚਰਨ ਨੇ ਆਖਿਆ, 'ਨਵੀਨ ਬਾਬੂ ਨੇ ਸਭ ਕੁਝ ਜਾਣਦਿਆਂ ਹੋਇਆਂ ਵੀ, ਰਾਹ ਵਿਚ ਪੰਜ ਚਾਰ ਸਖਤ ਗੱਲਾਂ ਕਰ ਦਿੱਤੀਆਂ ਹਨ। ਉਹਨਾਂ ਨੂੰ ਵੀ ਕੀ ਦੋਸ਼ ਦਿਆਂ ? ਛੇ ਮਹੀਨੇ ਹੋ ਗਏ ਇਕ ਪੈਸਾ ਵੀ ਤਾਂ ਨਹੀਂ ਮੋੜਿਆ ਜਾ ਸਕਿਆ ।'

ਗੱਲ ਨੂੰ ਸਮਝਕੇ ਲਲਿਤਾ ਉਸਨੂੰ ਦਬਾ ਦੇਣ ਲਈ ਘਾਬਰ ਉਠੀ । ਉਹਨੂੰ ਫਿਕਰ ਪੈ ਗਿਆ ਕਿ ਉਹਦੇ ਦੂਰ ਦੀ ਨ ਸੋਚਣ ਵਾਲੇ ਮਾਮਾ ਜੀ ਕਿਤੇ ਘਰ ਦੀਆਂ ਸਾਗੀਆਂ ਗੱਲਾਂ ਹੀ ਦੂਜੇ ਆਦਮੀ ਪਾਸ ਨ ਕਹਿ ਦੇਣ। ਇਸਤੋਂ ਡਰਦੀ ਮਾਰੀ ਉਹ ਝੱਟ ਪਟ ਕਹਿਣ ਲੱਗੀ, ਮਾਮਾ ਜੀ ਤੁਸੀਂ ਕੋਈ ਫਿਕਰ ਨ ਕਰੋ, ਸਭ ਕੁਝ ਠੀਕ ਹੋ ਜਾਇਗਾ ।

ਪਰ ਗੁਰ ਚਰਨ ਇਸ ਗੱਲ ਨੂੰ ਸਮਝਿਆ ਹੀ ਨਹੀਂ। ਉਦਾਸੀ ਭਰਿਆ ਹਾਸਾ ਹਸਦਾ ਹੋਇਆ, ਕਹਿਣ ਲੱਗਾ, 'ਕੀ ਠੀਕ ਹੋ ਜਾਇਗਾ, ਬੱਚੀ ?'ਅਸਲ ਵਿੱਚ ਗਲ ਇਹ ਹੈ ਗਰੀਬ ਮੇਰੀ ਧੀ ਤਾਂ ਚਾਹੁੰਦੀ ਹੈ ਕਿ ਮੇਰਾ ਬੁੱਢਾ ਮਾਮਾ ਕੋਈ ਫਿਕਰ ਨ ਕਰੇ ਬੇਫਿਕਰ ਰਹੇ । ਪਰ ਬਾਹਰ ਦੇ ਲੋਕ ਤਾਂ ਤੇਰੇ ਦੁਖੀ ਮਾਮੇ ਨੂੰ ਦੁਖ ਵਾਲੇ ਪਾਸੇ ਆਇਆ ਵੀ ਵੇਖਣਾ ਨਹੀਂ ਚਾਹੁੰਦੇ ਲਲਿਤਾ ।

ਗਿਰੀਨੰਦ ਨੇ ਪੁਛਿਆ, ਨਵੀਨ ਬਾਬੂ ਨੇ ਅੱਜ ਕੀ ਆਖਿਆ ਸੀ ?

ਲਲਿਤਾ ਨਹੀਂ ਜਾਣਦੀ ਸੀ ਕਿ ਗਿਰੀਨੰਦ ਨੂੰ

ਸਾਰੀਆਂ ਗੱਲਾਂ ਦਾ ਪਤਾ ਹੈ। ਇਸ ਕਰਕੇ ਉਹ ਇਹਨਾਂ ਗੱਲਾਂ ਦਾ ਗਿਰੀ ਨੰਦ ਨੂੰ ਪਤਾ ਲੱਗ ਜਾਣ ਦੇ ਡਰ ਤੋਂ ਬੜੀ ਖਿਝ ਰਹੀ ਸੀ।

ਗੁਰਚਰਨ ਨੇ ਸਾਰੀਆਂ ਗੱਲਾਂ ਖੋਲ੍ਹ ਦਿੱਤੀਆਂ। ਨਵੀਨ ਦੀ ਘਰ ਵਾਲੀ ਕਈਆਂ ਦਿਨਾਂ ਤੋਂ ਬਦਹਾਜ਼ਮੇ ਦੀ ਬੀਮਾਰੀ ਨਾਲ ਔਖੀ ਹੋ ਰਹੀ ਹੈ। ਦੁਖ ਵਧ ਜਾਣ ਤੇ ਡਾਕਟਰਾਂ ਨੇ ਜਲ ਪਾਣੀ ਦੀ ਬਦਲੀ ਲਈ ਆਖਿਆ ਹੈ। ਇਸ ਕਰਕੇ ਉਹਨਾਂ ਨੂੰ ਰੁਪੈ ਦੀ ਲੋੜ ਹੈ। ਇਸ ਕਰਕੇ ਉਹਨਾਂ ਗੁਰਚਰਨ ਪਾਸੋਂ ਸਾਰਾ ਬਿਆਜ ਤੇ ਕੁਝ ਅਸਲ ਵਿਚੋਂ ਵੀ ਮੰਗਿਆ ਹੈ।

ਗਿਰੀ ਨੰਦ ਕੁਝ ਚਿਰ ਅਡੋਲ ਰਹਿਕੇ ਹੌਲੀ ਜਹੀ ਬੋਲਿਆ, 'ਇਕ ਗੱਲ ਮੈਂ ਤੁਹਾਡੇ ਨਾਲ ਕਈਆਂ ਦਿਨਾਂ ਤੋਂ ਕਰਨ ਵਾਲਾ ਹਾਂ, ਪਰ ਕਰ ਨਹੀਂ ਸਕਿਆ, ਜੇ ਤੁਸੀਂ ਬੁਰਾ ਨਾ ਮੰਨੋ ਤਾ ਅਜੇ ਕਰ ਲਵਾ ?'

ਗੁਰਚਰਨ ਹੱਸ ਪਿਆ। ਕਹਿਣ ਲੱਗਾ ! ਮੇਰੇ ਨਾਲ ਗਲ ਕਰਨ ਲਗਾ ਤਾਂ ਕਦੇ ਕੋਈ ਵੀ ਨਹੀਂ ਸੰਗਿਆ ਕੀ ਗੱਲ ਹੈ ?

ਗਿਰੀਨੰਦ ਨੇ ਆਖਿਆ, ਬੀਬੀ ਜੀ ਪਾਸੋਂ ਸੁਣਿਆਂ ਹੈ ਕਿ ਨਵੀਨ ਬਾਬੂ ਬਿਆਜ ਬਹੁਤ ਹੀ ਲੈਂਦੇ ਹਨ। ਮੇਰੇ ਪਾਸ ਬਹੁਤ ਸਾਰੇ ਰੁਪੈ ਵਾਧੂ ਪਏ ਹੋਏ ਹਨ। ਕਿਸੇ ਕੰਮ ਨਹੀਂ ਆਉਂਦੇ, ਨਵੀਨ ਬਾਬੂ ਨੂੰ ਰੁਪਇਆਂ ਦੀ ਲੋੜ ਵੀ ਹੈ ਮੇਰਾ ਖਿਆਲ ਹੈ ਕਿ ਉਹਨਾਂ ਦੇ ਰੁਪੈ ਤੁਸੀਂ ਮੁਕਦੇ ਕਰ ਦਿਓ।

ਲਲਤਾ ਤੇ ਗੁਰਚਰਨ ਦੋਵੇਂ ਹੈਰਾਨਗੀ ਨਾਲ

ਉਹਦੇ ਮੂੰਹ ਵੱਲ ਵੇਖਣ ਲੱਗ ਪਏ। ਗਿਰੀਨੰਦ ਸੰਗਦਿਆਂ ਕਹਿਣ ਲੱਗਾ, 'ਮੈਨੂੰ ਹੁਣ ਰੁਪਇਆਂ ਦੀ ਕੋਈ ਖਾਸ ਲੋੜ ਨਹੀਂ ਇਸੇ ਕਰਕੇ ਕਹਿ ਰਿਹਾ ਹਾਂ ਕਿ ਜਦੋਂ ਤੁਹਾਥੋਂ ਮੋੜੇ ਜਾ ਸਕਣਗੇ ਤਾਂ ਮੋੜ ਦੇਣੇ। ਉਹਨਾਂ ਲੋਕਾਂ ਨੂੰ ਵੀ ਲੋੜ ਹੈ ਜੇ ਦੇ ਦਿਉ ਤਾਂ ਚੰਗਾ ਹੀ ਹੈ, ਪਰ..... ... .....

ਗੁਰਚਰਨ ਨੇ ਪੁਛਿਆ, ਸਾਰੇ ਰੁਪੈ ਤੁਸੀਂ ਦੇ ਦਿਉਗੇ ?

ਗੁਰਚਰਨ ਨੇ ਮੂੰਹਨੀਵਾਂ ਕਰਕੇ ਆਖਿਆ, 'ਹਾਂ! ਹਾਂ !' ਇਸ ਵਕਤ ਤੱਕ ਜੋ ਭੀ ਤੁਸਾਂ ਉਹਨਾਂ ਦਾ ਦੇਣਾ ਹੈ, ਸਭ ਨਿਬੜ ਜਾਇਗਾ।'

ਗੁਰਚਰਨ ਕੁਝ ਕਹਿਣਾ ਹੀ ਚਾਹੁੰਦੇ ਸਨ ਕਿ ਏਨੇ ਚਿਰ ਨੂੰ ਅੰਨਾਕਾਲੀ ਭੱਜੀ ਆਈ। ਕਹਿਣ ਲੱਗੀ, 'ਬੀਬੀ ! ਬੀਬੀ ! ਛੇਤੀ ਕਰ। ਸ਼ੇਖਰ ਬਾਬੂ ਨੇ ਕਪੜੇ ਪਾਉਣ ਲਈ ਕਿਹਾ ਹੈ, ਥੀਏਟਰ ਵੇਖਣ ਜਾਣਾ ਹੋਵੇਗਾ' ਇਹ ਆਖਕੇ ਉਹ ਜਿੱਦਾਂ ਆਈ ਸੀ ਉਸੇਤਰਾਂ ਹੀ ਚਲੀ ਗਈ। ਉਹਦੇ ਸ਼ੌਕ ਨੂੰ ਵੇਖਕੇ ਗੁਰਚਰਨ ਹੱਸ ਪਿਆ, ਲਲਿਤਾ ਟਿੱਕਕੇ ਬੈਠੀ ਰਹੀ।

ਅਨਾਕਾਲੀ ਪਲ ਮਗਰੋਂ ਹੀ ਫੇਰ ਆ ਗਈ ਤੇ ਆਖਣ ਲੱਗੀ, 'ਛੇਤੀ ਵੀ ਕਰ ਬੀਬੀ, ਸਾਰੇ ਖੜੇ ਤੈਨੂੰ ਉਡੀਕ ਰਹੇ ਹਨ।'

ਫੇਰ ਵੀ ਲਲਿਤਾ ਉੱਠਣ ਨੂੰ ਤਿਆਰ ਨ ਹੋਈ। ਉਹ ਉਸ ਰੁਪਇਆਂ ਦੀ ਗੱਲ ਨੂੰ ਅਖੀਰ ਤੱਕ ਸੁਣਕੇ ਜਾਣਾ ਚਾਹੁੰਦੀ ਸੀ, ਪਰ ਗੁਰਚਰਨ ਨੇ ਕਾਲੀ ਦੇ ਮੂੰਹ ਵੱਲ ਵੇਖਦਿਆਂ ਹੋਇਆ ਲਲਿਤਾ ਦੇ ਮੱਥੇ ਤੇ ਹੱਥ ਰੱਖਕੇ ਆਖਿਆ,

'ਜਾਹ ਬੱਚੀ ਚਿਰ ਨਾਂ ਲਾ, ਤੇਰੇ ਵਾਸਤੇ ਹੀ ਸਾਰੇ ਖੜੇ ਹਨ।' ਅਖੀਰ ਲਲਿਤਾ ਨੂੰ ਜਾਣਾ ਹੀ ਪਿਆ, ਜਾਂਦਿਆਂ ਹੋਇਆਂ ਉਸ ਨੇ ਗਿਰੀ ਨੰਦ ਦੇ ਮੂੰਹ ਵੱਲ ਧੰਨਵਾਦ ਭਰੀਆਂ ਅੱਖਾਂ ਨਾਲ ਤੱਕਿਆ ਤੇ ਹੌਲੀ ਜਹੀ ਬਾਹਰ ਚਲੀ ਗਈ। ਇਹ ਗੱਲ ਗਿਰੀ ਨੰਦ ਵੀ ਤਾੜ ਗਿਆ।

ਦਸਾਂ ਕੁ ਮਿੰਟਾਂ ਪਿਛੋਂ ਤਿਆਰ ਹੋਕੇ ਉਹ ਪਾਨ ਦੇਣ ਦੇ ਬਹਾਨੇ ਇਕਵਾਰ ਫੇਰ ਬੈਠਕ ਵਿਚ ਆਈ।

ਗਿਰੀ ਨੰਦ ਚਲਿਆ ਗਿਆ ਇਕੱਲਾ ਗੁਰਚਰਨ ਹੀ ਮੋਟੇ ਸਿਰਹਾਣੇ ਤੇ ਸਿਰ ਧਰੀ ਪਿਆ ਸੀ। ਉਹਦੀਆਂ ਮੀਟੀਆਂ ਹੋਈਆਂ ਅੱਖਾਂ ਦੇ ਕੰਢਿਆਂ ਤੋਂ ਅੱਥਰੂ ਵਹਿ ਰਹੇ ਸਨ। ਇਹ ਖੁਸ਼ੀ ਦੇ ਅੱਥਰੂ ਸਨ। ਇਹ ਗਲ ਲਲਿਤਾ ਸਮਝ ਗਈ। ਸਮਝ ਜਾਣ ਕਰਕੇ ਹੀ ਉਸਨੇ ਇਹਨਾਂ ਦਾ ਧਿਆਨ ਨਹੀ ਉਖੇੜਿਆ। ਜਿੱਦਾਂ ਚੁਪਚਾਪ ਆਈ ਸੀ ਓਦਾਂ ਹੀ ਚਲੀ ਗਈ। ਥੋੜੇ ਚਿਰ ਪਿਛੋਂ ਜਦ ਉਹ ਸ਼ੇਖਰ ਬਾਬੂ ਦੇ ਘਰ ਪੁੱਜੀ ਤਾਂ, ਉਸਦੀਆਂ ਦੀਆਂ ਅੱਖਾਂ ਵਿਚੋਂ ਵੀ ਅਥਰੂ ਵਗ ਰਹੇ ਸਨ। ਕਾਲੀ ਉਥੇ ਨਹੀਂ ਸੀ। ਉਹ ਸਾਰਿਆਂ ਨਾਲੋਂ ਪਹਿਲਾਂ ਹੀ ਗੱਡੀ ਵਿੱਚ ਜਾ ਬੈਠੀ ਸੀ। ਸ਼ੇਖਰ ਇਕੱਲਾ ਕਮਰੇ ਵਿਚ ਖਲੋਤਾ ਖਬਰੇ ਇਸੇ ਨੂੰ ਉਡੀਕ ਰਿਹਾ ਸੀ।

ਉਹ ਅੱਠ ਦਸ ਦਿਨ ਲਲਿਤਾ ਨੂੰ ਨ ਵੇਖ ਸਕਣ ਦੇ ਕਾਰਣ ਬਹੁਤ ਹੀ ਉਦਾਸ ਹੋ ਰਿਹਾ ਸੀ। ਪਰ ਹੁਣ ਉਹ ਇਹ ਗੱਲ ਭੁਲ ਗਿਆ ਤੇ ਕਹਿਣ ਲੱਗਾ, 'ਕੀ ਰੋ ਰਹੇ ਹੋ ?

ਲਲਿਤਾ ਨੇ ਨੀਵੀਂ ਪਾਕੇ ਜ਼ੋਰ ਨਾਲ ਧੌਣ ਹਿਲਾਈ।

ਏਧਰ ਲਲਿਤਾ ਨੂੰ ਨ ਵੇਖਕੇ ਸ਼ੇਖਰ ਦੇ ਮਨ ਵਿਚ

ਇਕ ਤਬਦੀਲੀ ਹੋ ਰਹੀ ਸੀ। ਇਸੇ ਕਰ ਕੇ ਉਹ ਕੋਲ ਆਕੇ ਦੋਹਾਂ ਹੱਥਾਂ ਨਾਲ ਲਲਿਤਾ ਦਾ ਮੂੰਹ ਉਤਾਂਹਾਂ ਚੁਕਕੇ ਉਹ ਬੋਲਿਆ, 'ਤੂੰ ਸੱਚੀ ਮੁੱਚੀ ਰੋ ਰਹੀ ਏਂ, ਕੀ ਗੱਲ ਹੈ ?'

ਲਲਿਤਾ ਪਾਸੋਂ ਆਪਣੇ ਆਪ ਨੂੰ ਸੰਭਾਲਿਆ ਨ ਗਿਆ, ਉਹ ਉਥੋਂ ਹੀ ਮੂੰਹ ਢੱਕ ਕੇ ਰੋਣ ਲਗ ਪਈ।

---o---

## ੬.

ਨਵੀਨ ਬਾਬੂ ਨੇ ਪੂਰੇ ਰੁਪੈ, ਪਾਈ ਪਾਈ ਗਿਣਕੇ, ਗਹਿਣੇ ਦਾ ਕਾਗਜ਼ ਵਾਪਸ ਕਰਦੇ ਹੋਏ ਨੇ ਕਿਹਾ, ਇਹ ਰੁਪੈ ਆਏ ਕਿਥੋਂ ਹਨ ਦੱਸੋ ਤਾਂ ਸਹੀ ? ਗੁਰਚਰਨ ਨੇ ਨਿੰਮ-ਰਤਾ ਨਾਲ ਕਿਹਾ, "ਇਹ ਗੱਲ ਨ ਪੁਛੋ ਕਿਸੇ ਨੇ ਦਸਣੋ ਰੋਕ ਦਿਤਾ ਹੈ।"

ਰੁਪੈ ਲੈਕੇ ਨਵੀਨ ਬਾਬੂ ਜ਼ਰਾ ਵੀ ਖੁਸ਼ ਨਹੀਂ ਹੋਏ ਨਾ ਤਾਂ ਉਨ੍ਹਾਂ ਨੂੰ ਰੁਪੈ ਮਿਲਣ ਦੀ ਆਸ ਹੀ ਸੀ ਤੇ ਨਾ ਲੈਣ ਦੀ ਇੱਛਾ। ਸਗੋਂ ਉਹ ਇਹ ਮਕਾਨ ਢੁਆ ਕੇ ਨਵੇਂ ਢੰਗ ਦਾ ਬਣਵਾਉਣ ਦਾ ਫਿਕਰ ਕਰ ਰਹੇ ਸਨ। ਉਨ੍ਹਾਂ ਗੱਲ ਲਾਕੇ ਆਖਿਆ, ਸੋ ਹੁਣ ਤਾਂ ਮਨਾਹੀ ਹੋਵੇਗੀ ਹੀ ਭਾਈ ਜੀ, ਦੋਸ਼ ਤੇਰਾ ਨਹੀਂ ਦੋਸ਼ ਮੇਰਾ ਹੈ, ਰੁਪਈਆ ਵਾਪਸ ਮੰਗਣਾ ਵੀ ਗੁਨਾਹ ਹੈ, ਕਲੂ ਕਾਲ ਜੂ ਹੋਇਆ ?

ਗੁਰਚਰਨ ਨੇ ਉਦਾਸ ਜਹੇ ਹੋਕੇ ਆਖਿਆ, "ਇਹ

ਗੱਲ ਨ ਆਖੋ ਸੇਠ ਜੀ, ਤੁਹਾਡਾ ਰੁਪਇਆ ਦਿੱਤਾ ਹੈ "ਜੋ ਤੁਸਾਂ ਕ੍ਰਿਪਾ ਕੀਤੀ ਸੀ, ਉਹਦਾ ਮੁੱਲ ਤਾਂ ਨਹੀਂ ਮੋੜਿਆ ਜਾ ਸਕਦਾ।"

ਨਵੀਨ ਹੱਸ ਪਿਆ। ਉਹ ਬੜਾ ਸਿਆਣਾ ਸੀ। ਜੇ ਇਹੋ ਜਹੀਆਂ ਗੱਲਾਂ ਨੂੰ ਦਿੱਲ ਤੇ ਲਿਆਉਣ ਵਾਲੇ ਹੁੰਦੇ ਤਾਂ ਗੁੜ ਵੇਚ ਕੇ ਲਖਾਂ ਪਤੀ ਕਿਦਾਂ ਬਣ ਜਾਂਦੇ ? ਕਹਿਣ ਲੱਗੇ, "ਜੇ ਸਚ ਮੁਚ ਹੀ ਇਹ ਗੱਲ ਸੀ ਤਾਂ ਐਡੀ ਛੇਤੀ ਰੁਪੈ ਕਿਉਂ ਮੋੜ ਦਿੱਤੇ ? ਮੰਨ ਲਿਆ ਮੈਂ ਰੁਪੈ ਮੰਗੇ ਸਨ ਉਹ ਵੀ ਤੁਹਾਡੀ ਭਰਜਾਈ ਲਈ, ਆਪਣੇ ਵਾਸਤੇ ਨਹੀਂ। ਤੁਸਾਂ ਜੋ ਮੇਰੇ ਨੱਕ ਤੇ ਰੁਪੈ ਲਿਆ ਰਖੇ, ਇਸ ਦੀ ਕੀ ਲੋੜ ਸੀ ? ਇਹ ਤਾਂ ਦੱਸ ਅਗਾਂਹ ਇਹ ਮਕਾਨ ਕਿੰਨੇ ਬਿਆਜ ਤੇ ਗਹਿਣੇ ਪਾਇਆ ਹੈ ?"

ਗੁਰਚਰਨ ਨੇ ਸਿਰ ਹਿਲਾਕੇ ਆਖਿਆ, "ਗਹਿਣੇ ਨਹੀਂ ਪਾਇਆ ਤੇ ਨਾ ਹੀ ਬਿਆਜ ਦੀ ਕੋਈ ਗੱਲ ਬਾਤ ਹੋਈ ਹੈ।"

ਨਵੀਨ ਬਾਬੂ ਨੂੰ ਯਕੀਨ ਨ ਆਇਆ। ਉਹਨੇ ਆਖਿਆ, ਕੀ ਆਖਦੇ ਹੋ ਮੁਫਤ ਹੀ ? "ਹਾਂ' ਜੀ ਇੱਕ ਤਰ੍ਹਾਂ ਦਾ ਮੁਫਤ ਹੀ ਸਮਝੋ। ਲੜਕਾ ਬੜਾ ਚੰਗਾ ਹੈ, ਬੜਾ ਹੀ ਦਿਆਲੂ ਹੈ।"

"ਲੜਕਾ ! ਲੜਕਾ ਕੌਣ ?"

ਗੁਰਚਰਨ ਨੇ ਇਸ ਸਵਾਲ ਦਾ ਕੋਈ ਜਵਾਬ ਨਹੀਂ ਦਿੱਤਾ। ਜਿੰਨਾ ਦਸ ਦਿਤਾ ਹੈ ਇਹ ਵੀ ਦੱਸਣਾ ਠੀਕ ਨਹੀਂ ਸੀ।

ਨਵੀਨ ਬਾਬੂ ਉਸਦੇ ਮਨ ਦੀ ਗੱਲ ਨੂੰ ਤਾੜ ਕੇ ਮਨ ਹੀ ਮਨ ਮੁਸਕਾਉਂਦੇ ਹੋਏ ਕਹਿਣ ਲੱਗੇ, ਜਦ ਕਹਿਣ ਦੀ ਆਗਿਆ ਨਹੀਂ ਤਾਂ ਕਹਿਣ ਦੀ ਲੋੜ ਕੀ ਹੈ। ਪਰ ਦੁਨੀਆਂ ਵਿਚ ਮੈਂ ਬਹੁਤ ਕੁਝ ਵੇਖ ਚੁੱਕਾ ਹਾਂ। ਉਹ ਭਾਵੇਂ ਕੋਈ ਹੋਵੇ, ਮੈਂ ਤੁਹਾਨੂੰ ਹੁਸ਼ਿਆਰ ਕਰਦਾ ਹਾਂ ਕਿ ਉਹ ਤੁਹਾਡੇ ਨਾਲ ਨੇਕੀ ਕਰਦਾ ਕਰਦਾ ਕਿਤੇ ਜਾਲ ਵਿਚ ਹੀ ਨ ਫਸਾ ਲਏ।

ਗੁਰਚਰਨ ਨੇ ਇਹਦਾ ਕੋਈ ਜਵਾਬ ਨਹੀਂ ਦਿੱਤਾ ਕਾਗਜ਼ ਲੈ ਕੇ ਸਿੱਧਾ ਘਰ ਆਗਿਆ ਹਰ ਸਾਲ ਇਨ੍ਹਾਂ ਦਿਨਾਂ ਵਿਚ ਭਵਨੇਸ਼ਵਰੀ ਕੁਝ ਚਿਰ ਵਾਸਤੇ ਪਛਮ ਦੇ ਪਾਸੇ ਫਿਰਨ ਤੁਰਨ ਚਲੀ ਜਾਂਦੀ ਹੁੰਦੀ ਹੈ। ਇਹਨੂੰ ਬਦਹਜ਼ਮੀ ਦੀ ਸ਼ਕਾ-ਇਤ ਰਹਿੰਦੀ ਹੈ। ਇਸ ਕਰਕੇ ਏਸ ਸੈਲ ਸਪੱਟੇ ਦਾ ਇਹਨੂੰ ਫਾਇਦਾ ਰਹਿੰਦਾ ਹੈ। ਬੀਮਾਰੀ ਐਨੀ ਨਹੀਂ ਸੀ, ਜਿੰਨੀ ਨਵੀਨ ਨੇ ਰੁਪੈ ਲੈਣ ਬਦਲੇ ਗੁਰਚਰਨ ਨੂੰ ਕਹੀ ਸੀ। ਖੈਰ ਕੁਝ ਵੀ ਹੋਵੇ ਜਾਣ ਦੀਆਂ ਤਿਆਰੀਆਂ ਹੋਣ ਲੱਗ ਪਈਆਂ।

ਉਸ ਦਿਨ ਚਮੜੇ ਦੇ ਬਕਸ ਵਿਚ ਸ਼ੇਖਰ ਆਪਣੀ ਸ਼ੌਕੀਨੀ ਦੀਆਂ ਚੀਜਾਂ ਜਮਾਕੇ ਰਖ ਰਿਹਾ ਸੀ।

ਅਨਾਕਾਲੀ ਨੇ ਕਮਰੇ ਵਿਚ ਆਕੇ ਕਿਹਾ, ਸ਼ੇਖਰ ਬਾਬੂ ਤੁਸੀਂ ਕਲ ਜਾਓਗੇ ?

ਸ਼ੇਖਰ ਨੇ ਝਟ ਸਿਰ ਉੱਚਾ ਕਰਕੇ ਆਖਿਆ, 'ਕਾਲੀ ਤੂੰ ਆਪਣੀ ਬੀਬੀ ਨੂੰ ਘਲ ਦਿਹ ਉਹ ਆਕੇ ਵੇਖ ਲਏ ਕਿ ਕੀ ਕੀ ਚੀਜ਼ ਨਾਲ ਖੜਨੀ ਹੈ।

ਲਲਿਤਾ ਹਰ ਸਾਲ ਇਸ ਮਾਂ ਨਾਲ ਜਾਂਦੀ ਹੈ, ਇਸ

ਵਾਰੀ ਜ਼ਰੂਰ ਜਾਇਗੀ, ਇਹ ਗਲ ਸ਼ੇਖਰ ਸਮਝਦਾ ਸੀ।

ਕਾਲੀ ਨੇ ਗਰਦਨ ਹਿਲਾਕੇ ਆਖਿਆ, 'ਬੀਬੀ ਤਾਂ ਨਹੀਂ ਜਾਇਗੀ।'

'ਕਿਉਂ ਨਹੀਂ ਜਾਇਗੀ ?'

ਕਾਲੀ ਨੇ ਆਖਿਆ, ਵਾਹ ! ਮਾਘ ਫਗਣ ਵਿਚ ਤਾਂ ਉਹਦਾ ਵਿਆਹ ਹੋਵੇਗਾ, ਬਾਬੂ ਜੀ ਵਰ ਘਰ ਦਰ ਘਰ ਲਭ ਰਹੇ ਹਨ।

ਸ਼ੇਖਰ ਸਾਰੀ ਗਲ ਨੂੰ ਸਮਝਣ ਦਾ ਯਤਨ ਕਰ ਰਹੀ ਨਜ਼ਰ ਨਾਲ ਉਸਦੇ ਮੂੰਹ ਵਲ ਵੇਖਦਾ ਰਿਹਾ।

ਕਾਲੀ ਨੇ ਘਰ ਜੋ ਸੁਣਿਆਂ ਸੀ, ਸ਼ੌਕ ਨਾਲ ਸਭ ਕੁਝ ਕਹਿਣ ਲਗ ਪਈ। 'ਗਿਰੀਨ ਬਾਬੂ' ਨੇ ਆਖਿਆ ਹੈ, ਜਿੰਨੇ ਰੁਪੇ ਲਗਣਗੇ ਅਸੀਂ ਦੇਵਾਂਗੇ। ਚੰਗਾ ਵਰ ਘਰ ਚਾਹੀਦਾ ਹੈ। ਬਾਬੂ ਜੀ ਅਜ ਦਫਤਰ ਨਹੀਂ ਜਾਣਗੇ। ਰੋਟੀ ਟੁਕ ਖਾਕੇ ਕਿਤੇ ਘਰ ਲਭਣ ਜਾਣਗੇ। ਗਿਰੀਨ ਬਾਬੂ ਵੀ ਨਾਲ ਹੀ ਰਹਿਣਗੇ।

ਸ਼ੇਖਰ ਚੁਪਚਾਪ ਸੁਣਦਾ ਰਿਹਾ ਤੇ ਲਲਤਾ ਕਿਉਂ ਨਹੀਂ ਆਈ ਇਹਦਾ ਵੀ ਓਹਨੂੰ ਪਤਾ ਲਗ ਗਿਆ।

ਕਾਲੀ ਆਖਣ ਲਗੀ, ਗਿਰੀਨ ਬਾਬੂ ਬੜੇ ਚੰਗੇ ਆਦਮੀ ਹਨ। ਵਿਚਕਾਰਲੀ ਭੈਣ ਦੇ ਵਿਆਹ ਤੇ ਬਾਬੂ ਜੀ ਨੇ ਮਕਾਨ ਗਹਿਣੇ ਪਾਇਆ ਸੀ ਨਾ ਤਾਏ ਜੀ ਦੇ ਕੋਲ ? ਬਾਬੂ ਜੀ ਕਹਿ ਰਹੇ ਸਨ ਕਿ ਕੁਝ ਦਿਨਾਂ ਤਕ ਸਾਨੂੰ ਸਭ ਨੂੰ ਕਿਸੇ ਤਖੀਏ ਡੇਰੇ ਲਾਉਣੇ ਪੈਣਗੇ। ਇਹ ਸੁਣਕੇ ਗਰੀਨ ਬਾਬੂ ਨੇ ਰੁਪੇ ਦੇ ਦਿਤੇ ਹਨ। ਕਲ ਬਾਬੂ ਜੀ ਨੇ ਸਭ ਰੁਪੇ

ਤਾਏ ਜੀ ਨੂੰ ਮੋੜ ਦਿਤੇ ਹਨ। ਬੀਬੀ ਜੀ ਆਖ ਰਹੇ ਸਨ, ਹੁਣ ਸਾਨੂੰ ਕਿਸੇ ਗਲ ਦਾ ਡਰ ਨਹੀਂ। ਠੀਕ ਹੈ ਨਾ ?

ਸ਼ੇਖਰ ਕੋਈ ਜਵਾਬ ਨ ਦੇ ਸਕਿਆ, ਉਸੇਤਰਾਂ ਇਕ ਟੱਕ ਵੇਖਦਾ ਰਿਹਾ।

ਕਾਲੀ ਨੇ ਪੁਛਿਆ ਕੀ ਸੋਚ ਰਹੇ ਹੋ ਸ਼ੇਖਰ ਬਾਬੂ ?

ਹੁਣ ਸ਼ੇਖਰ ਦਾ ਧਿਆਨ ਉਟਕਿਆ ਸੀ ਛੇਤੀ ਨਾਲ ਬੋਲ ਪਿਆ, 'ਕੁਝ ਨਹੀਂ ਕਾਲੀ ਆਪਣੀ ਭੈਣ ਨੂੰ ਜ਼ਰਾ ਛੇਤੀ ਘਲ ਦਿਹ। ਆਖਣਾ ਬਾਬੂ ਸਦ ਰਿਹਾ ਏ। ਜਾਹ ਭੱਜੀ ਜਾਹ।

ਕਾਲੀ ਭੱਜੀ ਗਈ।

ਸ਼ੇਖਰ ਖੁਲੇ ਹੋਏ ਸੂਟ ਕੇਸ ਵਲ ਇਕ ਟਕ ਵੇਖਦਾ ਰਿਹਾ। ਕਿਹੜੀ ਚੀਜ਼ ਚਾਹੀਦੀਹੈ ਤੇ ਕਿਹੜੀ ਨਹੀਂ ਇਹਦੀਆਂ ਨਜ਼ਰਾਂ ਅਗੋਂ ਸਭ ਲੁਕ ਗਈਆਂ।

ਸੱਦਾ ਸੁਣਕੇ ਲਲਤਾ ਨੇ ਉਤੇ ਆਕੇ ਖਿੜਕੀ ਵਿਚੋਂ ਝਾਕ ਕੇ ਵੇਖਿਆ ......................
ਕਿ ਸ਼ੇਖਰ ਬਾਬੂ ਬੱਲੇ ਨੂੰ ਨਿਗਾਹ ਕਰੀ ਚੁਪਚਾਪ ਬੈਠੇ ਹੋਏ ਹਨ। ਉਸਨੇ ਇਹਨਾਂ ਦੇ ਚਿਹਰੇ ਦਾ ਇਹ ਭਾਵ ਪਹਿਲਾਂ ਕਦੇ ਨਹੀਂ ਸੀ ਵੇਖਿਆ, ਲਲਿਤਾ ਹੈਰਾਨ ਹੋ ਗਈ ਤੇ ਡਰ ਗਈ। ਹੌਲੀ ਹੌਲੀ ਲਾਗੇ ਪਹੁੰਚ ਗਈ, ਸ਼ੇਖਰ 'ਆਈਏ' ਆਖਕੇ ਉਠਕੇ ਖਲੋ ਗਿਆ।

ਲਲਿਤਾ ਨੇ ਹੌਲੀ ਜਹੀ ਪੁਛਿਆ, 'ਮੈਨੂੰ ਸੱਦਿਆ ਸੀ ?'

ਹਾਂ ਆਖਕੇ ਸ਼ੇਖਰ ਘੜੀ ਕੁ ਚੁਪ ਰਿਹਾ। ਫੇਰ ਕਹਿਣ ਲੱਗਾ, 'ਕੱਲ ਸੁਵੇਰ ਦੀ ਗੱਡੀ ਮੈਂ ਮਾਂ ਨਾਲ ਸੈਰ ਵਾਸਤੇ ਜਾ ਰਿਹਾ ਹਾਂ। ਇਸਵਾਰੀ ਖਬਰੇ ਛੇਤੀ ਨ ਮੁੜਿਆ ਜਾਏ। ਆਹ

ਦਫਤਰ ਚਲਿਆ ਗਿਆ। ਉਹ ਲਲਤਾ ਦੀਆਂ ਲਾਲ ਅੱਖਾਂ ਦੀ ਵਜਾ ਚੰਗੀ ਤਰ੍ਹਾਂ ਸਮਝ ਗਿਆ ਸੀ, ਪਰ ਚੰਗੀ ਤਰ੍ਹਾਂ ਤਸੱਲੀ ਕਰ ਲੈਣ ਤੋਂ ਬਿਨਾਂ ਕੁਝ ਕਹਿਣ ਦਾ ਹੌਂਸਲਾ ਨਹੀਂ ਸੀ ਕਰ ਸਕਦਾ।

ਉਸ ਦਿਨ ਸ਼ਾਮ ਨੂੰ ਮਾਮੇ ਨੂੰ ਚਾਹ ਦੇਣ ਗਈ ਤਾਂ ਲਲਿਤਾ ਗੁੱਛਾ ਮੁੱਛਾ ਜਹੀ ਹੋ ਗਈ, ਅੱਜ ਸ਼ੇਖਰ ਵੀ ਉਥੇ ਸੀ ਕਿਉਂਕਿ ਉਹ ਗੁਰਚਰਨ ਪਾਸੋਂ ਛੁੱਟੀ ਮੰਗਣ ਆਇਆ ਸੀ।

ਲਲਿਤਾ ਨੀਵੀਂ ਪਾਈ ਦੋ ਪਿਆਲੀਆਂ ਚਾਹਦੀਆਂ, ਆਪਣੇ ਮਾਮੇ ਤੇ ਗਰੀਨ ਅੱਗੇ ਰੱਖ ਆਈ। ਇਹ ਵੇਖਕੇ ਗਰੀਨ ਨੇ ਆਖਿਆ, 'ਸ਼ੇਖਰ ਬਾਬੂ ਨੂੰ ਚਾਹ ਕਿਉਂ ਨਹੀਂ ਦਿਤੀ ?'

ਲਲਿਤਾ ਨੇ ਨੀਵੀਂ ਪਾਈ ਹੀ ਕਿਹਾ, ਸ਼ੇਖਰ ਬਾਬੂ ਚਾਹ ਨਹੀਂ ਪੀਂਦੇ। ਗਰੀਨ ਨੇ ਹੋਰ ਕੁਝ ਨ ਕਿਹਾ ਲਲਿਤਾ ਦੀ ਚਾਹ ਨ ਪੀਣ ਦੀ ਗੱਲ ਉਹਨੂੰ ਚੇਤੇ ਆਗਈ। ਸ਼ੇਖਰ ਆਪ ਚਾਹ ਨਹੀਂ ਸੀ ਪੀਂਦਾ, ਤੇ ਹੋਰ ਕਿਸੇ ਨੂੰ ਪੀਂਦਿਆਂ ਵੇਖਕੇ ਖੁਸ਼ ਨਹੀਂ ਸੀ ਹੁੰਦਾ।

ਚਾਹਦਾ ਪਿਆਲਾ ਹੱਥ ਵਿਚ ਫੜਕੇ ਗੁਰਚਰਨ ਦੇ ਮੁੰਡੇ ਦੀ ਗਲ ਛੇੜ ਦਿੱਤੀ, ਮੁੰਡਾ ਬੀ. ਏ. ਵਿਚ ਪੜ੍ਹ ਰਿਹਾ ਹੈ ਆਦਿ। ਬਹੁਤ ਹੀ ਵਡਿਆਈ ਕਰਨ ਤੋਂ ਪਿਛੋਂ ਉਸਨੇ ਕਿਹਾ, ਫੇਰ ਵੀ ਸਾਡੇ ਗਰੀਨ ਬਾਬੂ ਉਸਨੂੰ ਪਸੰਦ ਨਹੀਂ ਕਰਦੇ। 'ਹਾਂ ਇਹ ਗਲ ਜ਼ਰੂਰ ਹੈ ਕਿ ਲੜਕਾ ਵੇਖਣ ਵਿਚ ਐਨਾ ਚੰਗਾ ਨਹੀਂ ਜਾਪਦਾ, ਪਰ ਆਦਮੀ ਦਾ ਨਿਰਾ ਰੂਪ ਹੀ ਨਹੀਂ ਵੇਖਣਾ ਚਾਹੀਦਾ, ਗੁਣ ਵੇਖਣੇ ਚਾਹੀਦੇ ਹਨ।'

ਸ਼ੇਖਰ ਦੇ ਨਾਲ ਗਰੀਨ ਦੀ ਐਵੇਂ ਮਾਮੂਲੀ ਜਹੀ ਵਾਕਫੀ ਹੋਈ ਸੀ, ਸ਼ੇਖਰ ਨੇ ਉਸ ਵੱਲ ਵੇਖਕੇ ਹਸਦਿਆਂ ਹੋਇਆਂ ਕਿਹਾ–ਗਰੀਨ ਬਾਬੂ ਨੂੰ ਪਸੰਦ ਕਿਉਂ ਨਹੀਂ ਆਇਆ ! ਲੜਕਾ ਪੜ੍ਹ ਰਿਹਾ ਹੈ, ਉਮਰ ਚੰਗੀ ਹੈ ਇਹੋ ਤਾਂ ਸੁਪਾਤ੍ਰ ਦੇ ਲੱਛਣ ਹਨ।

ਸ਼ੇਖਰ ਨੇ ਪੁਛ ਤਾਂ ਠੀਕ ਲਿਆ, ਪਰ ਉਸਤਰਾਂ ਉਹ ਜਾਣਦਾ ਸੀ ਕਿ ਗਰੀਨ ਨੂੰ ਲੜਕਾ ਪਸੰਦ ਕਿਉਂ ਨਹੀਂ ਆਉਂਦਾ ਤੇ ਨਾ ਹੀ ਕੋਈ ਆਵੇਗਾ, ਪਰ ਗਿਰੀ ਨੰਦ ਛੇਤੀ ਨਾਲ ਕੋਈ ਜੁਵਾਬ ਨ ਦੇ ਸਕਿਆ। ਉਹਦਾ ਮੂੰਹ ਲਾਲ ਹੋਗਿਆ, ਸ਼ੇਖਰ ਨੇ ਇਹ ਗੱਲ ਤਾੜ ਲਈ, ਉਹ ਉਠ ਕੇ ਖਲੋ ਗਿਆ ਤੇ ਕਹਿਣ ਲੱਗਾ, ਚਾਚਾ ਜੀ ਮੈਂ ਤਾਂ ਕੱਲ ਮਾਂ ਨੂੰ ਨਾਲ ਲੈਕੇ ਫਿਰਨ ਤੁਰਨ ਜਾ ਰਿਹਾ ਹਾਂ। ਵੇਲੇ ਸਿਰ ਪਤਾ ਦੇਣਾ ਨਾ ਭੁਲ ਜਾਣਾ !

ਗੁਰਚਰਨ ਨੇ ਆਖਿਆ, "ਏਦਾਂ ਕਿਉਂ ਕਹਿੰਦਾ ਏਂ ਕਾਕਾ, ਸਾਡਾ ਤਾਂ ਸਭ ਕੁਝ ਤੂੰਈਂ ਏਂ। ਇਸਤੋਂ ਬਿਨਾਂ ਲਲਿਤਾ ਦੀ ਮਾਂ ਤੋਂ ਬਿਨਾਂ ਕੋਈ ਕੰਮ ਵੀ ਨਹੀਂ ਹੋ ਸਕਣਾ। ਕਿਉਂ ਧੀਏ ਠੀਕ ਹੈ ਕਿ ਨਹੀਂ ?" ਆਖਕੇ ਜਦ ਪਿਛਾਂਹ ਵੇਖਿਆ ਤਾਂ ਲਲਿਤਾ ਜਾ ਚੁੱਕੀ ਸੀ। ਕਹਿਣ ਲੱਗੇ, "ਕਦੋਂ ਚਲੀ ਗਈ ?"

ਸ਼ੇਖਰ ਨੇ ਆਖਿਆ, "ਵਿਆਹ ਦੀ ਗੱਲ ਛਿੜਦਿਆਂ ਹੀ ਭੱਜ ਗਈ।"

ਗੁਰਚਰਨ ਨੇ ਗੰਭੀਰ ਹੋਕੇ ਆਖਿਆ, "ਭੱਜ ਤਾਂ ਜਾਇਗੀ, ਭਾਵੇਂ, ਪਰ ਸਮਝ ਤਾਂ ਆ ਹੀ ਗਈ ਹੋਵੇਗੀ।"

ਇਹ ਆਖਕੇ ਇਕ ਛੋਟਾ ਜਿਹਾ ਹੌਕਾ ਲੈਕੇ ਕਿਹਾ, 'ਮੇਰੀ ਧੀ ਲਖਸ਼ਮੀ ਵੀ ਹੈ ਤੇ ਸਰਸਤੀ ਵੀ ਹੈ। ਇਹੋ ਜਹੀਆ ਧੀਆਂ ਕਿਤੇ ਕਿਤੇ ਹੀ ਮਿਲਦੀਆਂ ਹੁੰਦੀਆਂ ਹਨ। ਇਹ ਆਖਦਿਆਂ ਆਖਦਿਆਂ ਉਨ੍ਹਾਂ ਦੇ ਖੁਸ਼ਕ ਚਿਹਰੇ ਤੋਂ ਡੂੰਘੇ ਪਿਆਰ ਦੀ ਇੱਕ ਐਹੋ ਜਹੀ ਰੇਖਾ ਪੈ ਗਈ ਕਿ ਜਿਸਨੂੰ ਵੇਖਕੇ, ਗਰੀਨ ਤੇ ਸ਼ੇਖਰ ਦੋਵੇਂ ਹੀ ਸ਼ਰਧਾ ਨਾਲ ਸਿਰ ਨਵਾਉਣੋ ਨ ਰਹਿ ਸਕੇ।'

--o--

੭.

ਚਾਹ ਦੀ ਮਜਲਸ ਵਿਚੋਂ ਚੁੱਪ ਚਾਪ ਭੱਜਕੇ ਲਲਿਤ ਸ਼ੇਖਰ ਦੇ ਕਮਰੇ ਵਿਚ ਆਕੇ ਗੈਸ ਬੱਤੀ ਬਾਲ ਕੇ ਇਕ ਬਕਸ ਵਿਚ ਸ਼ੇਖਰ ਦੇ ਗਰਮ ਕਪੜੇ ਰੱਖ ਰਹੀ ਸੀ। ਸ਼ੇਖਰ ਦੇ ਆਉਣ ਤੇ ਲਲਿਤਾ ਨੇ ਜੋ ਉਸਦੇ ਮੂਹ ਵੱਲ ਵੇਖਿਆ ਤਾਂ ਉਹ ਦੰਗ ਰਹਿ ਗਈ।

ਮੁਕੱਦਮੇ ਵਿੱਚ ਸਭ ਕੁਝ ਹਾਰ ਕੇ ਆਦਮੀ ਜਿਹੋ ਜਹੀ ਸ਼ਕਲ ਲੈਕੇ ਅਦਾਲਤ ਵਿਚੋਂ ਬਾਹਰ ਨਿਕਲਦਾ ਹੈ, ਤੇ ਸਵੇਰ ਦੇ ਆਦਮੀ ਨੂੰ ਰਾਤ ਨੂੰ ਸਿਆਨਣਾਮੁਸ਼ਕਲ ਹੋ ਜਾਂਦਾ ਹੈ—ਇਸੇ ਤਰ੍ਹਾਂ ਇੱਕ ਘੰਟੇ ਦੇ ਅੰਦਰ ਅੰਦਰ ਠੀਕ ਉਸੇ ਤਰ੍ਹਾਂ ਲਲਿਤਾ ਸ਼ੇਖਰ ਬਾਬੂ ਨੂੰ ਨ ਸਿਆਣ ਸਕੀ। ਉਹਦੇ ਮੂੰਹ ਤੇ ਸਭ ਕੁਝ ਗੁਆ ਦੇਣ ਦੇ ਨਿਸ਼ਾਨ ਇਸ ਤਰ੍ਹਾਂ ਪ੍ਰਗਟ ਹੋ ਰਹੇ

ਸਨ ਜਿਵੇਂ ਕਿਸੇ ਨੇ ਚੱਪਾ ਲਾ ਦਿਤਾ ਹੋਵੇ।

ਸ਼ੇਖਰ ਨੇ ਖੁਸ਼ਕ ਗਲ ਵਿਚੋਂ ਭਰੀ ਹੋਈ ਅਵਾਜ਼ ਕੱਢ ਕੇ ਆਖਿਆ, "ਕੀ ਹੋ ਰਿਹਾ ਏ ਲਲਿਤਾ ?

ਲਲਿਤਾ ਕੋਈ ਜਵਾਬ ਨ ਦੇਕੇ ਆਪਣੇ ਦੋਹਾਂ ਹੱਥਾਂ ਵਿਚ ਉਸਦਾ ਹਥ ਫੜ ਕੇ ਰੋਣ ਹਾਕੀ ਜਹੀ ਹੋਕੇ ਬੋਲੀ, ਕੀ ਹੋ ਰਿਹਾ ਏ, ਸ਼ੇਖਰ ਬਾਬੂ ?"

'ਕੁੱਝ ਨਹੀਂ" ਆਖ ਕੇ ਉਹਨੇ ਬਦੋ ਬਦੀ ਥੋੜਾ ਜਿਹਾ ਹੱਸਣ ਦੀ ਕੋਸ਼ਸ਼ ਕੀਤੀ। ਲਲਿਤਾ ਦੇ ਹੱਥ ਦੀ ਛੋਹ ਨਾਲ ਉਹਦਾ ਚਿਹਰਾ ਕੁਝ ਥੋੜਾ ਜਿਹਾ ਚਮਕ ਉਠਿਆ। ਉਸਨੇ ਆਪ ਹੀ ਇੱਕ ਚੌਂਕੀ ਤੇ ਬਹਿਕੇ ਆਖਿਆ, "ਤੂੰ "ਕੀ ਕਰ ਰਹੀ ਏਂ ?"

ਲਲਿਤਾ ਨੇ ਆਖਿਆ, ਮੋਟਾ ਓਵਰ ਕੋਟ ਰਖਣਾ ਭੁਲ ਗਈ ਸੀ, ਉਹ ਨੂੰ ਰੱਖਣ ਆਈ ਹਾਂ। ਸ਼ੇਖਰ ਸੁਣਨ ਲੱਗਾ, ਹੁਣ ਉਹ ਹੋਰ ਵੀ ਆਪਣੇ ਆਪ ਨੂੰ ਸੰਭਾਲ ਦੀ ਹੋਈ ਕਹਿਣ ਲੱਗੀ, "ਪਿਛਲੀ ਵਾਰੀ ਤੁਹਾਨੂੰ ਰੇਲ ਵਿਚ ਬੜੀ ਤਕਲੀਫ ਹੋਈ ਸੀ। ਵਡੇ ਕੋਟ ਤਾਂ ਕਈ ਸਨ, ਪਰ ਪਾਲਾ ਢੱਕਣ ਵਾਲਾ ਭਾਰਾ ਕੋਟ ਕੋਈ ਵੀ ਨਹੀਂ ਸੀ। ਇਸ ਕਰਕੇ ਮੈਂ ਆਕੇ ਤੁਹਾਡਾ ਇਹ ਕੋਟ ਸੁਆ ਛਡਿਆ ਸੀ।

ਇਹ ਆਖ ਕੇ ਉਹਨੇ ਇਕ ਵਡਾ ਸਾਰਾ ਕੋਟ ਚੁਕ ਕੇ ਸ਼ੇਖਰ ਦੇ ਸਾਹਮਣੇ ਰਖ ਦਿਤਾ।

ਸ਼ੇਖਰ ਨੇ ਕੋਟ ਨੂੰ ਚੁਕ ਕੇ ਵੇਖਿਆ ਤੇ ਕਿਹਾ, "ਇਹ ਕਦੋਂ ਸੁਆਇਆ ਸੀ, ਤੂੰ ਤਾਂ ਕਦੇ ਮੈਨੂੰ ਦੱਸਿਆ ਭੀ ਨਹੀਂ?"

ਲਲਿਤਾ ਨੇ ਆਖਿਆ, "ਤੁਸੀਂ ਬਾਬੂ ਹੋ, ਜੇ ਮੈਂ

ਦੱਸ ਦੇਂਦੀ ਤਾਂ ਤੁਸੀਂ ਐਨਾ ਮੋਟਾ ਕੋਟ ਕਦ ਸੁਆਉਣ ਦੇਣਾ ਸੀ, ਇਸੇ ਕਰਕੇ ਬਿਨਾਂ ਦੱਸੇ ਤੋਂ ਹੀ ਸੁਆ ਛਡਿਆ ਹੈ।'' ਇਹ ਆਖਕੇ ਕੋਟ ਨੂੰ ਆਪਣੀ ਥਾਂ ਤੇ ਰੱਖ ਦਿਤਾ। ਫੇਰ ਆਖਿਆ, ''ਸਾਰਿਆਂ ਕਪੜਿਆ ਤੋਂ ਉਤੇ ਰੱਖ ਦਿਤਾ ਹੈ, ਟਰੰਕ ਖੋਲ੍ਹਦਿਆਂ ਹੀ ਲੱਭ ਪਵੇਗਾ। ਪਾਲੇ ਵੇਲੇ ਜ਼ਰੂਰ ਪਾ ਲੈਣਾ ਸੁਸਤੀ ਨਾ ਕਰਨੀ।''

ਅੱਛਾ ਆਖ ਕੇ, ਕੁਝ ਚਿਰ ਤਕ 'ਸ਼ੇਖਰ' ਕੁਝ ਜਾਨਣ ਦੀ ਕੋਸ਼ਸ਼ ਕਰਦੀ ਹੋਈ ਨਜ਼ਰ ਨਾਲ ਉਸ ਵਲ ਵੇਖਦਾ ਰਿਹਾ। ਫੇਰ ਉਹ ਅਚਾਨਕ ਹੀ ਬੋਲ ਪਿਆ, ''ਨਹੀਂ ਇਹ ਨਹੀਂ ਹੋ ਸਕਦਾ ?''

''ਕੀ ਨਹੀਂ ਹੋ ਸਕਦਾ, ਕੀ ਪਾਓਗੇ ਨਹੀਂ ?''

ਸ਼ੇਖਰ ਨੇ ਛੇਤੀ ਨਾਲ ਕਿਹਾ, ''ਨਹੀਂ ਇਹ ਗੱਲ ਨਹੀਂ, ਹੋਰ ਗੱਲ ਹੈ। ਚੰਗਾ ਲਲਿਤਾ, ਮਾਂ ਦੀਆਂ ਸਾਰੀਆਂ ਚੀਜ਼ਾਂ ਸੰਭਾਲੀਆਂ ਜਾ ਚੁਕੀਆਂ ਹਨ ਜਾਂ ਕਿ ਨਹੀਂ ?''

ਲਲਿਤਾ ਨੇ ਆਖਿਆ, ''ਹਾਂ ਦੁਪਹਿਰਾਂ ਨੂੰ ਮੈਂ ਹੀ ਸਭ ਚੀਜ਼ਾਂ ਸੰਭਾਲਕੇ ਗਈ ਸਾਂ। ਉਹ ਸਾਰੇ ਸਾਮਾਨ ਨੂੰ ਸੰਭਾਲਕੇ ਜੰਦਰਾ ਮਾਰਨ ਲਗੀ ਹੈ।''

ਸ਼ੇਖਰ ਨੇ ਕੁਝ ਚਿਰ ਤਕ ਚੁਪ ਚਾਪ ਉਸ ਵਲ ਵੇਖਦੇ ਹੋਏ ਨੇ ਕਿਹਾ, ''ਕਿਉਂ ਲਲਿਤਾ ਤੂੰ ਨਹੀਂ ਜਾਣਦੀ ਕਿ ਅਗਲੇ ਸਾਲ ਮੇਰੀ ਹਾਲਤ ਕਿਹੋ ਜਹੀ ਹੋਵੇਗੀ ?''

ਲਲਿਤਾ ਨੇ ਅੱਖਾਂ ਉੱਚੀਆਂ ਕਰ ਕੇ ਆਖਿਆ, ''ਕਿਉਂ ?''

''ਕਿਉਂ ਦਾ ਤਾਂ ਮੈਨੂੰ ਪਤਾ ਨਹੀਂ।'' ਇਹ ਆਖ ਕੇ

ਆਪਣੀ ਗੱਲ ਨੂੰ ਦਬਾ ਦੇਣ ਲਈ ਉਹਨੇ ਆਪਣੇ ਚਿਹਰੇ ਤੇ ਬਦੋਬਦੀ ਖੁਸ਼ੀ ਲਿਆ ਕੇ ਆਖਿਆ, "ਬਿਗਾਨੇ ਘਰ ਜਾਣ ਤੋਂ ਪਹਿਲਾਂ ਮੈਨੂੰ ਦੱਸ ਜਾਣਾ ਕਿ ਫਲਾਣੀ ਫਲਾਣੀ ਚੀਜ਼ ਕਿਥੇ ਹੈ। ਨਹੀਂ ਤਾਂ ਕੋਈ ਚੀਜ਼ ਵੀ ਸੌਖੀ ਨਹੀਂ ਲੱਭ ਸਕੇਗੀ।"

ਲਲਿਤਾ ਗੁੱਸੇ ਹੋਕੇ ਕਹਿਣ ਲੱਗੀ, ਚਲੋ ਏਦਾਂ ਦੀਆਂ ਗੱਲਾਂ ਨਾ ਕਰੋ।'

ਸ਼ੇਖਰ ਨੂੰ ਹੁਣ ਕੁਝ ਹਾਸਾ ਆ ਗਿਆ। ਕਹਿਣ ਲੱਗਾ' "ਚਲਿਆ ਤਾਂ ਜਾਣਾ ਹੀ ਹੈ, ਪਰ ਸੱਚ ਦੱਸ ਮੇਰਾ ਏਦਾਂ ਕੀ ਬਣੇਗਾ। ਸ਼ੌਕ ਤਾਂ ਮੈਨੂੰ ਵੀ ਸੋਲਾਂ ਆਨੇ ਪੂਰਾ ਹੈ, ਪਰ ਤਾਕਤ ਕੌਡੀ ਦੀ ਵੀ ਨਹੀਂ। ਇਹ ਸਭ ਕੰਮ ਨੌਕਰਾਣੀ ਨਹੀਂ ਕਰ ਸਕਣੇ। ਹੁਣ ਤੋਂ ਹੀ ਵੇਖ ਰਿਹਾ ਹਾਂ ਕਿ ਤੇਰੇ ਮਾਮੇ ਵਰਗਾ ਬਣਨਾ ਪਏਗਾ। ਇਕ ਧੋਤੀ, ਇਕ ਦੁਪੱਟਾ—ਫੇਰ ਜੋ ਹੋਵੇਗੀ ਵੇਖੀ ਜਾਏਗੀ।

ਲਲਿਤਾ ਚਾਬੀਆਂ ਦਾ ਗੁੱਛਾ ਜ਼ਮੀਨ ਤੇ ਸੁੱਟ ਕੇ ਭੱਜ ਗਈ।

ਸ਼ੇਖਰ ਨੇ ਉੱਚੀ ਸਾਰੀ ਆਖਿਆ, ਇਕ ਵਾਰੀ ਕਲ ਸਵੇਰੇ ਜ਼ਰੂਰ ਆਉਣਾ।ਲਲਿਤਾ ਨੇ ਸੁਣਕੇ ਵੀ ਅਨਸੁਣਿਆਂ ਕਰ ਦਿਤਾ ਤੇ ਛੇਤੀ ਛੇਤੀ ਪੌੜੀਆਂ ਉਤਰ ਗਈ।

ਘਰ ਜਾਕੇ ਵੇਖਿਆ ਕਿ ਛੱਤ ਉਤੇ ਚੰਦ ਦੀ ਚਾਨਣੀ ਵਿਚ ਬੈਠੀ ਅੰਨਾਕਾਲੀ ਗੇਂਦੇ ਦੇ ਫੁੱਲਾਂ ਦੇ ਹਾਰ ਗੁੰਦ ਰਹੀ ਹੈ। ਲਲਿਤਾ ਉਹਦੇ ਕੋਲ ਜਾ ਬੈਠੀ। ਕਹਿਣ ਲੱਗੀ, "ਤ੍ਰੇਲ ਵਿਚ ਬੈਠੀ ਕੀਕਰ ਰਹੀ ਏਂ ਕਾਲੀ ?"

ਕਾਲੀ ਨੇ ਆਖਿਆ, "ਹਾਰ ਪਰੋ ਰਹੀ ਹਾਂ ਅੱਜ ਰਾਤ ਨੂੰ ਮੇਰੀ ਗੁੱਡੀ ਦਾ ਵਿਆਹ ਹੈ।"

ਕਦੋਂ ? ਮੈਨੂੰ ਤਾਂ ਤੂੰ ਦਸਿਆ ਈ ਨਹੀਂ ?

"ਪਹਿਲਾਂ ਕੋਈ ਫੈਸਲਾ ਨਹੀਂ ਸੀ। ਬਾਬੂ ਜੀ ਨੇ ਹੁਣੇ ਈ ਪਤਰਾ ਵੇਖ ਕੇ ਆਖਿਆ ਸੀ ਕਿ ਅਜ ਰਾਤ ਤੋਂ ਬਿਨਾਂ ਇਸ ਮਹੀਨੇ ਵਿਚ ਵਿਆਹ ਦਾ ਹੋਰ ਮਹੂਰਤ ਨਹੀਂ ਨਿਕਲ ਸਕਦਾ। ਗੁੱਡੀ ਹੁਣ ਵਡੀ ਹੋ ਗਈ ਹੈ, ਹੁਣ ਘਰ ਨਹੀਂ ਰੱਖੀ ਜਾ ਸਕਦੀ। ਜਿਦਾਂ ਵੀ ਹੋਵੇ ਇਹਨੂੰ ਸਹੁਰੇ ਤੋਰ ਦੇਣਾ ਚਾਹੀਦਾ ਹੈ। "ਬੀਬੀ ਜੀ ! ਕੁਝ ਰੁਪਏ ਦਿਓ ਨਾ ਮੈਂ ਜ਼ਰਾ ਕੁਝ ਮਿਠਾ ਮੰਗਵਾ ਲਵਾਂ।"

ਲਲਿਤਾ ਨੇ ਹੱਸ ਕੇ ਆਖਿਆ, "ਰੁਪਿਆ ਦੇਣ ਵੇਲੇ ਮੈਂ ਤੇਰੀ ਬੀਬੀ ਬਣ ਜਾਂਦੀ ਹਾਂ। ਜਾਹ ਮੇਰੇ ਸਰ੍ਹਾਣੇ ਥੱਲਿਓਂ ਕੱਢ ਲੈ। ਕਿਉਂ ਨੀ ਕਾਲੀ, ਕਿਤੇ ਫੁੱਲਾਂ ਨਾਲ ਵੀ ਵਿਆਹ ਹੋ ਜਾਂਦਾ ਹੈ ?"

ਕਾਲੀ ਨੇ ਆਖਿਆ, 'ਹਾਂ ਹੋ ਜਾਂਦਾ ਹੈ'। ਜੇ ਕੋਈ ਹੋਰ ਫੁਲ ਨਾ ਮਿਲੇ ਤਾਂ ਗੇਂਦੇ ਨਾਲ ਹੀ ਹੋ ਜਾਂਦਾ ਹੈ। ਮੈਂ ਕਈਆਂ ਗੁੱਡੀਆਂ ਨੂੰ ਸਹੁਰੇ ਤੋਰ ਚੁਕੀ ਹਾਂ ਬੀਬੀ ਜੀ, ਮੈਂ ਸਭ ਕੁਝ ਜਾਣ ਦੀ ਹਾਂ।" ਇਹ ਆਖ ਕੇ ਉਹ ਮਿੱਠਾ ਲੈਣ ਚਲੀ ਗਈ।

ਲਲਿਤਾ ਉਥੇ ਬਹਿਕੇ ਮਾਲਾ ਪਰੋਣ ਲੱਗ ਪਈ।

ਥੋੜੇ ਚਿਰ ਪਿਛੋਂ ਕਾਲੀ ਨੇ ਮੁੜ ਕੇ ਆ ਕੇ ਆਖਿਆ, "ਹੋਰ ਤਾਂ ਸਾਰਿਆਂ ਨੂੰ ਗੁੱਡੀ ਦੇ ਵਿਆਹ ਦਾ ਸੱਦਾ ਦੇ ਆਈ ਹਾਂ, ਸ਼ੇਖਰ ਬਾਬੂ ਰਹਿ ਗਏ ਨੇ। ਜਾ ਕੇ ਆਖ ਆਵਾਂ, ਨਹੀਂ

ਤਾਂ ਉਹ ਜ਼ਰੂਰ ਗੁੱਸਾ ਕਰਨਗੇ।'' ਇਹ ਆਖ ਕੇ ਉਹ 'ਸ਼ੇਖਰ' ਦੇ ਘਰ ਕਹਿਣ ਵਾਸਤੇ ਚਲੀ ਗਈ।

ਕਾਲੀ ਪੂਰੀ ਪੂਰੀ ਘਰ ਦੇ ਕੰਮ ਕਾਰ ਤੋਂ ਵਾਕਿਫ ਹੋ ਚੁਕੀ ਹੈ। ਉਹ ਜੋ ਕੰਮ ਕਰਦੀ ਹੈ, ਸਿਲਸਿਲੇ ਵਾਰ ਕਰਦੀ ਹੈ। 'ਸ਼ੇਖਰ' ਨੂੰ ਆਖ ਕੇ ਉਹ ਥੱਲੇ ਆ ਗਈ ਤੇ ਕਹਿਣ ਲੱਗੀ, ਉਹ ਇਕ ਹਾਰ ਮੰਗਦੇ ਹਨ। ਜਾਹ ਨਾ ਬੀਬੀ ਛੇਤੀ ਨਾਲ ਜਾ ਕੇ ਦੇ ਆ, ਏਨੇ ਚਿਰ ਨੂੰ ਮੈਂ ਏਧਰ ਦਾ ਪ੍ਰਬੰਧ ਕਰ ਲਵਾਂਗੀ। ਲਗਨ ਸ਼ੁਰੂ ਹੋਣ ਵਾਲਾ ਹੈ, ਹੁਣ ਚਿਰ ਲਾਉਣ ਦਾ ਸਮਾ ਨਹੀਂ।

ਲਲਿਤਾ ਨੇ ਸਿਰ ਹਿਲਾ ਕੇ ਆਖਿਆ, "ਕਾਲੀ ਮੈਂ ਨਹੀਂ ਜਾਣਾ ਤੂੰ ਆਪ ਹੀ ਜਾਕੇ ਦੇ ਆ।"

"ਚੰਗਾ ਮੈਂ ਜਾਂਦੀ ਹਾਂ। ਤੂੰ ਮੈਨੂੰ ਵੱਡਾ ਹਾਰ ਦੇ ਦਿਹ।" ਇਹ ਆਖ ਕੇ ਕਾਲੀ ਨੇ ਆਪਣਾ ਹਥ ਅਗਾਂਹ ਕਰ ਦਿੱਤਾ।

ਲਲਿਤਾ ਨੇ ਦੇਣ ਵਾਸਤੇ ਹਾਰ ਚੁਕਿਆ ਈ ਸੀ ਕਿ ਉਹ ਰੁਕ ਗਈ। ਉਹਦੇ ਮਨ ਵਿਚ ਕੁਝ ਖਿਆਲ ਆਇਆ ਤੇ ਕਹਿਣ ਲੱਗੀ, ''ਚੰਗਾ ਮੈਂ ਹੀ ਦੇ ਆਉਂਦੀ ਹਾਂ।''

ਕਾਲੀ ਨੇ ਸਿਆਣਿਆਂ ਵਾਂਗੂ ਆਖਿਆ, 'ਚੰਗਾ ਬੀਬੀ ਜੀ ਤੁਸੀ ਆਪ ਹੀ ਚਲੀ ਜਾਓ, ਮੈਨੂੰ ਤਾਂ ਮਰਨ ਦੀ ਵਿਹਲ ਵੀ ਨਹੀਂ।'

ਉਹਦੇ ਚਿਹਰੇ ਦਾ ਭਾਵ ਤੇ ਗੱਲ ਕਰਨ ਦੇ ਢੰਗ ਨੂੰ ਵੇਖਕੇ ਲਲਿਤਾ ਨੂੰ ਹਾਸਾ ਆਗਿਆ ਇਹ ਇਕੋ ਵੇਰਾਂ ਹੀ ਬੁੱਢੀਆਂ ਠੇਰੀਆਂ ਵਰਗੀ ਸਿਆਣੀ ਹੋ ਗਈ ਹੈ। ਇਹ ਆਖਕੇ ਉਹ ਹੱਸਦੀ ਹੋਈ ਮਾਲਾ ਲੈ ਕੇ ਚਲੀ ਗਈ, ਬੂਹੇ

ਪਾਸ ਜਾਕੇ ਵੇਖਿਆ ਕਿ ਸ਼ੇਖਰ ਇਕ ਮਨ ਹੋਕੇ ਚਿੱਠੀ ਲਿਖ ਰਿਹਾ ਹੈ। ਉਹ ਦਰਵਾਜ਼ਾ ਖੋਲ੍ਹਕੇ ਪਿੱਛੇ ਆ ਖਲੋਤੀ, ਫੇਰ ਵੀ ਸ਼ੇਖਰ ਨੂੰ ਪਤਾ ਨ ਲੱਗਾ। ਉਸ ਨੇ ਸ਼ੇਖਰ ਦਾ ਧਿਆਨ ਆਪਣੇ ਵੱਲ ਕਰਨ ਤੇ ਉਸਨੂੰ ਆਪਣੇ ਆਏ ਦਾ ਪਤਾ ਦੇਣ ਦੇ ਖਿਆਲ ਨਾਲ ਬੜੀ ਸਹਿਜ ਨਾਲ ਹਾਰ ਉਹਦੇ ਗਲ ਵਿਚ ਪਾ ਦਿੱਤਾ ਆਪ ਛੇਤੀ ਨਾਲ ਪਿਛੇ ਹੱਟ ਗਈ।

ਸ਼ੇਖਰ ਪਹਿਲਾਂ ਬੋਲਿਆ 'ਕਾਲੀ !' ਫੇਰ ਝਟ ਪੱਟ ਹੀ ਮੂੰਹ ਭੁਆਂ ਕੇ ਵੇਖਿਆ ਤੇ ਬਹੁਤ ਹੀ ਸਿਆਣਿਆਂ ਵਾਂਗ ਬੋਲਿਆ, ਇਹ ਕੀ ਕੀਤਾ ਲਲਿਤਾ ?

ਲਲਿਤਾ ਉਠ ਕੇ ਖਲੋ ਗਈ ਤੇ ਸ਼ੇਖਰ ਦੇ ਚੇਹਰੇ ਦੇ ਭਾਵ ਤੋਂ ਕੁਝ ਸ਼ੱਕ ਕਰਦੀ ਹੋਈ ਬੋਲੀ, ਕਿਉਂ ਕੀ ਹੋਗਿਆ?

ਸ਼ੇਖਰ ਨੇ ਪੂਰੇ ਤੌਰ ਤੇ ਆਪਣੇ ਆਪ ਨੂੰ ਸੰਭਾਲ ਕੇ ਕਿਹਾ, ਜਾਣਦੀ ਨਹੀਂ ਕੀ ਹੋ ਗਿਆ ਹੈ ? ਕਾਲੀ ਨੂੰ ਪੁਛ ਆਓ ਅੱਜ ਗੱਲ ਵਿਚ ਮਾਲਾ ਪਾ ਦੇਣ ਨਾਲ ਕੀ ਹੋ ਜਾਂਦਾ ਹੈ।

ਹੁਣ ਲਲਿਤਾ ਸਮਝ ਗਈ, ਪਲ ਵਿਚ ਹੀ ਉਹਦਾ ਸਾਰਾ ਮੂੰਹ ਸ਼ਰਮ ਦੇ ਮਾਰਿਆਂ ਲਾਲ ਹੋ ਗਿਆ। ਉਹ, 'ਕਦੇ ਨਹੀਂ ਕਦੇ ਨਹੀਂ'' ਆਖਦੀ ਹੋਈ ਭੱਜ ਕੇ ਕਮਰਿਉਂ ਬਾਹਰ ਹੋ ਗਈ।

ਸ਼ੇਖਰ ਨੇ ਸੱਦਕੇ ਆਖਿਆ, "ਜਾਹ ਨਾ ਲਲਿਤਾ, ਅੱਜ ਬਹੁਤ ਜ਼ਰੂਰੀ ਕੰਮ ਹੈ।"

ਸ਼ੇਖਰ ਦੀ ਅਵਾਜ਼ ਉਹਦੇ ਕੰਨੀ ਪਈ ਜ਼ਰੂਰ ਪਰ ਉਹਨੂੰ ਸੁਣਨ ਦੀ ਕੀ ਲੋੜ ਸੀ ? ਉਹ ਕਿਤੇ ਵੀ ਨ ਰੁਕੀ

ਤੇ ਸਿੱਧੀ ਆਪਣੇ ਕਮਰੇ ਵਿਚ ਆਕੇ ਅਖਾਂ ਬੰਦ ਕਰਕੇ ਲੰਮੀ ਪੈ ਗਈ।

ਪਿਛੇ ਪੰਜਾਂ ਛੇਆਂ ਸਾਲਾਂ ਤੋਂ ਉਸਦਾ ਤੇ ਸ਼ੇਖਰ ਦਾ ਐਨਾ ਨੇੜੇ ਦਾ ਸਬੰਧ ਰਿਹਾ ਹੈ, ਇਹਦੇ ਕੋਲ ਰਹਿਕੇ ਹੀ ਉਹ ਜੁਵਾਨ ਹੋਈ ਹੈ, ਪਰ ਇਸ ਤੋਂ ਪਹਿਲਾਂ ਉਹਨੇ ਕਦੇ ਸ਼ੇਖਰ ਪਾਸੋਂ ਇਹ ਗੱਲ ਨਹੀਂ ਸੁਣੀ, ਇਕ ਤਾਂ ਸ਼ੇਖਰ ਕੁਦਰਤੀ ਤੌਰ ਤੇ ਹੀ ਬੜਾ ਗੰਭੀਰ ਜਿਹਾ ਹੋਣੇ ਕਰਕੇ ਕਦੇ ਠੱਠਾ ਮਖੌਲ ਨਹੀਂ ਸੀ ਕਰਦਾ। ਦੂਜਾ ਜੇ ਕਰੇ ਵੀ ਤਾਂ ਉਸ਼ ਦੇ ਮੂੰਹੋਂ ਐਨੀ ਬੇਸ਼ਰਮੀ ਦੀ ਗੱਲ ਨਿਕਲਣ ਦੀ ਕਦੇ ਵੀ ਆਸ ਨਹੀਂ ਸੀ ਹੋ ਸਕਦੀ। ਸ਼ਰਮ ਨਾਲ ਗੁੱਛਾ ਮੁੱਛਾ ਹੋਕੇ ਵੀਹ ਕੁ ਮਿੰਟ ਪਈ ਰਹਿਣ ਤੋਂ ਪਿਛੋਂ ਉਹ ਉੱਠ ਕੇ ਬਹਿ ਗਈ, ਅਸਲ ਵਿਚ ਸ਼ੇਖਰ ਪਾਸੋਂ ਉਹ ਅੰਦਰ ਹੀ ਅੰਦਰ ਡਰਦੀ ਸੀ। ਇਸ ਕਰਕੇ ਜਦ ਉਸ ਜਰੂਰੀ ਕੰਮ ਕਿਹਾ ਤਾਂ ਇਹ ਸੋਚਣ ਲਗ ਪਈ, ਜਾਏ ਕਿ ਨਾਂ ਜਾਏ। ਏਨੇ ਚਿਰ ਨੂੰ ਘਰ ਦੀ ਮਹਿਰੀ ਦੀ ਅਵਾਜ਼ ਸੁਣੀ, 'ਲਲਤਾ ਬੀਬੀ ਕਿੱਥੇ ਹੈ ਛੋਟੇ ਬਾਬੂ ਸਦ ਰਹੇ ਹਨ।'

ਲਲਿਤਾ ਨੇ ਬਾਹਰ ਆਕੇ ਹੌਲੀ ਜਹੀ ਕਿਹਾ, ਮੈਂ ਆ ਰਹੀ ਹਾਂ ਤੁਸੀ ਜਾਓ।

ਉਤੇ ਪੁੱਜ ਕੇ ਉਸਨੇ ਦਰਵਾਜੇ ਦੀਆਂ ਝੀਤਾਂ ਥਾਣੀ ਵੇਖਿਆ, ਸ਼ੇਖਰ ਹਾਲੇ ਤੱਕ ਚਿਠੀ ਹੀ ਲਿਖ ਰਿਹਾ ਹੈ। ਕੁਝ ਚਿਰ ਚੁਪ ਰਹਿਕੇ ਉਹਨੇ ਹੌਲੀ ਜਹੀ ਕਿਹਾ, 'ਕੀ ਹੈ ?'

ਸ਼ੇਖਰ ਨੇ ਲਿਖਦਿਆਂ ਲਿਖਦਿਆਂ ਕਿਹਾ, "ਕੋਲ ਆਉ ਹੁਣੇ ਦਸਦਾ ਹਾਂ।"

"ਨਹੀਂ ਏਥੋਂ ਹੀ ਦੱਸੋ।"

ਸ਼ੇਖਰ ਮਨ ਹੀ ਮਨ ਵਿਚ ਹੱਸ ਕੇ ਬੋਲਿਆ, 'ਅਚਾਣ ਚੱਕ ਹੀ ਤੁਸਾਂ ਇਹ ਕੀ ਕਰ ਸੁਟਿਆ ਹੈ ?"

ਲਲਿਤਾ ਰੁੱਖੀ ਜਹੀ ਹੋਕੇ ਬੋਲੀ, 'ਹਟੋ ਪਰੇ ਫੇਰ ਉਹੋ'

ਸ਼ੇਖਰ ਨੇ ਉਹ ਦੇ ਵੱਲ ਮੂੰਹ ਫੇਰ ਕੇ ਆਖਿਆ, 'ਮੇਰਾ ਕੀ ਕਸੂਰ ਹੈ, ਤੂੰ ਆਪ ਹੀ ਤਾਂ ਕਰ ਗਈ ਏਂ।"

"ਮੈਂ ਕੁਝ ਨਹੀਂ ਕੀਤਾ, ਤੂੰ ਇਹਨੂੰ ਮੋੜ ਦਿਹ!"

ਸ਼ੇਖਰ ਨੇ ਆਖਿਆ, 'ਇਸੇ ਕਰਕੇ ਤਾਂ ਸਦਿਆ ਹੈ। ਜੇ ਕੋਲ ਆਵੇਂ ਤਾਂ ਮੋੜ ਦਿਆਂ। ਤੂੰ ਅੱਧਾ ਕੰਮ ਕਰ ਗਈ ਏਂ। ਏਧਰ ਆ ਮੈਂ ਪੂਰਾ ਕਰ ਦਿਆਂ।'

ਲਲਿਤਾ ਦਰਵਾਜੇ ਕੋਲ ਪਲ ਕੁ ਚੁਪ ਚਾਪ ਖਲੋਤੀ ਰਹੀ। ਫੇਰ ਕਹਿਣ ਲੱਗੀ, 'ਮੈਂ ਸੱਚ ਆਖਦੀ ਹਾਂ ਜੇ ਤੁਸੀਂ ਏਦਾਂ ਹੀ ਠੱਠਾ ਮਖੌਲ ਕਰੋਗੇ ਤਾਂ ਮੈਂ ਫੇਰ ਤੁਹਾਡੇ ਕੋਲ ਕਦੇ ਨ ਆਵਾਂਗੀ, ਮੈਂ ਆਖਦੀ ਹਾਂ ਕਿ 'ਮੇਰਾ ਹਾਰ ਮੈਨੂੰ ਮੋੜ ਦਿਓ।'

ਸ਼ੇਖਰ ਨੇ ਮੇਜ਼ ਵੱਲ ਮੂੰਹ ਕਰਕੇ ਤੇ ਹਾਰ ਫੜ ਕੇ ਆਖਿਆ, 'ਆ ਕੇ ਲੈ ਜਾਓ।'

'ਤੁਸੀਂ ਕਿਸੇ ਤਰ੍ਹਾਂ ਏਥੋਂ ਹੀ ਸੁੱਟ ਦਿਓ।'

ਸ਼ੇਖਰ ਨੇ ਸਿਰ ਹਿਲਾਕੇ ਆਖਿਆ, ਕੋਲ ਆਇਆਂ ਬਗੈਰ ਨਹੀਂ ਮਿਲ ਸਕਦਾ।

'ਮੈਨੂੰ ਇਹਦੀ ਕੋਈ ਲੋੜ ਨਹੀਂ' ਆਖ ਕੇ ਲਲਿਤਾ ਗੁੱਸੇ ਹੋਕੇ ਚਲੀ ਗਈ। ਸ਼ੇਖਰ ਨੇ ਉੱਚੀ ਸਾਰੀ ਆਖਿਆ, 'ਕੰਮ ਅਧੂਰਾ ਹੀ ਰਹਿ ਗਿਆ।'

'ਰਹਿ ਗਿਆ ਤਾਂ ਰਹਿਣ ਦਿਉ।' ਆਖ ਕੇ ਲਲਿਤਾ ਸੱਚ ਮੁੱਚ ਹੀ ਗੁੱਸੇ ਹੋਕੇ ਚਲੀ ਗਈ।

ਉਹ ਚਲੀ ਤਾਂ ਗਈ ਪਰ ਥੱਲੇ ਨਹੀਂ ਗਈ। ਚੜ੍ਹਦੇ ਵੱਲ ਖੁੱਲ੍ਹੀ ਛੱਤ ਤੇ ਜਾ ਕੇ ਜੰਗਲਾ ਫੜ ਕੇ ਖਲੋ ਗਈ। ਉਸ ਵੇਲੇ ਆਸਮਾਨ ਵਿਚ ਚੰਦ ਚੜ੍ਹ ਰਿਹਾ ਸੀ। ਠੰਡੀ ਠੰਡੀ ਚੰਦ ਦੀ ਚਾਨਣੀ ਸਭ ਪਾਸੇ ਫੈਲ ਰਹੀ ਸੀ। ਉਤੇ ਸਾਫ ਧੋਤਾ ਹੋਇਆ ਨੀਲਾ ਅਕਾਸ਼ ਸੀ। ਉਹ ਇਕ ਵਾਰੀ ਸ਼ੇਖਰ ਦੇ ਕਮਰੇ ਵੱਲ ਧਿਆਨ ਕਰਕੇ ਉਤੇ ਵੇਖਦੀ ਰਹੀ। ਹੁਣ ਉਹ ਦੀਆਂ ਅੱਖਾਂ ਸੜਨ ਲੱਗ ਪਈਆਂ ਸ਼ਰਮ ਤੇ ਅਭਿ-ਮਾਨ ਦੇ ਮਾਰਿਆਂ ਉਸਦੇ ਅੱਥਰੂ ਵਗ ਤੁਰੇ। ਉਹ ਐਨੀ ਹੀ ਨਿਆਣੀ ਨਹੀਂ ਕਿ ਇਨ੍ਹਾਂ ਸਾਰੀਆ ਗੱਲਾਂ ਦਾ ਮਤਲਬ ਚੰਗੀ ਤਰ੍ਹਾਂ ਸਮਝ ਨ ਸਕੇ। ਫੇਰ ਕਿਉਂ ਉਹਦੇ ਨਾਲ ਐਡਾ ਦਿਲ ਨੂੰ ਚੋਟ ਲਾਉਣ ਵਾਲਾ ਮਖੌਲ ਕੀਤਾ ਗਿਆ? ਹੁਣ ਉਨ੍ਹਾਂ ਗੱਲਾਂ ਨੂੰ ਸਮਝਣ ਵਾਲੀ ਉਹਦੀ ਉਮਰ ਹੋ ਗਈ ਹੈ।

ਇਹ ਚੰਗੀ ਤਰ੍ਹਾਂ ਜਾਣਦੀ ਹੈ ਕਿ ਅਨਾਥ ਤੇ ਆਸਰਾ ਹੀਣ ਹੋਣ ਕਰਕੇ ਹੀ ਉਸ ਨਾਲ ਹਰ ਕੋਈ ਪਿਆਰ ਕਰਦਾ ਹੈ। ਸ਼ੇਖਰ ਵੀ ਪਿਆਰ ਕਰਦਾ ਹੈ। ਉਹਦੀ ਮਾਂ ਵੀ ਮੁਹੱਬਤ ਕਰਦੀ ਹੈ। ਉਹਦਾ ਆਪਣਾ ਤਾਂ ਕੋਈ ਹੈ ਨਹੀਂ। ਉਸਦਾ ਅਸਲ ਆਸਰਾ ਕੋਈ ਨ ਹੋਣ ਕਰਕੇ ਹੀ ਗਿਰੀ ਨੰਦ ਨੇ ਐਨੀ ਦਇਆ ਕਰਕੇ ਉਹਦਾ ਭਲਾ ਕਰਨ ਦੀ ਗੱਲ ਬਾਤ ਛੇੜ ਬੈਠਾ ਹੈ।

ਲਲਿਤਾ ਅੱਖਾਂ ਬੰਦ ਕਰਕੇ ਮਨ ਹੀ ਮਨ ਆਖਣ ਲੱਗੀ, ਇਸ ਕਲਕੱਤੇ ਦੀ ਬ੍ਰਾਦਰੀ ਵਿਚ ਓਹਦੇ ਮਾਮੇ ਦੀ

ਹਾਲਤ ਸ਼ੇਖਰ ਬਾਬੂ ਦੇ ਘਰਾਣੇ ਨਾਲੋਂ ਕਿੰਨੀ ਨੀਵੀਂ ਹੈ। ਉਹ ਇਸੇ ਮਾਮੇ ਦੇ ਆਸਰੇ ਉਹਦੇ ਸਿਰ ਤੇ ਬੋਝ ਬਣ ਕੇ ਬੈਠੀ ਹੋਈ ਹੈ। ਦੂਜੇ ਪਾਸੇ ਉਹਨਾਂ ਦੇ ਬਰਾਬਰ ਦੇ ਘਰਾਣੇ ਵਿਚ ਸ਼ੇਖਰ ਦੇ ਵਿਆਹ ਦੀ ਗੱਲ ਬਾਤ ਚਲ ਰਹੀ ਹੈ। ਦੋਂਹ ਚੌਂਹ ਦਿਨਾਂ ਤਕ ਇਸਦਾ ਵਿਆਹ ਉਥੇ ਹੋ ਹੀ ਜਾਏਗਾ। ਏਸ ਸਾਕ ਕਰਕੇ ਨਵੀਨ ਚੰਦ ਕਿੰਨੇ ਰੁਪੈ ਲਵੇਗਾ। ਇਹ ਗੱਲਾਂ ਵੀ ਉਹ ਸ਼ੇਖਰ ਦੀ ਮਾਂ ਦੇ ਮੂੰਹੋਂ ਸੁਣ ਚੁਕੀ ਹੈ।

ਫੇਰ ਸ਼ੇਖਰ ਨੇ ਅਚਾਨਚੱਕ ਹੀ ਉਹਦੀ ਕਿਉਂ ਨਿਰਾਦਰੀ ਕਰ ਦਿਤੀ ਹੈ? ਇਹ ਸਭ ਗੱਲਾਂ ਲਲਿਤਾ ਇਕੋ ਟਕ ਨਜ਼ਰ ਜਮਾਈ, ਆਪਣੇ ਦਿਲ ਹੀ ਦਿਲ ਵਿਚ ਸੋਚ ਰਹੀ ਸੀ। ਅਚਨਚੇਤ ਹੀ ਉਹਨੇ ਪਿਛੇ ਮੁੜਕੇ ਵੇਖਿਆ, ਸ਼ੇਖਰ ਚੁਪਚਾਪ ਖਲੋਤਾ ਹੱਸਰਿਹਾ ਸੀ ਤੇ ਉਹ ਹਾਰ ਜਿਹੜਾ ਉਸਨੇ ਸ਼ੇਖਰ ਦੇ ਗਲ ਵਿਚ ਪਾਇਆ ਸੀ, ਉਸੇ ਤਰ੍ਹਾਂ ਹੀ ਉਸਦੇ ਗਲ ਵਿਚ ਪਿਆ ਹੋਇਆ ਸੀ। ਰੋਣ-ਹਾਕੀ ਹੋਕੇ ਉਸਦਾ ਗਲ ਭਰ ਗਿਆ ਸੀ। ਪਰ ਫੇਰ ਵੀ ਉਸਨੇ ਰੋਣ-ਹਾਕੀ ਹੋ ਕੇ ਆਖਿਆ, "ਏਦਾਂ ਕਿਉਂ ਕੀਤਾ ਜੇ?"

"ਤੁਸਾਂ ਕਿਉਂ ਕੀਤਾ?"

"ਮੈਂ ਕੁਝ ਨਹੀਂ ਕੀਤਾ।" ਇਹ ਆਖਕੇ ਉਸਨੇ ਹਾਰ ਤੋੜ ਕੇ ਸੁਟ ਪਾਉਣ ਲਈ ਹੱਥ ਚੁਕੇ ਹੀ ਸਨ ਕਿ ਅਚਾਨਚੱਕ ਸ਼ੇਖਰ ਦੀਆਂ ਅੱਖਾਂ ਵਲ ਵੇਖਕੇ ਠਠੰਬਰ ਕੇ ਰਹਿ ਗਈ। ਹਾਰ ਤੋੜਨ ਦਾ ਉਹਦਾ ਹੌਸਲਾ ਨਾ ਪਿਆ, ਰੋਂਦੀ ਹੋਈ ਆਖਣ ਲੱਗੀ, 'ਮੇਰਾ ਕੋਈ ਨਹੀਂ ਹੈ, ਇਸੇ ਕਰਕੇ ਖਬਰੇ

ਤੁਸੀਂ ਮੇਰਾ ਨਿਰਾਦਰ ਕਰ ਰਹੇ ਹੋ ?"

ਸ਼ੇਖਰ ਏਸ ਵੇਲੇ ਤਕ ਮੱਠਾ ਮੱਠਾ ਮੁਸਕਰਾ ਰਿਹਾ ਸੀ, ਲਲਿਤਾ ਦੀ ਗੱਲ ਸੁਣ ਕੇ ਉਹ ਚੁਪ ਰਹਿ ਗਿਆ। ਇਹ ਕੋਈ ਨਿਆਣੀ ਬੱਚਿਆਂ ਵਾਲੀ ਗੱਲ ਨਹੀਂ ਸੀ। ਕਹਿਣ ਲੱਗਾ, "ਮੈਂ ਤਾਂ ਸਗੋਂ ਤੁਹਾਡਾ ਆਦਰ ਕਰਦਾ ਹਾਂ। ਤੁਸੀਂ ਮੇਰਾ ਨਿਰਾਦਰ ਕਰ ਰਹੇ ਹੋ।"

ਲਲਿਤਾ ਡਰਦੀ ਮਾਰੀ ਅੱਖਾਂ ਪੂੰਝ ਕੇ ਬੋਲੀ, "ਮੈਂ ਕੀ ਨਿਰਾਦਰ ਕੀਤਾ ਹੈ ?"

ਸ਼ੇਖਰ ਪਲ ਕੁ ਚੁਪ ਰਹਿਕੇ ਸਹਿਜ ਸੁਭਾ ਬੋਲਿਆ, ਹੁਣ ਜ਼ਰਾ ਵਿਚਾਰ ਕੇ ਵੇਖੋ ਤਾਂ ਪਤਾ ਲਗ ਜਾਏਗਾ, ਲਲਿਤਾ ! ਅਜੇ ਕਲ ਤੂੰ ਬਹੁਤ ਵਧੀਕੀ ਕਰ ਰਹੀ ਸੈਂ ਲਲਿਤਾ, ਪਰਦੇਸ ਜਾਣ ਤੋਂ ਪਹਿਲਾਂ ਮੈਂ ਉਸਨੂੰ ਰੋਕ ਦਿਤਾ ਹੈ। ਇਹ ਆਖਕੇ ਉਹ ਚੁਪ ਹੋ ਗਿਆ।

ਲਲਿਤਾ ਨੇ ਅਗੋਂ ਕੋਈ ਜੁਵਾਬ ਨਹੀਂ ਦਿਤਾ। ਨੀਵੀਂ ਪਾਈ ਖਲੋਤੀ ਰਹੀ, ਦੋਵੇਂ ਇਕ ਦੂਜੇ ਦੇ ਸਾਹਮਣੇ ਬੁਤ ਬਣੇ ਖਲੋਤੇ ਰਹੇ। ਥਲਿਓਂ ਕਾਲੀ ਦੀ ਗੁੱਡੀ ਦੇ ਵਿਆਹ ਵਿਚ ਬਜ ਰਹੇ ਸੰਖਾਂ ਤੇ ਘੰਟਿਆਂ ਦੀਆਂ ਅਵਾਜ਼ਾਂ ਆ ਰਹੀਆਂ ਸਨ।

ਕੁਝ ਚਿਰ ਚੁਪ ਰਹਿਕੇ ਸ਼ੇਖਰ ਬੋਲਿਆ, "ਹੁਣ ਤ੍ਰੇਲ ਵਿਚ ਖਲੋਤੇ ਕੀ ਕਰਦੇ ਹੋ, ਥੱਲੇ ਚਲੇ ਜਾਓ।"

"ਜਾਂਦੀ ਹਾਂ" ਕਹਿ ਕੇ ਲਲਿਤਾ ਨੇ ਸ਼ੇਖਰ ਦੇ ਪੈਰਾਂ ਤੇ ਪੈਕੇ ਪਰਵਾਨ ਕੀਤਾ ਤੇ ਕਿਹਾ, "ਮੈਨੂੰ ਕੀ ਕਰਨਾ ਪਏਗਾ, ਦੱਸ ਤਾਂ ਜਾਓ।"

ਸ਼ੇਖਰ ਹੱਸ ਪਿਆ। ਪਹਿਲਾਂ ਤਾਂ ਕੁਝ ਵਿਚਾਰਾਂ ਜਿਹਾਂ ਵਿਚ ਪੈ ਗਿਆ। ਫੇਰ ਦੋਵੇਂ ਹੱਥ ਅਗਾਂਹ ਕਰਕੇ ਉਹਨੂੰ ਆਪਣੇ ਸੀਨੇ ਨਾਲ ਲਾਕੇ ਉਹਦੇ ਬੁਲ੍ਹਾਂ ਤੇ ਆਪਣੇ ਬੁਲ੍ਹ ਰਖ ਕੇ ਕਹਿਣ ਲਗਾ।

"ਕੁਝ ਕਹਿਣ ਸੁਣਨ ਦੀ ਲੋੜ ਨਹੀਂ, ਅਜ ਤੋਂ ਲਲਿਤਾ ਤੂੰ ਸਭ ਕੁਝ ਜਾਣ ਜਾਇਆ ਕਰੇਂਗੀ।"

ਲਲਿਤਾ ਦਾ ਸਾਰਾ ਸਰੀਰ ਲੂਈਂ ਕੰਡੇ ਹੋਕੇ ਮੁੜ੍ਹਕੇ ਨਾਲ ਤਰ ਹੋ ਗਿਆ। ਉਹ ਛੇਤੀ ਨਾਲ ਪਰੇ ਹਟ ਕੇ ਖਲੋ ਕੇ ਬੋਲੀ, "ਮੈਂ ਅੱਚਨਚੇਤ ਹੀ ਤੁਹਾਡੇ ਗਲ ਵਿਚ ਮਾਲਾ ਪਾ ਦਿਤੀ ਸੀ, ਖਬਰੇ ਇਸੇ ਕਰਕੇ ਤੁਸਾਂ ਏਦਾਂ ਕੀਤਾ ਹੈ!"

ਸ਼ੇਖਰ ਨੇ ਹਸ ਕੇ ਸਿਰ ਹਿਲਾਉਂਦੇ ਹੋਏ ਨੇ ਕਿਹਾ, "ਨਹੀਂ ਮੈਂ ਕਈਆਂ ਦਿਨਾਂ ਦਾ ਸੋਚ ਰਿਹਾ ਸਾਂ ਪਰ ਫੈਸਲਾ ਨਹੀਂ ਸਾਂ ਕਰ ਸਕਿਆ। ਅੱਜ ਫੈਸਲਾ ਕਰ ਲਿਆ ਹੈ ਕਿਉਂਕਿ ਅੱਜ ਹੀ ਠੀਕ ਤਰ੍ਹਾਂ ਮੈਂ ਸਮਝ ਸਕਿਆ ਹਾਂ ਕਿ ਮੈਂ ਤੁਹਾਡੇ ਬਿਨਾ ਨਹੀਂ ਰਹਿ ਸਕਦਾ।

ਪਰ ਤੁਹਾਡੇ ਪਿਤਾ ਜੀ ਸੁਣਨਗੇ ਤਾਂ ਬਹੁਤ ਗੁਸੇ ਹੋਣਗੇ, ਮਾਂ ਸੁਣੇਗੀ ਤਾਂ ਉਹ ਵੀ ਔਖੀ ਹੋਵੇਗੀ। ਇਹ ਹੋ ਨਹੀਂ ਸਕਣਾ..........।

ਪਿਤਾ ਜੀ ਸੁਣ ਕੇ ਗੁਸੇ ਹੋਣਗੇ, ਇਹ ਤਾਂ ਠੀਕ ਹੈ; ਪਰ ਮਾਂ ਬਹੁਤ ਖੁਸ਼ ਹੋਵੇਗੀ। ਚਲੋ ਇਹਦਾ ਕੀ ਹੈ, ਜੋ ਹੋਣਾ ਸੀ ਸੋ ਹੋ ਗਿਆ। ਹੁਣ ਤਾਂ ਨਾ ਤੂੰ ਹੀ ਪਲਾ ਛੁਡਾ ਸਕਦੀ ਏਂ ਤੇ ਨਾ ਹੀ ਮੈਂ ਛਡ ਸਕਦਾ ਹਾਂ। ਜਾਹ ਹੁਣ ਥੱਲੇ ਚਲੀ ਜਾਹ।"

--0--

## ੯.

ਤਿੰਨਾਂ ਕੁ ਮਹੀਨਿਆਂ ਪਿੱਛੋਂ ਇਕ ਦਿਨ ਗੁਰਚਰਨ ਉਦਾਸ ਜਿਹਾ ਮੂੰਹ ਬਣਾ ਕੇ ਨਵੀਨ ਰਾਏ ਦੇ ਫਰਸ਼ ਤੇ ਬੈਠਨਾ ਹੀ ਚਾਹੁੰਦਾ ਸੀ ਕਿ ਨਵੀਨ ਬਾਬੂ ਨੇ ਉੱਚੀ ਸਾਰੀ ਆਖਿਆ, 'ਨਹੀਂ ਨਹੀਂ ਇੱਥੇ ਨਾ ਬਹੋ, ਪਰ੍ਹਾਂ ਜਾਕੇ ਚੌਂਕੀ ਤੇ ਬੈਠੋ। ਮੇਰੇ ਪਾਸੋਂ ਇਸ ਵਕਤ ਨ੍ਹਾਤਾ ਨਹੀਂ ਜਾਣਾ, ਕਿਉਂ ਤੂੰ ਠੀਕ ਹੀ ਜਾਤੋਂ ਬੇਜ਼ਾਤ ਹੋਗਿਆ ਏਂ ?

ਗੁਰਚਰਨ ਦੂਰ ਇਕ ਚੌਂਕੀ ਤੇ ਨੀਵੀਂ ਪਾਈ ਬਹਿ ਗਿਆ। ਚਾਰ ਦਿਨ ਪਹਿਲਾਂ ਉਹ ਨਿਯਮ ਅਨੁਸਾਰ ਉਪਦੇਸ਼ ਲੈਕੇ ਬ੍ਰਹਮ ਹੋਗਿਆ ਹੈ। ਅੱਜ ਇਹੋ ਗਲ ਕਈਆਂ ਵਰਨਾਂ ਵਿਚੋਂ ਦੀ ਘੁਮ ਘੁਮਾ ਕੇ ਕੱਟੜ ਹਿੰਦੂ 'ਨਵੀਨ' ਦੇ ਕੰਨੀਂ ਪਈ ਹੈ। ਨਵੀਨ ਦੀਆਂ ਅੱਖਾਂ ਵਿਚੋਂ ਚੰਗਿਆੜੇ ਨਿਕਲਣ ਲੱਗ ਪਏ, ਪਰ ਗੁਰਚਰਨ ਉਸੇ ਤਰ੍ਹਾਂ ਨੀਵੀਂ ਪਾਈ ਬੈਠਾ ਰਿਹਾ। ਉਹਨੇ ਕਿਸੇ ਨੂੰ ਬਿਨਾਂ ਪੁਛੇ ਹੀ ਇਹ ਕੰਮ ਕਰ ਸੁਟਿਆ ਸੀ। ਇਸ ਕਰਕੇ ਇਹਦੇ ਆਪਣੇ ਘਰ ਵੀ ਰੋਣਾ ਧੋਣਾ ਪਿਆ ਹੋਇਆ ਸੀ।

ਨਵੀਨ ਰਾਏ ਫੇਰ ਗੱਜਿਆ, "ਦੱਸਦਾ ਕਿਉਂ ਨਹੀਂ, ਕੀ ਇਹ ਠੀਕ ਹੈ ?"

ਗੁਰਚਰਨ ਨੇ ਪਾਣੀ ਭਰੀਆਂ ਅੱਖੀਆਂ ਨਾਲ ਸਿਰ ਉੱਚਾ ਕਰਕੇ ਕਿਹਾ, "ਜੀ ਹਾਂ ਠੀਕ ਹੈ।"

"ਇਹ ਕੰਮ ਕਰ ਸੁਟਿਆ ਹੈ ?" ਤੁਹਾਡੀ ਤਨਖਾਹ

ਤਾਂ ਸਭੋ ਸੱਠ ਰੁਪਏ ਹੈ। ਨਵੀਨ ਰਾਏ ਦੇ ਮੂੰਹੋਂ ਗੁਸੇ ਨਾਲ ਗਲ ਨਹੀਂ ਸੀ ਨਿਕਲਦੀ।

ਗੁਰਚਰਨ ਨੇ ਅੱਖਾਂ ਪੂੰਝਦੇਹੋਏ ਨੇ ਕਿਹਾ,ਕੋਈਸਮਝਨਹੀਂ ਸੀ। ਦੁੱਖੀ ਜਾਨ ਸੀ,ਫਾਹਾ ਲੈਕੇ ਮਰ ਜਾਵਾਂ ਜਾਂ ਬ੍ਰਹਮਸਮਾਜੀ ਹੋ ਜਾਵਾਂ, ਉਸ ਵਕਤ ਦਿਮਾਗ ਫੈਸਲਾ ਨਹੀਂ ਕਰ ਸਕਿਆ ਸੋ ਬ੍ਰਹਮ ਸਮਾਜੀ ਹੋ ਗਿਆ। ਇਹ ਆਖਕੇ ਗੁਰਚਰਨ ਅਖਾਂ ਪੂੰਝਦਾ ਹੋਇਆ ਬਾਹਰ ਚਲਿਆ ਗਿਆ।

ਨਵੀਨ ਉੱਚੀ ਸਾਰੀ ਕਹਿਣ ਲੱਗਾ। ਚੰਗਾ ਕੀਤਾ ਆਪਣੇ ਗਲ ਫਾਹ ਨ ਲੈਕੇ ਜਾਤ ਦੇ ਗਲ ਫਾਹ ਪਾ ਦਿੱਤਾ, ਚੰਗਾ ਜਾਉ ਅੱਜ ਤੋਂ ਪਿਛੋਂ ਸਾਡੇ ਲੋਕਾਂ ਦੇ ਸਾਹਮਣੇ ਆਪਣਾ ਕਾਲਾ ਮੂੰਹ ਲੈਕੇ ਨ ਆਉਣਾ। ਹੁਣ ਜਿਹੜੇ ਲੋਕ ਸਲਾਹ ਕਾਰ ਮੰਤਰੀ ਬਣੇ ਹੋਏ ਹਨ ਉਨ੍ਹਾਂ ਦੇ ਕੋਲ ਹੀ ਰਹਿਣਾ, ਲੜਕੀਆਂ ਨੂੰ ਡੂਮ ਚਮਿਆਰਾਂ ਦੇ ਘਰ ਵਿਆਹ ਦੇਣਾ। ਇਹ ਆਖਕੇ ਉਹਨਾਂ ਗੁਰਚਰਨ ਨੂੰ ਵਿਦਿਆ ਕਰਕੇ ਮੂੰਹ ਭੁਆ ਲਿਆ।

ਨਵੀਨ ਗੁੱਸੇ ਤੇ ਅਭਿਮਾਨ ਕਰਕੇ ਕੋਈ ਫੈਸਲਾ ਨ ਕਰ ਸਕੇ ਕਿ ਕੀ ਕਰਨਾ ਚਾਹੀਦਾ ਹੈ, ਗੁਰਚਰਨ ਉਨ੍ਹਾਂ ਦੇ ਹੱਥ ਵਿਚੋਂ ਨਿਕਲ ਚੁੱਕਾ ਸੀ ਤੇ ਮੁੜ ਕੇ ਹੱਥਾਂ ਵਿਚ ਆਉਣ ਦੀ ਆਸ ਵੀ ਨਹੀਂ ਸੀ, ਏਸ ਕਰਕੇ ਐਵੇਂ ਵਾਧੂ ਦਾ ਗੁਸਾ ਕੱਢਣ ਲੱਗੇ, ਗੁਰਚਰਨ ਨੂੰ ਰੋਜ ਤੰਗ ਕਰਨ ਦੀ ਹੋਰ ਕੋਈ ਤਰਕੀਬ ਨ ਬਣ ਸਕਣ ਤੇ ਰਾਜ ਨੂੰ ਸੱਦ ਕੇ ਕੋਠੇ ਤੇ ਕੰਧ ਕਰਵਾ ਦਿਤੀ ਤਾਂ ਜੋ ਆਉਣ ਜਾਣ ਦਾ ਰਾਹ ਬੰਦ ਹੋ ਜਾਏ।

ਦੂਰ ਬੈਠੀ ਭਵਨੇਸ਼ਵਰੀ ਨੇ ਜਦ ਇਹ ਗੱਲ ਸੁਣੀ ਤਾਂ ਉਹ ਰੋ ਪਈ, ਲੜਕੇ ਨੂੰ ਕਹਿਣ ਲੱਗੀ, ਸ਼ੇਖਰ ਪਤਾ ਨਹੀਂ ਉਹਨਾਂ ਨੂੰ ਇਹੋ ਜਹੀ ਮਤ ਕਿਸਨੇ ਦੇ ਦਿਤੀ ਹੈ।

ਇਹ ਖੋਟੀ ਮੱਤ ਜਿਨ ਦਿਤੀ ਸੀ, ਸ਼ੇਖਰ ਉਸ ਨੂੰ ਸਮਝ ਗਿਆ ਸੀ, ਪਰ ਗੱਲ ਖੋਲ੍ਹ ਕੇ ਨ ਦਸਦੇ ਹੋਏ ਨੇ ਕਿਹਾ, ਮਾਂ ਦੋਂਹ ਚੋਂਹ ਦਿਨਾਂ ਨੂੰ ਤੁਸਾਂ ਆਪ ਹੀ ਤਾਂ ਉਹਨਾਂ ਨੂੰ ਜ਼ਾਤ ਵਿਚੋਂ ਛੇਕ ਕੇ ਅਡ ਕਰ ਦੇਣਾ ਸੀ। ਐਨੀਆਂ ਕੁੜੀਆਂ ਦਾ ਵਿਆਹ ਉਹ ਕਿਦਾਂ ਕਰ ਸਕਦਾ, ਮੇਰੀ ਸਮਝ ਵਿਚ ਤਾਂ ਕੁਝ ਨਹੀਂ ਆਉਂਦਾ।

ਭਵਨੇਸ਼ਵਰੀ ਨੇ ਸਿਰ ਹਿਲਾਉਂਦੀ ਹੋਈ ਨੇ ਕਿਹਾ, ਕੋਈ ਕੰਮ ਵੀ ਨਹੀਂ ਰੁਕਿਆ ਰਹਿ ਸਕਦਾ, ਸ਼ੇਖਰ ! ਜੇ ਇਸ ਗਲਬਦਲੇ ਹੀ ਜ਼ਾਤ ਤਿਆਗ ਦੇਣੀ ਪੈਂਦੀ ਤਾਂ ਅਜੇ ਤੱਕ ਕਈ ਦੀਨੋਂ ਬੇਦੀਨ ਹੋ ਗਏ ਹੁੰਦੇ। ਰੱਬ ਨੇ ਜਿਨਾਂ ਨੂੰ ਦੁਨੀਆਂ ਵਿੱਚ ਪੈਦਾ ਕੀਤਾ ਹੈ, ਸਭ ਦਾ ਫਿਕਰ ਉਸਨੂੰ ਹੈ।

ਸ਼ੇਖਰ ਚੁੱਪ ਕਰ ਰਿਹਾ। ਭਵਨੇਸ਼ਵਰੀ ਅੱਖਾਂ ਪੂੰਝਦੀ ਹੋਈ ਕਹਿਣ ਲੱਗੀ, ਲਲਿਤਾ ਨੂੰ ਜੇ ਨਾਲ ਲੈ ਆਉਂਦੀ ਤਾਂ ਉਹਦਾ ਸਬੰਧ ਮੈਨੂੰ ਹੀ ਕਰਨਾ ਪੈਣਾ ਸੀ ਤੇ ਮੈਂ ਕਰ ਵੀ ਦੇਂਦੀ। ਪਰ ਮੈਨੂੰ ਨਹੀਂ ਸੀ ਪਤਾ ਕਿ ਗੁਰਚਰਨ ਨੇ ਇਸੇ ਕਰਕੇ ਹੀ ਉਹਨੂੰ ਨਹੀਂ ਸੀ ਭੇਜਿਆ, ਮੈ ਤਾਂ ਸੋਚਦੀ ਸਾਂ ਕਿ ਸੱਚ ਮੁੱਚ ਹੀ ਉਸਦੀ ਕੁੜਮਾਈ ਹੋਣ ਵਾਲੀ ਹੈ।

ਸ਼ੇਖਰ ਮਾਂ ਦੇ ਮੂੰਹ ਵੱਲ ਵੇਖਕੇ ਕੁਝ ਸ਼ਰਮਿੰਦਾ ਜਿਹਾ ਹੋਕੇ ਬੋਲਿਆ ਠੀਕ ਹੈ ਮਾਂ, ਹੁਣ ਘਰ ਜਾਕੇ ਏਦਾਂ ਹੀ ਕਰਨੀ, ਉਹ ਤਾਂ ਬ੍ਰਹਮ ਸਮਾਜੀ ਨਹੀਂ ਹੋਈ ਉਹਦਾ ਮਾਮਾ ਹੀ

ਹੋਇਆ ਹੈ, ਜੇ ਸੱਚ ਪੁਛੋ ਤਾਂ ਇਹ ਵੀ ਕੋਈ ਉਸਦੇ ਆਪਣੇ ਨਹੀਂ। ਲਲਿਤਾ ਦਾ ਕੋਈ ਵੀ ਨਹੀਂ ਤਾਂ ਹੀ ਤਾਂ ਇਹਨਾਂ ਦੇ ਘਰ ਪਲ ਰਹੀ ਹੈ।

ਭਵਨੇਸ਼ਵਰੀ ਨੇ ਸੋਚ ਵਿਚਾਰਕੇ ਆਖਿਆ, ਇਹ ਤਾਂ ਠੀਕ ਹੈ ਪਰ ਤੇਰੇ ਬਾਬੂ ਜੀ ਦਾ ਮਿਜਾਜ਼ ਕੁਝ ਹੋਰ ਹੈ। ਉਹ ਕਦੇ ਵੀ ਰਾਜ਼ੀ ਨਹੀਂ ਹੋਣਗੇ। ਇਹ ਵੀ ਹੋ ਸਕਦਾ ਹੈ ਕਿ ਉਹਉਨ੍ਹਾਂ ਲੋਕਾਂ ਨਾਲੋਂ ਮੇਲ ਮਿਲਾਪ ਹੀ ਨ ਬੰਦ ਕਰ ਦੇਣ।

ਸ਼ੇਖਰ ਦੇ ਮਨ ਹੀ ਮਨ ਵਿਚ ਇਸ ਗੱਲ ਦੀ ਵੱਡੀ ਆਸ ਸੀ ਸੋ ਉਸਨੇ ਹੋਰ ਕੁਝ ਨ ਕਿਹਾ ਤੇ ਕਿਧਰੇ ਬਾਹਰ ਚਲਿਆ ਗਿਆ।

ਇਹਦੇ ਪਿਛੋਂ ਇੱਕ ਮਿੰਟ ਵਾਸਤੇ ਵੀ ਉਹਦਾ ਪ੍ਰਦੇਸ ਵਿਚ ਦਿਲ ਨ ਲੱਗਾ। ਦੋ ਤਿੰਨ ਦਿਨ ਉਦਾਸ ਜਿਹਾ ਹੋਕੇ, ਐਧਰ ਊਧਰ ਫਿਰ ਫਿਰਾਕੇ ਇਕ ਦਿਨ ਰਾਤ ਨੂੰ ਮਾਂ ਨੂੰ ਕਹਿਣ ਲੱਗਾ, "ਮਾਂ ਹੁਣ ਕੁਝ ਵੀ ਚੰਗਾ ਨਹੀਂ ਲਗਦਾ, ਚਲ ਘਰ ਨੂੰ ਚਲੀਏ।"

ਘਰ ਆ ਕੇ ਮਾਂ ਪੁੱਤ ਦੋਹਾਂ ਨੇ ਵੇਖਿਆ ਕਿ ਜਿਹੜਾ ਇਕ ਦੂਜੇ ਦੇ ਘਰ ਆਉਣ ਜਾਣ ਦਾ ਰਾਹ ਸੀ ਉਥੇ ਕੰਧ ਕੱਢ ਦਿਤੀ ਹੈ। ਇਹ ਗੱਲ ਦੋਹਾਂ ਮਾਂ ਪੁੱਤਾ ਨੂੰ ਬਿਨਾਂ ਪੁਛਿਆਂ ਗਿਛਿਆਂ ਹੀ ਸੁਝ ਗਈ ਕਿ ਗੁਰਚਰਨ ਨਾਲ ਕਿਸੇ ਤਰ੍ਹਾਂ ਦਾ ਸਬੰਧ ਰਖਣਾ, ਇਥੋਂ ਤੱਕ ਖਾਲੀ ਗਲ ਬਾਤ ਕਰਨਾ ਵੀ ਨਵੀਨ ਰਾਏ ਨ ਸਹਾਰ ਸਕੇਗਾ।

ਰਾਤ ਨੂੰ ਸ਼ੇਖਰ ਦੇ ਰੋਟੀ ਖਾਣ ਸਮੇਂ ਉਸ ਪਾਸ ਉਸਦੀ ਮਾਂ ਮੌਜੂਦ ਸੀ। ਦੋ ਤਿੰਨਾਂ ਗੱਲਾਂ ਪਿਛੋਂ ਉਸ

ਆਖਿਆ ਮਾਂ, "ਮਲੂਮ ਹੁੰਦਾ ਹੈ ਕਿ ਲਲਿਤਾ ਦੀ ਮੰਗਣੀ ਗਿਰੀਨ ਬਾਬੂ ਦੇ ਨਾਲ ਹੀ ਹੋ ਰਹੀ ਹੈ। ਮੈਂ ਇਹ ਗਲ ਪਹਿਲਾਂ ਹੀ ਜਾਣਦਾ ਸਾਂ।"

ਸ਼ੇਖਰ ਨੇ ਬਿਨਾਂ ਸੁਰ ਚੁੱਕੇ ਹੀ ਕਿਹਾ, ਕਿੰਨ ਆਖਿਆ ਹੈ ?"

"ਉਹਦੀ ਮਾਮੀ ਨੇ।" ਕਲ ਦੁਪਹਿਰ ਨੂੰ, ਜਦੋਂ ਤੇਰੇ ਬਾਬੂ ਜੀ ਸੌਂ ਗਏ ਸਨ, ਮੈਂ ਆਪੇ ਉਨ੍ਹਾਂ ਦੇ ਘਰ ਮਿਲਣ ਗਈ ਸਾਂ। ਉਹਨੇ ਰੋ ਰੋ ਕੇ ਅੱਖਾਂ ਸੁਜਾ ਲਈਆਂ ਹਨ।" ਥੋੜਾ ਚਿਰ ਚੁੱਪ ਰਹਿਕੇ ਪੱਲੇ ਨਾਲ ਅੱਖਾਂ ਪੂੰਝ ਕੇ ਉਹ ਬੋਲੀ!"ਕਿਸਮਤ ਹੈ, ਕਿਸਮਤ! ਕਿਸਮਤ ਦਾ ਲਿਖਿਆ ਕੋਈ ਨਹੀਂ ਮੇਟ ਸਕਦਾ। ਕਿਹਨੂੰ ਦੋਸ਼ ਦੇਈਏ ? ਫੇਰ ਵੀ ਗਗੀਨ ਚੰਗਾ ਮੁੰਡਾ ਹੈ! ਪੈਸੇ ਵਾਲਾ ਹੈ ਲਲਿਤਾ ਨੂੰ ਕੋਈ ਤਕਲੀਫ ਨਹੀਂ ਹੋਵੇਗੀ।" ਇਹ ਆਖ ਕੇ ਉਹ ਚੁੱਪ ਹੋ ਗਈ।

ਜਵਾਬ ਵਿਚ ਸ਼ੇਖਰ ਨੇ ਕੁਝ ਨਹੀਂ ਆਖਿਆ। ਨੀਵੀਂ ਪਾਈ ਥਾਲੀ ਵਿਚ ਚੀਜ਼ਾਂ ਐਧਰ ਊਧਰ ਕਰਨ ਲੱਗ ਪਿਆ। ਥੋੜੇ ਚਿਰ ਪਿਛੋਂ ਮਾਂ ਦੇ ਉਠ ਜਾਣ ਨਾਲ ਉਹ ਵੀ ਉਠ ਬੈਠਾ ਤੇ ਹੱਥ ਮੂੰਹ ਧੋਕੇ ਬਿਸਤਰੇ ਤੇ ਜਾ ਪਿਆ।

ਦੂਜੇ ਦਿਨ ਜ਼ਰਾ ਟਹਿਲਣ ਲਈ ਉਹ ਸੜਕ ਤੇ ਨਿਕਲਿਆ ਸੀ। ਉਸ ਵੇਲੇ ਗੁਰਚਰਨ ਦੀ ਬਾਹਰ ਵਾਲੀ ਬੈਠਕ ਵਿਚ ਰੋਜ਼ ਵਾਂਗੂੰ ਚਾਹ-ਪਾਨ ਦੀ ਸਭਾ ਬੈਠੀ ਹੋਈ ਸੀ, ਬੜੇ ਜੋਸ਼ ਨਾਲ ਹਾਸਾ ਠੱਠਾ ਤੇ ਗਪ ਸ਼ੱਪ ਹੋ ਰਹੀ ਸੀ। ਇਹ ਰੌਲਾ ਸੁਣਕੇ ਸ਼ੇਖਰ ਨੇ ਕੁਝ ਚਿਰ ਸੋਚਿਆ ਤੇ ਫੇਰ ਅੱਗੇ ਵਧਕੇ ਉਨ੍ਹਾਂ ਸ਼ਬਦਾਂ ਨੂੰ ਚੇਤੇ ਕਰਦਾ ਹੋਇਆ ਗੁਰਚਰਨ

ਦੀ ਬਾਹਰ ਵਾਲੀ ਬੈਠਕ ਵਿਚ ਜਾ ਵੜਿਆ। ਉਹਦੇ ਪਹੁੰਚ-ਦਿਆਂ ਹੀ ਸਭ ਦੇ ਸਿਰ ਪਾਣੀ ਪੈ ਗਿਆ ਤੇ ਸਭ ਰੌਲਾ ਬੰਦ ਹੋ ਗਿਆ। ਉਹਦੇ ਮੂੰਹ ਵੱਲ ਵੇਖਦਿਆਂ ਹੀ ਸਭ ਦੇ ਮੂੰਹ ਫਿੱਕੇ ਪੈ ਗਏ।

ਲਲਿਤਾ ਤੋਂ ਬਿਨਾਂ ਕਿਸੇ ਨੂੰ ਪਤਾ ਨਹੀਂ ਸੀ ਕਿ ਸ਼ੇਖਰ ਆਗਿਆ ਹੈ। ਅੱਜ ਇੱਥੇ ਗਿਰੀ ਨੰਦ ਤੋਂ ਬਿਨਾ ਇਕ ਹੋਰ ਸਜਣ ਵੀ ਆਏ ਹੋਏ ਸਨ। ਉਹ ਹੈਰਾਨਗੀ ਨਾਲ ਸ਼ੇਖਰ ਦੇ ਮੂੰਹ ਵਲ ਵੇਖਣ ਲੱਗ ਪਏ। ਗਿਰੀ ਨੰਦ ਦਾ ਚਿਹਰਾ ਬਹੁਤ ਹੀ ਗੰਭੀਰ ਹੋਗਿਆ। ਉਹ ਦੀਵਾਰ ਵੱਲੇ ਵੇਖਣ ਲੱਗ ਪਿਆ। ਸਭ ਨਾਲੋਂ ਬਹੁਤ ਹੀ ਖੱਪ ਗੁਰਚਰਨ ਖੁਦ ਪਾ ਰਿਹਾ ਸੀ, ਉਹਦਾ ਚਿਹਰਾ ਵੀ ਇਕ ਵਾਰੀ ਹੀ ਪੀਲਾ ਪੈ ਗਿਆ। ਲਲਿਤਾ ਉਸ ਪਾਸ ਬੈਠੀ ਚਾਹ ਬਣਾ ਰਹੀ ਸੀ। ਉਹਨੇ ਇਕ ਵੇਰਾਂ ਸਿਰ ਚੁਕ ਕੇ ਵੇਖਿਆ ਤੇ ਫੇਰ ਨੀਵੀਂ ਪਾ ਲਈ।

ਸ਼ੇਖਰ ਨੇ ਅਗਾਂਹ ਹੋਕੇ ਸਿਰ ਨਵਾਕੇ ਸਾਰਿਆਂ ਨੂੰ ਪ੍ਰਨਾਮ ਕੀਤੀ। ਇਕ ਪਾਸੇ ਬਹਿਕੇ ਹਸਦਾ ਹਸਦਾ ਬੋਲਿਆ, "ਕੀ ਗੱਲ ਹੈ, ਇਕ ਵਾਰੀ ਸਾਰੇ ਕਿਉਂ ਚੁਪ ਹੋ ਗਏ ਹੋ ?"

ਗੁਰਚਰਨ ਨੇ ਹੌਲੀ ਜਹੀ, ਖਬਰੇ ਅਸ਼ੀਰਵਾਦ ਦਿਤੀ, ਪਤਾ ਕੁਝ ਨਾ ਲਗ ਸਕਿਆ।

ਉਹਦੇ ਮਨ ਦਾ ਭਾਵ ਸ਼ੇਖਰ ਸਮਝ ਗਿਆ। ਇਸ ਕਰਕੇ ਉਹਨੂੰ ਆਪਣਾ ਆਪ ਸੰਭਾਲਣ ਦਾ ਮੌਕਾ ਦੇਣ ਲਈ ਉਸ ਆਪ ਹੀ ਗਲ ਛੇੜੀ। ਸਵੇਰ ਦੀ ਗੱਡੀ ਆ ਜਾਣ ਦੀਆਂ ਗੱਲਾਂ, ਮਾਂ ਦੀ ਬੀਮਾਰੀ ਨੂੰ ਆਰਾਮ ਆ ਜਾਣ ਦੀਆਂ

ਗੱਲਾਂ, ਪਛਮ ਦੀ ਜਲ ਪੌਣ ਦੇ ਅਸਰ ਦੀਆਂ ਗਲਾਂ ਤੇ ਏਸ ਤਰ੍ਹਾਂ ਹੋਰ ਬਹੁਤ ਸਾਰੀਆਂ ਗੱਲਾਂ ਇਕ ਵਾਰੀ ਹੀ ਛੇੜ ਬੈਠਾ। ਅਖੀਰ ਨੂੰ ਉਸ ਅਨਜਾਣੇ ਗੱਭਰੂ ਦੇ ਮੂੰਹ ਵੱਲ ਵੇਖ ਕੇ ਚੁਪ ਹੋਗਿਆ।

ਗੁਰਚਰਨ ਨੇ ਹੁਣ ਤਕ ਆਪਣੇ ਆਪ ਨੂੰ ਸੰਭਾਲ ਲਿਆ ਸੀ। ਉਸ ਲੜਕੇ ਦੀ ਸਿਆਣ ਦਸਦਾ ਹੋਇਆ ਬੋਲਿਆ, "ਇਹ ਸਾਡੇ ਗਿਰੀਨ ਬਾਬੂ ਦੇ ਦੋਸਤ ਹਨ। ਇਕ ਹੀ ਥਾਂ ਦੇ ਰਹਿਣ ਵਾਲੇ ਹਨ। ਇਕੱਠੇ ਹੀ ਪੜ੍ਹਦੇ ਰਹੇ ਹਨ। ਬਹੁਤ ਹੀ ਚੰਗੇ ਲਾਇਕ ਹਨ, ਸ਼ਾਮ ਬਾਜ਼ਾਰ ਰਹਿੰਦੇ ਹਨ। ਫੇਰ ਵੀ ਸਾਡੇ ਨਾਲ ਜਾਣ ਪਛਾਣ ਹੋਣ ਕਰਕੇ ਕਦੇ ਕਦੇ ਆ ਕੇ ਮਿਲ ਗਿਲ ਜਾਂਦੇ ਹਨ।

ਸ਼ੇਖਰ ਸਿਰ ਹਿਲਾਕੇ ਮਨ ਹੀ ਮਨ ਵਿਚ ਕਹਿਣ ਲੱਗਾ, ਹਾਂ ਬਹੁਤ ਹੀ ਚੰਗੇ ਤੇ ਲਾਇਕ ਹਨ ਕੁਝ ਚਿਰ ਚੁਪ ਰਹਿਕੇ ਬੋਲਿਆ, ਚਾਚਾ ਜੀ ਹੋਰ ਤਾਂ ਸਭ ਠੀਕ ਠਾਕ ਹੈ ਨਾਂ?

ਗੁਰਚਰਨ ਨੇ ਕੋਈ ਜੁਵਾਬ ਨਾ ਦਿਤਾ। ਨੀਵੀਂ ਪਾਈ ਚੁਪ ਚਾਪ ਬੈਠਾ ਰਿਹਾ। ਸ਼ੇਖਰ ਨੂੰ ਉਠ ਕੇ ਜਾਂਦਾ ਵੇਖ ਕੇ ਰੋਣ ਹਾਕਾ ਹੋਕੇ ਬੋਲਿਆ, "ਕਦੇ ਕਦੇ ਆ ਜਾਇਆ ਕਰੋ ਬੱਚਾ, ਬਿਲਕੁਲ ਹੀ ਨਾ ਛਡ ਦੇਣਾ। ਸਭ ਗਲ ਬਾਤ ਸੁਣ ਤਾਂ ਲਈ ਹੋਵੇਗੀ ?"

ਹਾਂ ਸੁਣੀ ਕਿਉਂ ਨਹੀਂ। ਇਹ ਆਖ ਕੇ 'ਸ਼ੇਖਰ' ਘਰ ਚਲਿਆ ਗਿਆ।

ਦੂਜੇ ਪਲ ਹੀ ਅੰਦਰੋਂ ਗੁਰਚਰਨ ਦੀ ਘਰ ਵਾਲੀ ਦੀ ਰੋਣ ਦੀ ਅਵਾਜ਼ ਆਉਣ ਲੱਗ ਪਈ। ਬਾਹਰ ਬੈਠੇ ਗੁਰਚਰਨ

ਧੋਤੀ ਦੇ ਪਲੇ ਨਾਲ ਆਪਣਾ ਮੂੰਹ ਪੂੰਝਣ ਲਗ ਪਏ। ਗਿਰੀਨੰਦ ਦੋਸ਼ੀ ਵਾਂਗੂੰ ਮੂੰਹ ਬਣਾ ਕੇ ਬਾਰੀ ਵੱਲ ਵੇਖਦੇ ਰਹੇ। ਲਲਿਤਾ ਪਹਿਲਾਂ ਹੀ ਉਠਕੇ ਚਲੀ ਗਈ ਸੀ।

ਕੁਝ ਚਿਰ ਪਿਛੋਂ ਸ਼ੇਖਰ ਰਸੋਈ ਪਾਸੇ ਦੀ ਹੋਕੇ, ਬਰਾਂਡੇ ਵਿਚੋਂ ਲੰਘਕੇ ਵਿਹੜੇ ਵਿਚ ਦਾਖਲ ਹੋ ਰਿਹਾ ਸੀ। ਵੇਖਿਆ ਕਿ ਹਨੇਰੇ ਵਿਚ ਬੂਹੇ ਦੇ ਉਹਲੇ ਲਲਿਤਾ ਖੜੀ ਹੈ। ਉਹਨੇ ਧਰਤੀ ਤੇ ਮੱਥਾ ਟੇਕਕੇ ਪ੍ਰਨਾਮ ਕੀਤੀ ਤੇ ਉਠ ਕੇ ਖਲੋ ਗਈ। ਉਹਦਾ ਮੂੰਹ ਸ਼ੇਖਰ ਦੀ ਛਾਤੀ ਦੇ ਬਿਲਕੁਲ ਨੇੜੇ ਪਹੁੰਚ ਗਿਆ ਸੀ। ਉਹ ਪਲ ਕੁ ਖਲੋਤੀ ਪਤਾ ਨਹੀਂ ਕੀ ਸੋਚਦੀ ਰਹੀ। ਫੇਰ ਪਿਛੇ ਹਟਦੀ ਹੋਈ ਬੋਲੀ, "ਮੇਰੀ ਚਿਠੀ ਦਾ ਜਵਾਬ ਕਿਉਂ ਨਹੀਂ ਦਿਤਾ ?"

"ਕਦੋਂ ਮੈਨੂੰ ਤਾਂ ਕੋਈ ਚਿਠੀ ਨਹੀਂ ਮਿਲੀ ਕੀ ਲਿਖਿਆ ਸੀ ?"

ਲਲਿਤਾ ਨੇ ਆਖਿਆ, 'ਕਈ ਗੱਲਾਂ, ਖੈਰ ਜਾਣ ਦਿਓ। ਸਾਰੀਆਂ ਗੱਲਾਂ ਸੁਣ ਤਾਂ ਲਈਆਂ ਹਨ ਉਹ ਤੁਸੀਂ ਹੀ ਦਸੋ ਤੁਹਾਡੀ ਕੀ ਆਗਿਆ ਹੈ।"

ਸ਼ੇਖਰ ਨੇ ਅਸਚਰਜ ਭਰੀ ਅਵਾਜ਼ ਵਿਚ ਆਖਿਆ, ਮੇਰੀ ਆਗਿਆ ! ਮੇਰੀ ਆਗਿਆ ਨਾਲ ਕੀ ਹੋਵੇਗਾ ?

ਲਲਿਤਾ ਸ਼ੱਕ ਦੀਆਂ ਨਜ਼ਰਾਂ ਨਾਲ ਉਸਨੂੰ ਦੇਖਦੀ ਹੋਈ ਬੋਲੀ, ਕਿਉਂ ?

ਹੋਰ ਕੀ ! ਲਲਿਤਾ ਮੈਂ ਕਿਸ ਨੂੰ ਆਗਿਆ ਦੇਵਾਂ ?

ਮੈਨੂੰ ਹੋਰ ਕਿਸ ਨੂੰ !

ਤੈਨੂੰ ਕੀ ਆਖਾਂ ਜੇ ਆਖਾਂ ਵੀ ਤਾਂ ਤੂੰ ਕਦੋਂ ਮੰਨਣ

ਲੱਗੀ ਏਂ ?' ਸ਼ੇਖਰ ਦਾ ਅਵਾਜ਼ ਭੈੜਾ ਜਿਹਾ ਹੋ ਗਿਆ।

ਹੁਣ ਤਾਂ ਲਲਿਤਾ ਆਪਣੇ ਮਨ ਵਿਚ ਹੋਰ ਵੀ ਡਰ ਗਈ। ਫੇਰ ਇਕੋ ਵੇਰਾਂ ਬਿਲਕੁਲ ਪਾਸ ਆਕੇ ਹੋਣ ਵਾਲੀ ਅਵਾਜ਼ ਨਾਲ ਬੋਲੀ, 'ਜਾਓ ਏਸ ਵੇਲੇ ਤੁਹਾਡਾ ਮਖੌਲ ਚੰਗਾ ਨਹੀਂ ਲਗਦਾ। ਤੁਹਾਡੇ ਪੈਰਾਂ ਤੇ ਪੈਨੀ ਹਾਂ ਕਿਵੇਂ ਹੋਵੇਗੀ, ਇਹ ਤਾਂ ਦਸੋ ਮੈਨੂੰ ਤਾਂ ਰਾਤ ਫਿਕਰ ਨਾਲ ਨੀਂਦ ਵੀ ਨਹੀਂ ਆਉਂਦੀ।'

ਫਿਕਰ ਤੇ ਡਰ ਕਿਸ ਗੱਲ ਦਾ ਹੈ ?

ਤੁਸੀ ਚੰਗੇ ਹੋ ! ਡਰ ਨ ਆਵੇ ਤਾਂ ਹੋਰ ਕੀ ਹੋਵੇ, ਤੁਸੀਂ ਕੋਲ ਨਹੀਂ ਸਾਓ। ਮਾਂ ਵੀ ਇਥੇ ਨਹੀਂ ਸੀ। ਪਿਛੋਂ ਪਤਾ ਨਹੀਂ ਮਾਮਾ ਜੀ ਕੀ ਕਰ ਬੈਠੇ।ਹੁਣ ਜੇ ਮੈਨੂੰ ਮਾਂ ਆਪਣੇ ਘਰ ਨ ਲਵੇ ਤਾਂ ਫੇਰ ?

ਸ਼ੇਖਰ ਪਲਕੁ ਪਿਛੋਂ ਬੋਲਿਆ, ਇਹ ਤਾਂ ਠੀਕ ਹੈ ਮਾਂ ਹੁਣ ਨਹੀਂ ਲੈਣਾ ਚਾਹੇਗੀ। ਤੁਹਾਡੇ ਮਾਮੇ ਨੇ ਦੂਜੇ ਪਾਸੋਂ ਰੁਪੈ ਲਏ ਹਨ—ਇਹ ਸਭ ਗੱਲਾਂ ਉਹਨੂੰ ਮਲੂਮ ਹੋ ਗਈਆਂ ਹਨ, ਇਸ ਤੋਂ ਬਿਨਾਂ ਤੂੰ ਹੁਣ ਬ੍ਰਹਮ ਸਮਾਜੀ ਹੋ ਗਈ ਹੈਂ, ਅਸੀਂ ਹਿੰਦੂ ਹਾਂ।

ਅੰਨਾਕਾਲੀ ਨੇ ਉਸੇ ਵੇਲੇ ਰਸੋਈ ਵਿਚੋਂ ਅਵਾਜ਼ ਦਿੱਤੀ, ਬੀਬੀ ਜੀ ਏਧਰ-ਆਉਣਾ ਮਾਂ ਜੀ ਸਦ ਰਹੇ ਹਨ।

ਲਲਿਤਾ ਨੇ ਉੱਚੀ ਸਾਰੀ ਕਿਹਾ, 'ਮੈਂ ਹੁਣੇ ਆਉਂਦੀ ਹਾਂ।' ਫੇਰ ਹੌਲੀ ਜਹੀ ਅਵਾਜ਼ ਵਿਚ ਕਿਹਾ, 'ਮਾਮਾ ਭਾਵੇ ਕੁਝ ਬਣ ਜਾਵੇ, ਜੋ ਤੂੰ ਏਂ ਸੋ ਮੈਂ ਹਾਂ ਤੇ ਜੋ ਮੈ ਹਾਂ ਸੋ ਤੂੰ ਏਂ। ਜੇ ਮਾਂ ਤੈਨੂੰ ਨਹੀਂ ਛੱਡ ਸਕਦੀ ਤਾਂ ਮੈਨੂੰ ਕਿਦਾਂ ਛਡ ਸਕੇਗੀ? ਬਾਕੀ ਰਹਿ ਗਈ ਗਰੀਨ ਬਾਬੂ ਦੇ ਰੁਪਇਆਂ ਵਾਲੀ ਗਲ ਸੋ

ਉਸਦੇ ਰੁਪੈ ਮੋੜ ਦਿੱਤੇ ਜਾਣਗੇ, ਕਰਜ ਦਾ ਰੁਪਇਆ, ਇਕ ਦਿਨ ਪਹਿਲਾਂ ਹੋਇਆ ਜਾ ਪਿਛੋਂ ਦੇਣਾ ਤਾਂ ਪਏਗਾ ਹੀ।

ਸ਼ੇਖਰ ਨੇ ਪੁਛਿਆ, 'ਐਨੇ ਰੁਪੈ ਕਿਥੋਂ ਮਿਲਣਗੇ?'

ਲਲਿਤਾ ਸ਼ੇਖਰ ਦੇ ਮੂੰਹ ਵਲ ਵੇਖਦੀ ਹੋਈ ਪਲਕੁ ਚੁਪ ਰਹਿਕੇ ਬੋਲੀ ਜਾਣਦੇ ਨਹੀਂ ਤੀਵੀਆਂ ਨੂੰ ਰੁਪੈ ਕਿਥੋਂ ਮਿਲਦੇ ਹਨ ਤੇ ਮੈਨੂੰ ਵੀ ਤਾਂ ਕਿਤਿਓਂ ਮਿਲ ਹੀ ਜਾਣਗੇ।

ਹੁਣ ਤੱਕ 'ਸ਼ੇਖਰ' ਦਾ ਦਿਲ ਗੱਲਾਂ ਕਰਦਾ ਕਰਦਾ ਹੀ ਸੜ ਰਿਹਾ ਸੀ। ਹੁਣ ਮਖੌਲ ਨਾਲ ਕਹਿਣ ਲੱਗਾ, ਮਾਮਾ ਜੀ ਨੇ ਤੁਹਾਨੂੰ ਵੇਚ ਤਾਂ ਦਿੱਤਾ ਹੈ।

ਲਲਿਤਾ ਅੰਨ੍ਹੇਰੇ ਵਿਚ ਸ਼ੇਖਰ ਦੇ ਚਿਹਰੇ ਦਾ ਭਾਵ ਤਾਂ ਨ ਦੇਖ ਸਕੀ, ਪਰ ਬਦਲੀ ਹੋਈ ਅਵਾਜ਼ ਨੂੰ ਸਮਝ ਗਈ। ਉਸਨੇ ਵੀ ਉਸੇ ਤਰਾਂ ਹੀ ਪੱਕੇ ਇਰਾਦੇ ਨਾਲ ਜਵਾਬ ਦਿੱਤਾ, 'ਇਹ ਸਭ ਝੂਠ ਹੈ! ਮੇਰੇ ਮਾਮੇ ਵਰਗੇ ਆਦਮੀ ਦੁਨੀਆਂ ਵਿਚ ਬਹੁਤ ਘਟ ਹਨ, ਉਹਨਾਂ ਦਾ ਮਖੌਲ ਨ ਉਡਾਉ। ਉਨ੍ਹਾਂ ਦੇ ਦੁਖੀ ਦਿਲ ਤੋਂ ਤੁਸੀਂ ਭਾਵੇਂ ਵਾਕਿਫ ਨਾ ਹੋਵੋ, ਪਰ ਦੁਨੀਆਂ ਜਾਣਦੀ ਹੈ।' ਇਹ ਆਖਕੇ ਇਕ ਘੁਟ ਜਿਹਾ ਭਰਕੇ ਫੇਰ ਬੋਲੀ, ਇਸਤੋਂ ਬਿਨਾਂ ਉਨ੍ਹਾਂ ਰੁਪੈ ਮੇਰੇ ਵਿਆਹ ਤੋਂ ਪਹਿਲਾਂ ਲਏ ਹਨ। ਮੈਨੂੰ ਵੇਚਣ ਦਾ ਉਨ੍ਹਾਂ ਨੂੰ ਕੋਈ ਹੱਕ ਨਹੀਂ ਤੇ ਨਾ ਉਨ੍ਹਾਂ ਨੇ ਵੇਚਿਆ ਈ ਹੈ। ਇਹ ਅਖਤਿਆਰ ਤੁਹਾਨੂੰ ਹੈ, ਤੁਸੀਂ ਜੇ ਚਾਹੋ ਤਾਂ ਮੈਨੂੰ ਰੁਪੈ ਦੇਣ ਦੇ ਡਰ ਤੋਂ ਵੇਚ ਸਕਦੇ ਹੋ।

ਇਹ ਆਖਕੇ ਉਹ ਜਵਾਬ ਉਡੀਕਣ ਤੋਂ ਬਿਨਾਂ ਹੀ ਚਲੀ ਗਈ।

## ੯.

ਉਸ ਦਿਨ ਸ਼ੇਖਰ ਕਈ ਚਿਰ ਤੱਕ ਰਾਹ ਵਿਚ ਹੀ ਘੁਮਦਾ ਰਿਹਾ ਤੇ ਘਰ ਜਾਕੇ ਸੋਚਣ ਲੱਗਾ, "ਇਹ ਗੁੱਡੀਆਂ ਪਟੋਲਿਆਂ ਨਾਲ ਖੇਡਣ ਵਾਲੀ ਲਲਿਤਾ, ਇਹ ਗੱਲਾਂ ਕਿੱਥੋਂ ਸਿਖ ਗਈ ? ਇਸ ਤਰ੍ਹਾਂ ਖੁਲ੍ਹ ਕੇ ਉਹ ਮੇਰੇ ਸਾਹਮਣੇ ਕਿਦਾਂ ਬੋਲਣ ਲਗ ਪਈ ?"

ਅੱਜ ਲਲਿਤਾ ਦੇ ਵਰਤਾਵੇ ਤੋਂ ਉਹ ਸੱਚੀਂ ਮੱਚੀ ਹੀ ਬੜਾ ਗੁੱਸੇ ਹੋ ਰਿਹਾ ਸੀ। ਪਰ ਜੇ ਉਹ ਠੰਡੇ ਦਿਲ ਨਾਲ ਸੋਚ ਕੇ ਵੇਖਦਾ ਤਾਂ ਉਸ ਦਾ ਗੁੱਸਾ ਲਲਿਤਾ ਤੇ ਨਹੀਂ ਸੀ ਬਣ ਸਕਦਾ, ਸਗੋਂ ਆਪਣੇ ਆਪ ਤੇ ਬਣਦਾ ਸੀ। ਕਿਉਂਕਿ ਇਹ ਸਭ ਉਸੇ ਦੀ ਕਾਰਸਤਾਨੀ ਸੀ।

ਲਲਿਤਾ ਨੂੰ ਛੱਡ ਕੇ, ਇਸ ਇਕ ਮਹੀਨੇ ਦੇ ਪ੍ਰਦੇਸ ਰੱਟਨ ਸਮੇਂ, ਉਹਨੇ ਆਪਣਿਆਂ ਖਿਆਲਾਂ ਵਿਚ ਆਪਣੇ ਆਪ ਨੂੰ ਬੰਨ ਲਿਆ ਸੀ। ਸਿਰਫ ਬਾਲਪਨ ਦੇ ਦੁਖ ਸੁਖ ਦਾ ਹਿਸਾਬ ਲਾਕੇ ਹੀ ਉਹ ਸੋਚ ਰਿਹਾ ਸੀ ਕਿ ਲਲਿਤਾ ਦਾ ਉਹਦੇ ਜੀਵਨ ਵਿਚ ਕਿਨਾ ਕੁ ਹਿੱਸਾ ਹੈ। ਅੱਗੇ ਆਉਣ ਵਾਲੀ ਉਮਰ ਵਿਚ, ਲਲਿਤਾ ਦਾ ਉਸ ਨਾਲ ਕਿੰਨਾ ਨਾ ਟੁੱਟ ਸਕਣ ਵਾਲਾ ਸਬੰਧ ਪੈਦਾ ਹੋ ਚੁੱਕਾ ਹੈ। ਉਸਦੇ ਨਾ ਹੋਣ ਨਾਲ ਇਸਦਾ ਜੀਉਣਾ ਕਠਨ ਹੋ ਜਾਇਗਾ। ਲਲਿਤਾ ਛੋਟੇ ਹੁੰਦਿਆਂ ਹੀ ਉਸ ਨਾਲ ਘੁਲ ਮਿਲ ਗਈ ਸੀ। ਇਸ ਕਰਕੇ ਉਹ ਉਹਨੂੰ ਨਾ ਤਾਂ ਪਿਓ

ਜੈਸਾ ਤੇ ਨਾ ਹੀ ਭਰਾ ਜੈਸਾ ਜਾਣ ਸਕੀ ਸੀ । ਇਸੇ ਤਰ੍ਹਾਂ ਸ਼ੇਖਰ ਵੀ ਉਸ ਨਾਲ ਪਿਆਰ ਕਰਦਾ ਹੋਇਆ ਆਪਣੇ ਪਿਆਰ ਦੇ ਦਰਜੇ ਨੂੰ ਨਹੀਂ ਸੀ ਸਮਝ ਸਕਿਆ । ਉਹ ਨੂੰ ਖਿਆਲ ਸੀ ਕਿ ਸ਼ਾਇਦ ਉਹ ਲਲਿਤਾ ਨੂੰ ਨਹੀਂ ਹਾਸਲ ਕਰ ਸਕੇਗਾ । ਸੋ ਪ੍ਰਦੇਸ ਜਾਣ ਤੋਂ ਪਹਿਲਾਂ ਉਹ ਉਹਦੇ ਗੱਲ ਵਿਚ ਹਾਰ ਪਾਕੇ, ਉਸ ਨਾਲ ਆਤਮਕ ਸਬੰਧ ਜੋੜ ਗਿਆ ਸੀ ਤੇ ਇਸ ਵਿੱਥ ਨੂੰ ਮੇਲ ਗਿਆ ਸੀ ।

ਬਾਹਰ ਪ੍ਰਦੇਸ ਵਿਚ ਬੈਠਾ, ਗੁਰਚਰਨ ਦੇ ਧਰਮ ਬਦਲਣ ਨੂੰ ਸੁਣਕੇ ਉਹ ਇਹੋ ਚਿੰਤਾ ਕਰਦਾ ਰਹਿੰਦਾ ਸੀ ਕਿ ਕਿਤੇ ਸੱਚ ਮੁਚ ਹੀ ਲਲਿਤਾ ਹੱਥੋਂ ਨ ਚਲੀ ਜਾਏ । ਔਖੀ ਹੋਵੇ ਜਾਂ ਸੌਖੀ, ਉਹ ਇਸ ਹੀ ਦੁਬਧਾ ਵਿਚ ਪਿਆ ਹੋਇਆ ਸੀ। ਅੱਜ ਲਲਿਤਾ ਦੇ ਸਾਫ ਸਾਫ ਕਹਿਣ ਤੇ ਉਸਨੇ ਵਿਚਾਰਾਂ ਨੂੰ ਉਲਟ ਕੇ ਬਿਲਕੁਲ ਦੂਜੇ ਪਾਸੇ ਬਦਲ ਦਿਤਾ । ਪਹਿਲਾਂ ਤਾਂ ਉਸ ਨੂੰ ਚਿੰਤਾ ਸੀ ਕਿ ਸ਼ਾਇਦ ਲਲਿਤਾ ਨ ਮਿਲ ਸਕੇ ਪਰ ਹੁਣ ਚਿੰਤਾ ਸੀ ਕਿ ਸ਼ਾਇਦ ਇਹ ਬਿੱਜ ਗਲੋਂ ਨਾ ਹੀ ਲਹਿ ਸਕੇ ।

ਸਿਆਮ ਬਾਜ਼ਾਰ ਵਾਲਾ ਸਾਕ ਵੀ ਰਹਿ ਚੁੱਕਾ ਸੀ। ਸ਼ਾਇਦ ਉਹ ਲੋਕ ਐਨਾ ਰੁਪਇਆ ਦੇਣ ਵਾਸਤੇ ਤਿਆਰ ਨਹੀਂ ਸਨ । ਸ਼ੇਖਰ ਦੀ ਮਾਂ ਨੂੰ ਵੀ ਉਹ ਲੜਕੀ ਪਸੰਦ ਨਹੀਂ ਆਈ ਸੀ ਭਾਵੇਂ ਸ਼ੇਖਰ ਨੂੰ ਉਸ ਬਲਾ ਪਾਸੋਂ ਛੁਟਕਾਰਾ ਮਿਲ ਗਿਆ ਸੀ, ਪਰ ਨਵੀਨ ਰਾਏ ਦਸ ਵੀਹ ਹਜ਼ਾਰ ਦੇ ਸੁਪਨੇ ਹਾਲੀ ਵੀ ਲੈ ਰਹੇ ਸਨ । ਤੇ ਉਹਨਾਂ ਨੂੰ ਇਸ ਸਾਕ ਦੇ ਟੁੱਟ ਜਾਣ ਦਾ ਯਕੀਨ ਵੀ ਨਹੀਂ ਸੀ ।

ਸ਼ੇਖਰ ਸੋਚ ਰਿਹਾ ਸੀ ਕੀ ਕੀਤਾ ਜਾਏ। ਉਹਦਾ ਉਸ ਦਿਨ ਦਾ ਉਹ ਮਖੌਲ ਜਿਹਾ ਇਹ ਸ਼ਕਲ ਫੜ ਲਏਗਾ ਤੇ ਲਲਿਤਾ ਸਚ ਮੁੱਚ ਹੀ ਸਮਝ ਲਏਗੀ ਕਿ ਉਸ ਦਾ ਵਿਆਹ ਹੋ ਚੁਕਾ ਹੈ, ਉਸ ਨੂੰ ਇਸ ਦੀ ਲਿਲਕੁਲ ਆਸ ਨਹੀਂ ਸੀ। ਲਲਿਤਾ ਸਮਝ ਲਏਗੀ ਕਿ ਕਿਸੇ ਸਬੰਧ ਨਾਲ ਵੀ ਇਸ ਤਰ੍ਹਾਂ ਦੇ ਵਿਆਹ ਵਿਚ ਫਰਕ ਨਹੀਂ ਪੈ ਸਕਦਾ, ਇਹ ਸਾਰੀਆਂ ਗੱਲਾਂ ਸ਼ੇਖਰ ਨੇ ਪਹਿਲਾਂ ਨਹੀਂ ਸਨ ਸੋਚੀਆਂ। ਇਹ ਵੀ ਉਹ ਆਪਣੇ ਮੂੰਹੋਂ ਕਹਿ ਚੁਕਾ ਸੀ ਕਿ 'ਜੋ ਹੋਣਾ ਹੈ ਹੋ ਚੁਕਾ, ਹੁਣ ਤਾਂ ਨਾ ਤੂੰ ਹੀ ਪਲਾ ਛੁਡਾ ਸਕਦੀ ਏਂ ਤੇ ਨਾ ਮੈਂ ਹੀ ਛੱਡ ਸਕਦਾ ਹਾਂ।' ਪਰ ਅੱਜ ਜਿਦਾਂ ਉਹ ਵਿਚਾਰ ਕੇ ਵੇਖ ਰਿਹਾ ਹੈ ਨਾ ਤਾਂ ਉਸ ਦਿਨ ਉਸ ਵਿਚ ਐਨੀ ਵਿਚਾਰਨ ਦੀ ਸ਼ਕਤੀ ਹੀ ਸੀ ਤੇ ਨਾ ਹੀ ਹੌਂਸਲਾ।

ਉਸ ਵੇਲੇ ਸਿਰ ਤੇ ਚੰਦ ਦੀ ਚਾਨਣੀ ਤੇ ਠੰਡੀ ਰਾਤ ਸੀ। ਸਭ ਪਾਸੇ ਅਨੰਦ ਹੀ ਅਨੰਦ ਖਿੜਿਆ ਹੋਇਆ ਸੀ। ਗਲ ਵਿਚ ਫੁਲਾਂ ਦੀ ਮਾਲਾ ਪਿਆਰੀ ਦਾ ਕੋਮਲ ਮੁਖੜਾ ਆਪਣੀ ਛਾਤੀ ਤੇ ਰੱਖ ਕੇ ਉਸ ਦੀਆਂ ਬੁਲ੍ਹੀਆਂ ਦੀ ਛੋਹ ਦਾ ਨਸ਼ਾ, ਜਿਹਨੂੰ ਸ਼ੰਗਾਰ ਰਸ ਵਾਲਿਆਂ 'ਅੰਮ੍ਰਿਤ' ਆਖਿਆ ਹੈ, ਪੀਕੇ ਉਹ ਮਸਤ ਹੋ ਰਿਹਾ ਸੀ। ਉਸ ਵੇਲੇ ਆਪਣੀਆਂ ਓੜਾਂ ਥੋੜਾਂ ਜਾਂ ਭਲਾਈ ਬੁਰਾਈ ਦਾ ਕੋਈ ਖਿਆਲ ਨਹੀਂ ਸੀ। ਨਾ ਆਪਣੇ ਪੈਸੇ ਦੇ ਪੁਤ੍ਰ ਪਿਓ ਦੀ ਭੈੜੀ ਸ਼ਕਲ ਹੀ ਅੱਖਾਂ ਅਗੇ ਆਈ ਸੀ, ਸੋਚਿਆ ਸੀ ਕਿ ਮਾਂ ਤਾਂ ਲਲਿਤਾ ਨੂੰ ਪਿਆਰ ਕਰਦੀ ਹੈ, ਉਹਨੂੰ ਮਨਾ ਲੈਣ ਵਿਚ ਕੋਈ ਔਖਿਆਈ ਨਹੀਂ ਆਉਣ ਲਗੀ। ਪਿਤਾ ਜੀ ਨੂੰ ਮਾਂ ਦੀ

ਰਾਹੀਂ ਮਨਾ ਲਿਆ ਜਾਵੇਗਾ। ਇਸ ਤੋਂ ਬਿਨਾਂ ਗੁਰਚਰਨ ਨੇ ਆਪਣਾ ਧਰਮ ਬਦਲ ਕੇ ਇਹਨਾਂ ਦੋਹਾਂ ਦੇ ਰਾਹ ਵਿਚ ਪੱਥਰ ਨਹੀਂ ਸਨ ਰੱਖ ਦਿਤੇ। ਉਸ ਵੇਲੇ ਇਹ ਸਭ ਕੁਝ ਠੀਕ ਤੇ ਸੌਖਾ ਲਗਦਾ ਸੀ।

ਅਸਲ ਵਿਚ ਸ਼ੇਖਰ ਨੂੰ ਫਿਕਰ ਕਰਨ ਦੀ ਕੋਈ ਖਾਸ ਲੋੜ ਨਹੀਂ ਸੀ। ਹੁਣ ਉਹ ਸਮਝ ਰਿਹਾ ਸੀ ਕਿ ਪਿਤਾ ਨੂੰ ਮਨਾਉਣਾ ਤਾਂ ਇਕ ਪਾਸੇ ਰਿਹਾ, ਮਾਂ ਨੂੰ ਹੀ ਨਹੀਂ ਮਨਾਇਆ ਜਾ ਸਕਣਾ। ਇਹ ਵਿਆਹ ਦੀ ਗੱਲ ਤਾਂ ਹੁਣ ਉਹ ਮੂੰਹੋਂ ਹੀ ਨਹੀਂ ਸੀ ਕੱਢ ਸਕਦਾ।

ਸ਼ੇਖਰ ਨੇ ਇਕ ਠੰਢਾ ਹੌਕਾ ਲੈਕੇ ਫੇਰ ਗੱਲ ਨੂੰ ਦੁਹਰਾਇਆ, ਕੀ ਕੀਤਾ ਜਾਏ, ਉਹ ਲਲਿਤਾ ਨੂੰ ਚੰਗੀ ਤਰ੍ਹਾਂ ਜਾਣਦਾ ਹੈ, ਉਸਨੇ ਇਹਨੂੰ ਆਪ ਹੀ ਬਚਾਇਆ ਹੈ—ਇਕ ਵਾਰੀ ਜਿਸਨੂੰ ਉਹ ਧਰਮ ਸਮਝਕੇ ਅੰਗੀਕਾਰ ਕਰ ਚੁਕੀ ਹੈ ਉਹਨੂੰ ਕਿਦਾਂ ਛੱਡ ਦੇਵੇ। ਉਹ ਸਮਝੀ ਬੈਠੀ ਹੈ ਕਿ ਮੈਂ ਸ਼ੇਖਰ ਦੀ ਧਰਮਪਤਨੀ ਹਾਂ, ਇਸੇ ਕਰਕੇ ਉਹ ਅੰਨ੍ਹੇਰੇ ਵਿਚ ਉਹਦੇ ਪਾਸ ਛਾਤੀ ਨਾਲ ਮੂੰਹ ਲਾਕੇ ਆ ਖੜੀ ਹੋਈ ਸੀ।

ਗਿਰੀ ਨੰਦ ਨਾਲ ਉਸਦੇ ਵਿਆਹ ਦੀ ਗਲ ਬਾਤ ਤਾਂ ਹੋ ਰਹੀ ਹੈ, ਪਰ ਕੋਈ ਵੀ ਉਸ ਨੂੰ ਇਸ ਗੱਲ ਵਾਸਤੇ ਰਾਜੀ ਨਹੀਂ ਕਰ ਸਕਦਾ। ਹੁਣ ਤਾਂ ਉਹ ਕਿਸੇ ਤਰ੍ਹਾਂ ਵੀ ਚੁੱਪ ਨਹੀਂ ਰਹਿ ਸਕੇਗੀ। ਹੁਣ ਉਹ ਸਭ ਕੁਝ ਪ੍ਰਗਟ ਕਰ ਦੇਵੇਗੀ ਸ਼ੇਖਰ ਦਾ ਮੂੰਹ ਤੇ ਅੱਖਾਂ ਚਮਕ ਪਈਆਂ। ਅਸਲ ਵਿਚ ਗੱਲ ਵੀ ਠੀਕ ਹੈ, ਉਹ ਸਿਰਫ ਹਾਰ ਪਾਕੇ ਹੀ ਬੱਸ ਨਹੀਂ ਸੀ ਕਰ ਗਿਆ, ਉਸਨੇ ਉਹਨੂੰ ਚੁੰਮਿਆ ਵੀ ਸੀ ਤੇ ਛਾਤੀਨਾਲ

ਵੀ ਲਾਇਆ ਸੀ ਉਸ ਨੂੰ ਏਸਦਾ ਬੀ ਹੱਕ ਸੀ, ਲਲਿਤਾ ਨੇ ਕੋਈ ਨਾਂਹ ਨੁਕਰ ਨਹੀਂ ਸੀ ਕੀਤੀ। ਇਸੇ ਕਰਕੇ ਨਹੀਂ ਸੀ ਕੀਤੀ ਕਿ ਇਸ ਵਿਚ ਉਸਦਾ ਕੋਈ ਕਸੂਰ ਨਹੀਂ ਸੀ। ਇਸਦਾ ਉਸ ਨੂੰ ਪਤਨੀ ਦੇ ਰੂਪ ਵਿਚ ਅਖਤਿਆਰ ਸੀ, ਇਸੇ ਕਰਕੇ ਉਸਨੇ ਨਾਂਹ ਨੁਕਰ ਨਹੀਂ ਸੀ ਕੀਤੀ। ਹੁਣ ਇਹਨਾਂ ਗੱਲਾਂ ਦਾ ਉਹ ਕਿਸੇ ਦੇ ਸਾਹਮਣੇ ਕੀ ਜਵਾਬ ਦੇਵੇਗਾ ?

ਇਹ ਵੀ ਪੱਕੀ ਹੈ ਕਿ ਬਿਨਾਂ ਮਾਂ ਬਾਪ ਨੂੰ ਰਾਜ਼ੀ ਕੀਤੇ ਦੇ ਉਹ ਲਲਿਤਾ ਨਾਲ ਵਿਆਹ ਨਹੀਂ ਕਰਵਾ ਸਕਦਾ। ਪਰ ਗਿਰੀ ਨੰਦ ਨਾਲ ਲਲਿਤਾ ਦਾ ਵਿਆਹ ਨਾ ਹੋਣ ਵਿਚ ਉਹ ਘਰ ਬਾਹਰ ਕਿੱਦਾਂ ਮੂੰਹ ਦਿਖਾ ਸਕੇਗਾ।

--o--

## ੧੦.

ਨਾ ਹੋ ਸਕਣ ਦੇ ਖਿਆਲ ਨਾਲ ਸ਼ੇਖਰ ਨੇ ਲਲਿਤਾ ਦੀ ਆਸ ਬਿਲਕੁਲ ਹੀ ਲਾਹ ਛਡੀ ਸੀ। ਸ਼ੁਰੂ ਵਿਚ ਉਹ ਕੁਝ ਦਿਨ ਮਨ ਵਿਚ ਡਰਦਾ ਰਿਹਾ ਕਿ ਜੇ ਕਿਤੇ ਅਚਾਨਕ ਉਹ ਆ ਜਾਏ ਤਾਂ ਸਾਰੀਆਂ ਗੱਲਾਂ ਪ੍ਰਗਟ ਨਾ ਕਰ ਦੇਵੇ। ਇਸ ਤੇ ਉਹਨੂੰ ਸਾਰਿਆਂ ਦੇ ਸਾਹਮਣੇ ਜਵਾਬ ਦੇਣਾ ਨਾ ਪੈ ਜਾਏ। ਪਰ ਕਿਸੇ ਨੇ ਉਸ ਪਾਸੋਂ ਕੁਝ ਨਹੀਂ ਪੁਛਿਆ। ਕੋਈ ਗਲ ਨਹੀਂ ਹੋਈ, ਇਥੋਂ ਤਕ ਕਿ ਇਸ ਘਰ ਵਾਲਿਆਂ ਦਾ ਉਸ ਘਰ ਆਉਣਾ ਜਾਣਾ ਵੀ ਨਹੀਂ ਹੋ ਸਕਿਆ।

ਸ਼ੇਖਰ ਦੇ ਕਮਰੇ ਦੇ ਸਾਹਮਣੇ ਜੋ ਖੁਲ੍ਹੀ ਹੋਈ ਛੱਤ

ਹੈ, ਉਸਤੇ ਖੜ੍ਹੇ ਹੋਣ ਨਾਲ ਲਲਿਤਾ ਦੇ ਘਰ ਦੀ ਛੱਤ ਦਾ ਬਹੁਤ ਸਾਰਾ ਹਿੱਸਾ ਦਿੱਸਦਾ ਹੈ। ਕਿਤੇ ਲਲਿਤਾ ਮੱਥੇ ਨਾ ਲੱਗ ਜਾਏ, ਏਸ ਡਰ ਦੇ ਮਾਰਿਆਂ ਸ਼ੇਖਰ ਛੱਤ ਤੇ ਵੀ ਖੜਾ ਨਹੀਂ ਹੁੰਦਾ। ਪਰ ਜਦੋਂ ਬਿਨਾਂ ਕਿਸੇ ਵਿਘਨ ਦੇ ਮਹੀਨਾ ਲੰਘ ਗਿਆ ਤਾਂ ਉਹ ਬੇਫਿਕਰੀ ਦਾ ਸਾਹ ਲੈ ਕੇ ਮਨ ਹੀ ਮਨ ਵਿਚ ਆਖਣ ਲੱਗਾ, ਭਾਵੇਂ ਕੁਝ ਵੀ ਹੈ, ਔਰਤਾਂ ਦੀ ਸ਼ਰਮ ਦੀ ਪ੍ਰਸਿੱਧੀ ਹੀ ਹੈ। ਉਹ ਇਹ ਸਾਰੀਆਂ ਗੱਲਾਂ ਕਦੇ ਵੀ ਪ੍ਰਗਟ ਨਹੀਂ ਕਰ ਸਕਦੀ। ਸ਼ੇਖਰ ਨੇ ਸੁਣ ਰਖਿਆ ਸੀ ਕਿ ਔਰਤਾਂ ਦੀ ਛਾਤੀ ਭਾਵੇਂ ਫੱਟ ਜਾਏ, ਪਰ ਇਹ ਮੂੰਹੋਂ ਨਹੀਂ ਫੁੱਟ ਦੀਆਂ। ਇਸ ਗਲ ਦਾ ਉਹਨੂੰ ਪੱਕਾ ਯਕੀਨ ਹੋ ਗਿਆ ਹੈ। ਰੱਬ ਨੇ ਉਨ੍ਹਾਂ ਨੂੰ ਐਨਾਂ ਸਿਦਕ ਦਿਤਾ ਹੈ, ਇਸ ਗੱਲ ਦੀ ਉਹਨੇ ਮਨ ਹੀ ਮਨ ਵਿਚ ਵਡਿਆਈ ਵੀ ਕੀਤੀ। ਪਰ ਫੇਰ ਵੀ ਉਹ ਸ਼ਾਂਤ ਨ ਹੋ ਸਕਿਆ। ਜਦੋਂ ਤੋਂ ਉਹ ਸਮਝ ਗਿਆ ਹੈ ਕਿ ਹੁਣ ਕੋਈ ਡਰ ਦੀ ਗੱਲ ਨਹੀਂ, ਉਸ ਵੇਲੇ ਤੋਂ ਉਸਦੀ ਛਾਤੀ ਵਿਚ ਇਕ ਅਸਹਿ ਜਲਨ ਹੋ ਰਹੀ ਹੈ। ਰਹਿ ਰਹਿ ਕੇ ਉਸਦਾ ਦਿਲ ਇਸ ਤੜਪ ਨਾਲ ਤੜਪ ਉਠਦਾ ਹੈ। ਕੀ ਹੁਣ ਲਲਿਤਾ ਕੁਝ ਨਹੀਂ ਆਖੇਗੀ? ਹੋਰ ਕਿਸੇ ਦੇ ਹੱਥ ਵਿਚ ਆਪਣੇ ਆਪ ਨੂੰ ਸੌਂਪਣ ਵੇਲੇ ਤਕ ਉਹ ਚੁੱਪ ਹੀ ਕਰ ਰਹੇਗੀ ? ਇਹ ਸੋਚਕੇ ਕਿ ਉਹਦਾ ਵਿਆਹ ਹੋ ਚੁਕਿਆ ਹੈ, ਉਹ ਆਪਣੇ ਪਤੀ ਦੇ ਘਰ ਚਲੀ ਗਈ ਹੈ,ਉਸਦੇ ਤਨ, ਮਨ ਨੂੰ ਅਗ ਕਿਉਂ ਲੱਗ ਜਾਂਦੀ ਹੈ?

ਪਹਿਲਾਂ ਇਹ ਬਾਹਰ ਨੂੰ ਨਾ ਜਾਣ ਕਰਕੇ ਛੱਤ ਤੇ ਹੀ ਟਹਿਲ ਲਿਆ ਕਰਦਾ ਸੀ, ਹੁਣ ਵੀ ਉਹ ਛੱਤ ਤੇ

ਟਹਿਲਣ ਲਗਾ ਹੈ, ਪਰ ਕਿਸੇ ਦਿਨ ਵੀ ਉਹਨੂੰ ਉਸ ਘਰ ਦਾ ਕੋਈ ਵੀ ਨਹੀਂ ਦਿਸਿਆ। ਸਿਰਫ ਇਕ ਦਿਨ 'ਕਾਲੀ' ਕਿਸੇ ਕੰਮ ਛੱਤ ਤੇ ਆਈ ਸੀ। ਉਹਨੇ ਅੱਖਾਂ ਨੀਵੀਆਂ ਪਾ ਲਈਆਂ ਤੇ ਸ਼ੇਖਰ ਦੇ ਇਰਾਦਿਆਂ ਕਰਦਿਆਂ ਕਰਦਿਆਂ ਉਹ ਇਹਨੂੰ ਬੁਲਾਏ ਜਾਂ ਕੇ ਨਾ ਬੁਲਾਏ, ਉਹ ਅੱਖਾਂ ਤੋਂ ਦੂਰ ਹੋ ਗਈ, ਉਸਨੇ ਸਮਝ ਲਿਆ ਕਿ ਅਸਾਂ ਜੋ ਛੱਤ ਦਾ ਰਾਹ ਬੰਦ ਕਰ ਲਿਆ ਹੈ, ਇਸ ਦਾ ਮਤਲਬ ਛੋਟੀ ਜਹੀ ਕਾਲੀ ਵੀ ਸਮਝ ਗਈ ਹੈ।

ਇਕ ਮਹੀਨਾ ਹੋਰ ਲੰਘ ਗਿਆ।

ਇਕ ਦਿਨ ਭਵਨੇਸ਼ਰੀ ਨੇ ਆਖਿਆ, 'ਏਧਰ ਤੂੰ ਲਲਿਤਾ ਨੂੰ ਵੇਖਿਆ ਹੈ ਸ਼ੇਖਰ ਸ਼ੇਖਰ ਨੇ ਸਿਰ ਹਿਲਾਕੇ ਆਖਿਆ, ਨਹੀਂ ਕੀ ਗੱਲ ਹੈ।

ਮਾਂ ਨੇ ਕਿਹਾ, ਦੋ ਮਹੀਨਿਆਂ ਪਿਛੋਂ ਮੈਂ ਕਲ ਉਹਨੂੰ ਕੋਠੇ ਚੜ੍ਹਕੇ ਵੇਖਿਆ ਸੀ ਤਾਂ ਮੈਂ ਸੱਦਿਆ। ਪਤਾ ਨਹੀਂ ਕੁੜੀਨੂੰ ਕੀ ਹੋ ਗਿਆ ਹੈ, ਮਾੜੀ ਜਹੀ ਹੋ ਗਈ ਹੈ, ਇਉਂ ਮਲੂਮ ਹੁੰਦਾ ਹੈ, ਜਿਦਾਂ ਦੱਸ ਸਾਲ ਵੱਡੀ ਹੋ ਗਈ ਹੈ। ਐਨੀ ਸਿਆਣੀ ਜਹੀ ਤੇ ਕੋਈ ਨਹੀਂ ਆਖ ਸਕਦਾ ਜੋ ਇਹ ਚੌਦਾਂ ਸਾਲਾਂ ਦੀ ਕੁੜੀ ਹੈ, ਆਖਦਿਆਂ ਆਖਦਿਆਂ ਉਹਦੀਆਂ ਅੱਖਾਂ ਭਰ ਆਈਆਂ, ਹੱਥਾਂ ਨਾਲ ਅੱਖਾਂ ਪੂੰਝਦੀ ਹੋਈ ਕਹਿਣ ਲੱਗੀ, ਮੈਲੀ ਜਹੀ ਧੋਤੀ ਪਹਿਨੀ ਹੋਈ, ਪੱਲੇ ਤੇ ਟਾਕੀ ਲੱਗੀ ਹੋਈ। ਮੈਂ ਪੁਛਿਆ ਤੇਰੇ ਕੋਲ ਹੋਰ ਧੋਤੀ, ਕੋਈ ਨਹੀਂ?

ਉਸਨੇ ਆਖਿਆ ਹੈ, ਪਰ ਮੈਨੂੰ ਯਕੀਨ ਨ ਆਇਆ

ਕਦੇ ਵੀ ਉਸਨੇ ਆਪਣੇ ਮਾਮੇ ਦੇ ਦਿੱਤੇ ਹੋਏ ਕਪੜੇ ਨਹੀਂ ਸਨ ਪਾਏ, ਮੈਂ ਹੀ ਕਪੜੇ ਦੇਂਦੀ ਹੁੰਦੀ ਸਾਂ, ਸੋ ਮੈਂ ਛੇਆਂ ਸੱਤਾਂ ਮਹੀਨਿਆਂ ਤੋਂ ਕੁਝ ਦੇ ਵੀ ਨਹੀਂ ਸਕੀ, ਇਸ ਤੋਂ ਅਗੇ ਉਸ ਪਾਸੋਂ ਕੁਝ ਵੀ ਨ ਬੋਲਿਆ ਗਿਆ ਉਹ ਪਲੇ ਨਾਲ ਅਖਾਂ ਪੂੰਝਣ ਲਗ ਪਈ, ਅਸਲ ਵਿਚ ਉਹ ਲਲਿਤਾ ਨੂੰ ਆਪਣੀ ਧੀ ਵਾਂਗ ਹੀ ਪਿਆਰ ਕਰਦੀ ਸੀ।

ਸ਼ੇਖਰ ਦੂਜੇ ਪਾਸੇ ਧਿਆਨ ਕਰਕੇ ਚੁੱਪ ਚਾਪ ਬੈਠਾ ਰਿਹਾ।

ਕਈਆਂ ਚਿਰਾਂ ਪਿਛੋਂ ਮਾਂ ਫਿਰ ਆਖਣ ਲੱਗੀ, ਮੇਰੇ ਬਿਨਾਂ ਉਸਨੇ ਹੋਰ ਕਿਸੇ ਪਾਸੋਂ ਕੁਝ ਮੰਗਿਆ ਵੀ ਨਹੀਂ ਸੀ ਕਦੇ ਵੇਲੇ ਕੁਵੇਲੇ ਭੁੱਖ ਲੱਗੇ ਤਾਂ ਉਹ ਮੂੰਹੋਂ ਕਦੇ ਕਿਸੇ ਪਾਸੋਂ ਕੁਝ ਨਹੀਂ ਸੀ ਮੰਗਦੀ, ਮੈ ਹੀ ਉਹਨੂੰ ਖਾਣ ਨੂੰ ਦੇਂਦੀ ਹੁੰਦੀ ਸਾਂ, ਉਹ ਮੇਰੇ ਲਾਗੇ ਚਾਗੇ ਹੀ ਘੁਮਦੀ ਰਹਿੰਦੀ ਸੀ, ਮੈਂ ਉਹਦਾ ਮੂੰਹ ਵੇਖਕੇ ਹੀ ਸਮਝ ਜਾਂਦੀ ਸਾਂ ਕਿ ਇਹ ਭੁੱਖੀ ਹੈ ਜਾਂ ਰੱਜੀ ਹੋਈ ਹੈ, ਮੈਨੂੰ ਹੁਣ ਵੀ ਖਿਆਲ ਆਉਂਦਾ ਹੈਕਿ ਸ਼ਾਇਦ ਉਹ ਹੁਣ ਵੀ ਉਸੇਤਰਾਂ ਭੁਖੀਪਈ ਫਿਰਦੀਹੋਵੇ ਗੀ, ਪਰ ਕਿਸੇ ਨੂੰ ਉਸਦਾ ਕੁਝ ਖਿਆਲ ਨਹੀਂ ਆਉਂਦਾ ਹੋਵੇਗਾ ਨ ਤਾਂ ਕੋਈ ਉਹਦੀ ਗੱਲ ਹੀ ਸਮਝ ਸਕਦਾ ਹੈ ਤੇ ਨਾ ਹੀ ਕੋਈ ਪੁੱਛਦਾ ਹੈ, ਮੈਨੂੰ ਹੀ ਉਹ 'ਮਾਂ' ਆਖਦੀ ਹੁੰਦੀ ਸੀ ਤੇ ਮਾਂ ਵਾਂਗੂ ਹੀ ਸਮਝਦੀ ਹੁੰਦੀ ਸੀ।

ਸ਼ੇਖਰ ਨੇ ਹੌਂਸਲਾ ਕੀਤਾ ਕਿ ਉਹ ਮਾਂ ਦੇ ਮੂੰਹ ਵਲ ਵੇਖ ਸਕੇ, ਪਰ ਨ ਵੇਖ ਸਕਿਆ, ਜਿਸ ਪਾਸੇ ਵੇਖ ਰਿਹਾ ਸੀ ਉਧਰ ਹੀ ਵੇਖਦਾ ਹੋਇਆ ਕਹਿਣ ਲੱਗਾ, ਮੰਨਿਆਂ ਲਾਲੋ

ਹਰਾਂ ਐਥੇ ਹੋਕੇ ਇਕ ਗਲ ਤਾਂ ਕਰ ਲਈ ਹੈ, ਅਸੀਂ ਲੋਕ ਤਾਂ ਬਗਾਨੇ ਨਹੀਂ ਹੋ ਗਏ। ਚਾਹੀਦਾ ਤਾਂ ਇਹ ਸੀ ਕਿ ਕੁਝ ਪ੍ਰਾਸਚਿਤ ਕਰਵਾ ਕੇ ਮੁਆਮਲੇ ਨੂੰ ਅੰਦਰੇ ਅੰਦਰ ਹੀ ਦਬਾ ਦੇਂਦੇ। ਇਹ ਤਾਂ ਕੀਤਾ ਨਹੀਂ ਸਗੋਂ ਤੋੜਕੇ ਪਿਛਾਂਹ ਬਿਠਾ ਦਿਤਾ ਹੈ। ਸੱਚ ਤਾਂ ਇਹ ਹੈ ਕਿ ਬਾਬੂ ਜੀ ਹੋਰਾਂ ਪਾਸੋਂ ਹੀ ਤੰਗ ਆਕੇ ਵਿਚਾਰੇ ਨੂੰ ਦੀਨੋਂ ਬੇਦੀਨ ਹੋਣਾ ਪਿਆ ਹੈ। ਲੜਾਈ ਹਰ ਵੇਲੇ ਦੀ ਲੜਾਈ–ਜੇ ਦਿਲ ਪਾਟ ਜਾਣ ਤਾਂ ਆਦਮੀ ਸਭ ਕੁਝ ਕਰ ਦੇਂਦਾ ਹੈ! ਮੈਂ ਤਾਂ ਆਖਦਾ ਹਾਂ ਕਿ ਉਹਨੇ ਇਕ ਗਲੋਂ ਚੰਗਾ ਹੀ ਕੀਤਾ ਹੈ। ਉਹ ਗਰੀਨ ਲੜਕਾ ਕਿਤੇ ਉਹਨੂੰ ਸਾਡੇ ਨਾਲੋਂ ਜ਼ਿਆਦਾ ਸਕਾ ਹੈ? ਜੇ ਉਸ ਨਾਲ ਲਲਿਤਾ ਦਾ ਵਿਆਹ ਹੋ ਜਾਵੇ ਤਾਂ......ਸੱਚ ਮਾਂ ਲਲਿਤਾ ਨੂੰ ਸਦ ਕੇ ਪੁੱਛ ਕਿਉਂ ਨਹੀਂ ਲੈਂਦੇ। ਕਿ ਉਸ ਨੂੰ ਕੀ ਕੀ ਚਾਂਹੀਦਾ ਹੈ?

ਪਰ ਉਹ ਲਏਗੀ ਨਹੀਂ, ਮੈਂ ਵੀ ਕਿਸ ਮੂੰਹ ਨਾਲ ਆਖਾਂ, ਲਾਲੇ ਹੋਰਾਂ ਤਾਂ ਉਹਨਾਂ ਦੇ ਆਉਣ ਜਾਣ ਦਾ ਰਾਹ ਹੀ ਬੰਦ ਕਰ ਦਿੱਤਾ ਹੈ।

ਸੁਣਿਆਂ ਹੈ ਕਿ ਅਗਲੇ ਮਹੀਨੇ ਵਿਆਹ ਹੋ ਜਾਇਗਾ।

ਇਕ ਵਾਰੀ ਹੀ ਸ਼ੇਖਰ ਨੇ ਮਾਂ ਵੱਲ ਮੂੰਹ ਕਰਕੇ ਆਖਿਆ, ਸੱਚ! ਅਗਲੇ ਮਹੀਨੇ ਹੋ ਜਾਇਗਾ?

'ਸੁਣ ਤਾਂ ਏਦਾਂ ਹੀ ਰਹੀ ਹਾਂ।'

ਸ਼ੇਖਰ ਨੇ ਹੋਰ ਕੁਝ ਨ ਪੁਛਿਆ।

ਮਾਂ ਕੁਝ ਚਿਰ ਚੁਪ ਰਹਿਕੇ ਆਖਣ ਲੱਗੀ, "ਲਲਿਤਾ ਦੇ ਮੂੰਹੋਂ ਹੀ ਸੁਣਿਆਂ ਸੀ ਕਿ ਉਸਦੇ ਮਾਮੇ ਦੀ ਤਬੀਅਤ

ਅੱਜ ਕੱਲ ਠੀਕ ਨਹੀਂ ਰਹਿੰਦੀ । ਇਹ ਠੀਕ ਈ ਹੋਣਾ ਹੈ। ਇੱਕ ਤਾਂ ਉਹਦਾ ਮਨ ਅੱਗੇ ਦੁਖੀ ਹੈ, ਦੂਜਾ ਘਰ ਵਿੱਚ ਹਰ ਵੇਲੇ ਰੋਣਾ ਪਿੱਟਣਾ ਪਿਆ ਰਹਿੰਦਾ ਹੈ। ਵਿਚਾਰੇ ਨੂੰ ਇੱਕ ਮਿੰਟ ਵੀ ਤਾਂ ਸ਼ਾਂਤੀ ਨਹੀਂ ਮਿਲਦੀ।''

ਸ਼ੇਖਰ ਚੁੱਪ ਚਾਪ ਸੁਣ ਰਿਹਾ ਸੀ ਤੇ ਉਹ ਹੁਣ ਵੀ ਚੁੱਪ ਕਰ ਰਿਹਾ। ਥੋੜੇ ਚਿਰ ਪਿੱਛੋਂ ਉਹ ਉਠਕੇ ਆਪਣੇ ਬਿਸਤਰੇ ਤੇ ਜਾ ਪਿਆ ਤੇ ਲਲਿਤਾ ਦੀ ਬਾਬਤ ਸੋਚਣ ਲੱਗਾ।

ਜਿਸ ਗਲੀ ਵਿਚ ਸ਼ੇਖਰ ਦਾ ਮਕਾਨ ਸੀ, ਉਹ ਐਨੀ ਖੁਲ੍ਹੀ ਨਹੀਂ ਸੀ ਕਿ ਉਸ ਵਿਚ ਦੋ ਗੱਡੀਆਂ ਸੌਖੀ ਤਰ੍ਹਾਂ ਜਾ ਸਕਣ। ਇਕ ਗੱਡੀ ਜਿਨਾਂ ਚਿਰ ਚੰਗੀ ਤਰ੍ਹਾਂ ਇੱਕ ਪਾਸੇ ਅੜਕੇ ਨਾ ਖਲੋ ਜਾਵੇ, ਦੂਜੀ ਗੱਡੀ ਉਸਦੇ ਪਾਸ ਦੀ ਨਹੀਂ ਸੀ ਗੁਜ਼ਰ ਸਕਦੀ। ਅੱਠਾਂ ਦਸਾਂ ਦਿਨਾਂ ਪਿੱਛੋਂ ਇੱਕ ਦਿਨ ਸ਼ੇਖਰ ਦੀ ਦਫਤਰ ਦੀ ਗੱਡੀ ਕਿਸੇ ਰੋਕ ਦੇ ਕਾਰਨ, ਗੁਰਚਰਨ ਦੇ ਮਕਾਨ ਦੇ ਸਾਹਮਣੇ ਰੁਕ ਕੇ ਖਲੋ ਗਈ। ਸ਼ੇਖਰ ਦਫਤਰੋਂ ਆ ਰਿਹਾ ਸੀ ਉਤਰ ਕੇ ਪੁਛਣ ਤੇ ਪਤਾ ਲਗਾ ਕਿ ਡਾਕਟਰ ਆਇਆ ਹੈ।

ਉਸਨੇ ਕੁਝ ਦਿਨ ਪਹਿਲਾਂ ਮਾਂ ਪਾਸੋਂ ਸੁਣਿਆਂ ਸੀ ਕਿ ਗੁਰਚਰਨ ਦੀ ਤਬੀਅਤ ਠੀਕ ਨਹੀਂ। ਇਸ ਗਲ ਦਾ ਖਿਆਲ ਕਰਕੇ ਉਹ ਆਪਣੇ ਘਰ ਨਹੀਂ ਗਿਆ। ਸਿੱਧਾ ਗੁਰਚਰਨ ਦੇ ਕਮਰੇ ਵਿੱਚ ਜਾ ਪਹੁੰਚਾ। ਗਲ ਬਿਲਕੁਲ ਸੱਚੀ ਨਿਕਲੀ ਗੁਰਚਰਨ ਮੁਰਦਿਆਂ ਵਾਂਗੂ ਬਿਸਤਰੇ ਉਤੇ ਪਿਆ ਹੋਇਆ ਸੀ। ਇਕ ਪਾਸੇ ਲਲਿਤਾ ਤੇ ਗਿਰੀ ਨੰਦ ਸੁੱਕੇ ਮੂੰਹਾਂ ਨਾਲ ਬੈਠੇ ਹੋਏ ਹਨ ਦੂਜੇ ਪਾਸੇ ਡਾਕਟਰ ਬੈਠਾ

ਰੋਗੀ ਨੂੰ ਵੇਖ ਰਿਹਾ ਹੈ।

ਗੁਰਚਰਨ ਨੇ ਉਸਨੂੰ ਲੜ ਖੜਾਉਂਦੀ ਹੋਈ ਅਵਾਜ਼ ਵਿਚ ਬਹਿਣ ਲਈ ਕਿਹਾ ਤੇ ਲਲਿਤਾ ਜਰਾ ਪੱਲਾ ਠੀਕ ਕਰਕੇ ਦੂਜੇ ਪਾਸੇ ਮੂੰਹ ਕਰਕੇ ਬੈਠ ਗਈ।

ਡਾਕਟਰ ਮਹੱਲੇ ਦਾ ਹੀ ਹੈ ਤੇ ਸ਼ੇਖਰ ਨੂੰ ਜਾਣਦਾ ਹੈ। ਰੋਗੀ ਨੂੰ ਵੇਖ ਕੇ ਤੇ ਦਵਾ ਆਦਿ ਦੱਸ ਕੇ ਉਹ ਬਾਹਰ ਸ਼ੇਖਰ ਪਾਸ ਆ ਕੇ ਬਹਿ ਗਿਆ ਹੈ। ਪਿੱਛੋਂ ਗਿਰੀ ਨੰਦ ਜਦ ਰੁਪੈ ਦੇਕੇ ਡਾਕਟਰ ਨੂੰ ਵਿਦਿਆ ਕਰਨ ਲੱਗਾ ਤਾਂ ਉਸਨੇ ਸਾਰਿਆਂ ਨੂੰ ਸਵਾਧਾਨ ਕਰਦੇ ਹੋਏ ਨੇ ਕਿਹਾ ਕਿ ਬੀਮਾਰੀ ਹਾਲੀ ਜ਼ਿਆਦਾ ਨਹੀਂ ਵਧੀ ਇਸ ਵੇਲੇ ਹਵਾ ਬਦਲਣ ਦੀ ਲੋੜ ਹੈ।

ਡਾਕਟਰ ਦੇ ਚਲੇ ਜਾਣ ਤੇ ਦੋਵੇਂ ਫੇਰ ਗੁਰਚਰਨ ਦੇ ਪਾਸ ਆਕੇ ਖਲੋ ਗਏ, ਲਲਿਤਾ ਇਸ਼ਾਰੇ ਨਾਲ ਗਿਰੀ ਨੰਦ ਨੂੰ ਬੁਲਾ ਕੇ ਹੌਲੀ ਹੌਲੀ ਕੁਝ ਕਹਿਣ ਲੱਗੀ।

ਸ਼ੇਖਰ ਸਾਹਮਣੇ ਦੀ ਕੁਰਸੀ ਤੇ ਬਹਿ ਕੇ ਸੁੰਨ ਹੋਕੇ ਗੁਰਚਰਨ ਵੱਲ ਵੇਖਦਾ ਰਿਹਾ।

ਗੁਰਚਰਣ ਪਹਿਲਾਂ ਤੋਂ ਹੀ ਸ਼ੇਖਰ ਵੱਲ ਪਾਸਾ ਮੋੜ ਕੇ ਸੌਂ ਰਹੇ ਸਨ। ਸ਼ੇਖਰ ਦੇ ਦੁਬਾਰਾ ਆਉਣ ਦਾ ਉਹਨਾਂ ਨੂੰ ਕੁਝ ਪਤਾ ਨਹੀਂ ਸੀ।

ਥੋੜਾ ਚਿਰ ਚੁਪ ਚਾਪ ਬਹਿ ਕੇ ਸ਼ੇਖਰ ਉਠ ਕੇ ਤੁਰ ਗਿਆ। ਤਦੋਂ ਤੱਕ ਗਿਰੀ ਨੰਦ ਤੇ ਲਲਿਤਾ ਉਸੇ ਤਰ੍ਹਾਂ ਹੌਲੀ ਹੌਲੀ ਆਪੋ ਵਿਚ ਦੀ ਘੁਸਰ ਮਸੋਰੀਆਂ ਕਰ ਰਹੇ ਸਨ। ਨਾ ਤਾਂ ਉਸਨੂੰ ਕਿਸੇ ਬਹਿਣ ਵਾਸਤੇ ਹੀ ਆਖਿਆ ਤੇ ਨਾ ਹੀ ਕਿਸੇ ਉਹਨਾਂ ਦੀ ਵਾਤ ਹੀ ਪੁਛੀ।

ਅਜ ਉਹ ਚੰਗੀ ਤਰ੍ਹਾਂ ਸਮਝ ਗਿਆ ਕਿ ਲਲਿਤਾ ਨੇ ਹੁਣ ਉਸਨੂੰ ਉਸ ਨਾ ਟੁੱਟ ਸਕਣ ਵਾਲੇ ਬੰਧਨ ਤੋਂ ਖਲਾਸੀ ਦੇ ਦਿੱਤੀ ਹੈ। ਹੁਣ ਉਹ ਅਰਾਮ ਦਾ ਸਾਹ ਲੈ ਸਕਦਾ ਹੈ। ਹੁਣ ਕੋਈ ਸ਼ੱਕ ਨਹੀਂ। ਹੁਣ ਲਲਿਤਾ ਉਹਨੂੰ ਕਦੇ ਨਾ ਫਸਾਏਗੀ। ਘਰ ਆ ਕੇ ਉਹਨੂੰ ਘੜੀ ਮੁੜੀ ਖਿਆਲ ਆਉਣ ਲੱਗੇ, ਉਹ ਆਪਣੀ ਅੱਖੀਂ ਵੇਖ ਆਇਆ ਸੀ ਕਿ ਗਿਰੀ ਨੰਦ ਹੀ ਉਹਨਾਂ ਦੇ ਘਰ ਦਾ ਸੱਕਾ ਸੋਧਰਾ ਹੈ। ਸਾਰਿਆਂ ਦਾ ਭਰੋਸਾ ਉਸੇ ਤੇ ਹੈ, ਲਲਿਤਾ ਦੀ ਆਉਣ ਵਾਲੀ ਜ਼ਿੰਦਗੀ ਦਾ ਵੀ ਉਹੋ ਸਹਾਰਾ ਹੈ। ਹੁਣ ਮੈਂ ਉਹਦਾ ਕੋਈ ਨਹੀਂ ਲਗਦਾ ਇਹੋ ਜਹੀ ਔਖਿਆਈ ਵੇਲੇ ਲਲਿਤਾ ਮੇਰੀ ਸਲਾਹ ਦੀ ਵੀ ਜ਼ਰੂਰਤ ਨਹੀਂ ਸਮਝਦੀ।

ਉਹ ਇਕ ਵਾਰੀ ਹੀ 'ਆਹ!' ਆਖਕੇ ਇਕ ਗੱਦੀ ਦਾਰ ਕੁਰਸੀ ਤੇ ਸਿਰ ਝੁਕਾ ਕੇ ਬੈਠ ਗਿਆ। ਲਲਿਤਾ ਨੇ ਉਹਨੂੰ ਵੇਖ ਕੇ ਮੱਥੇ ਦਾ ਪੱਲਾ ਨੀਵਾਂ ਕਰਕੇ ਮੂੰਹ ਭੁਆ ਲਿਆ ਸੀ, ਜਾਣੀਦਾ ਉਹ ਬਿਲਕੁਲ ਹੀ ਓਪਰਾ ਸੀ। ਫੇਰ ਉਸੇ ਦੇ ਸਾਹਮਣੇ ਗਰੀਨ ਨੂੰ ਬੁਲਾ ਕੇ ਪਤਾ ਨਹੀਂ ਕੀ ਸਲਾਹਾਂ ਹੁੰਦੀਆਂ ਰਹੀਆਂ ਸਨ। ਸੁਵਾਦ ਦੀ ਗੱਲ ਇਹ ਕਿ ਇਕ ਦਿਨ ਉਸੇ ਦੇ ਨਾਲ ਥੀਏਟਰ ਜਾਣ ਤੋਂ ਲਲਿਤਾ ਨੂੰ ਰੋਕ ਦਿਤਾ ਸੀ।

ਉਸ ਨੇ ਫੇਰ ਇਕ ਵਾਰੀ ਸੋਚਣ ਦੀ ਕੋਸ਼ਸ਼ ਕੀਤੀ ਕਿ ਸ਼ਾਇਦ ਉਸਨੇ ਆਪੋ ਵਿਚ ਦੀ ਗੁਪਤ ਸਬੰਧ ਹੋ ਜਾਣ ਦੇ ਕਾਰਨ ਸ਼ਰਮ ਦੇ ਮਾਰਿਆਂ ਇਹ ਸਲੂਕ ਕੀਤਾ ਹੋਵੇਗਾ। ਪਰ ਇਹ ਵੀ ਕਿੱਦਾਂ ਹੋ ਸਕਦਾ ਸੀ। ਕੀ ਉਹ ਐਨਾ ਹੋ ਜਾਣ

ਤੇ ਕਿਸੇ ਬਹਾਨੇ ਇਕ ਗਲ ਵੀ ਉਸ ਪਾਸੋਂ ਨਹੀਂ ਸੀ ਪੁਛ ਸਕਦੀ ?

ਅਚਨਚੇਤ ਹੀ ਦਰਵਾਜ਼ੇ ਦੇ ਬਾਹਰੋਂ ਮਾਂ ਦੀ ਅਵਾਜ਼ ਸੁਣੀ ਗਈ। ਉਹ ਅਵਾਜ਼ਾਂ ਮਾਰ ਰਹੀ ਸੀ, "ਕਿਥੇ ਹੈਂ ਤੂੰ ਅਜੇ ਤਕ ਹਥ ਮੂੰਹ ਵੀ ਨਹੀਂ ਧੋਤਾ। ਰਾਤ ਪੈ ਰਹੀ ਹੈ।"

ਸ਼ੇਖਰ ਛੇਤੀ ਨਾਲ ਉੱਠ ਖਲੋਤਾ ਤੇ ਝੱਟ ਮੂੰਹ ਭੁਆ ਕੇ ਇਸ ਢੰਗ ਨਾਲ ਥੱਲੇ ਉਤਰ ਗਿਆ, ਜਿਦਾਂ ਕਿ ਮਾਂ ਉਹਦਾ ਚਿਹਰਾ ਨਾ ਵੇਖ ਸਕੇ।

ਏਧਰ ਕਈਆਂ ਦਿਨਾਂ ਤੋਂ ਉਹਦੇ ਮਨ ਅੰਦਰ ਕਈ ਗੱਲਾਂ ਕਈ ਤਰ੍ਹਾਂ ਦਾ ਰੂਪ ਧਾਰ ਕੇ ਆ ਰਹੀਆਂ ਹਨ। ਪਰ ਉਹ ਇਕੋ ਗੱਲ ਹੀ ਨਹੀਂ ਸੋਚਦਾ ਕਿ ਕਸੂਰ ਕਿਸਦਾ ਹੈ। ਨਾ ਇਕ ਗੱਲ ਆਸ਼ਾ ਦੀ ਉਸਨੇ ਕਹੀ ਤੇ ਨਾ ਕਹਿਣ ਦਾ ਮੌਕਾ ਦਿਤਾ। ਸਗੋਂ ਏਸ ਡਰ ਨਾਲ ਕਿ ਉਹ ਕਿਤੇ, ਭਾਂਡਾ ਨਾ ਭੰਨ ਦੇਵੇ ਜਾਂ ਦਾਅਵਾ ਨਾ ਕਰ ਦੇਵੇ, ਉਹ ਪੱਥਰ ਵਾਂਗੂੰ ਗੁਮਹੁੱਠ ਜਿਹਾ ਹੋ ਰਿਹਾ ਸੀ। ਫੇਰ ਵੀ ਸਾਰਾ ਕਸੂਰ ਲਲਿਤਾ ਦੇ ਮੱਥੇ ਮੜ ਕੇ ਉਹ ਇਸ ਗਲ ਨੂੰ ਵਿਚਾਰ ਰਿਹਾ ਸੀ ਆਪਣੀ ਹੀ ਅੱਗੇ ਵਿਚ ਆਪ ਸੜ ਰਿਹਾ ਸੀ। ਸ਼ਾਇਦ ਏਸੇ ਤਰ੍ਹਾਂ ਸਾਰੇ ਪੁਰਸ਼ ਇਸ-ਤਰੀਆਂ ਦਾ ਵਿਚਾਰ ਕਰਦੇ ਹਨ ਤੇ ਆਪਣੀ ਅੱਗ ਵਿਚ ਆਪ ਹੀ ਸੜਦੇ ਰਹਿੰਦੇ ਹਨ।

ਇਸ ਤਰ੍ਹਾਂ ਸੜਦਿਆਂ ਭੁਜਦਿਆਂ ਉਸ ਦੇ ਸੱਤ ਦਿਨ ਲੰਘ ਗਏ। ਅੱਜ ਵੀ ਉਹ ਆਪਣੇ ਇਕੱਲੇ ਕਮਰੇ ਵਿਚ ਬੈਠਾ ਇਸ ਅਗ ਵਿਚ ਸੜ ਰਿਹਾ ਸੀ। ਅੱਚਨਚੇਤ ਹੀ

ਦਰਵਾਜ਼ੇ ਦੇ ਖੜਾਕ ਨੂੰ ਸੁਣ ਕੇ ਤੇ ਉਸ ਵੱਲ ਵੇਖ ਕੇ ਉਸ ਦਾ ਹਿਰਦਾ ਉੱਛਲ ਪਿਆ। ਕਾਲੀ ਦਾ ਹੱਥ ਫੜੀ ਲਲਿਤਾ ਆਕੇ ਥੱਲੇ ਗਦੀਲੇ ਤੇ ਬਹਿ ਗਈ। ਕਾਲੀ ਨੇ ਆਖਿਆ, "ਸ਼ੇਖਰ ਬਾਬੂ ਅਸੀਂ ਦੋਵੇਂ ਤੁਹਾਨੂੰ ਪ੍ਰਨਾਮ ਕਰਨ ਆਈਆਂ ਹਾਂ, ਕੱਲ ਅਸਾਂ ਚਲੀਆਂ ਜਾਣਾ ਹੈ।"

ਸ਼ੇਖਰ ਦੇ ਮੂੰਹੋਂ ਕੋਈ ਗੱਲ ਨਾ ਨਿਕਲ ਸਕੀ, ਉਹ ਇਕ ਟੱਕ ਨੀਝ ਲਾਈ ਵੇਖਦਾ ਰਿਹਾ।

ਕਾਲੀ ਨੇ ਆਖਿਆ, "ਸ਼ੇਖਰ ਬਾਬੂ ! ਤੇਰੇ ਚਰਨਾਂ ਵਿਚ ਰਹਿ ਕੇ ਕਈ ਕਸੂਰ ਕੀਤੇ ਹਨ, ਸਭ ਭੁਲ ਜਾਣੇ।"

ਸ਼ੇਖਰ ਸਮਝ ਗਿਆ ਕਿ ਇਸ ਵਿਚ ਇਕ ਗਲ ਵੀ ਕਾਲੀ ਦੀ ਆਪਣੀ ਨਹੀਂ ਹੈ। ਉਹ ਸਿਖਾਈ ਹੋਈ ਬੋਲ ਰਹੀ ਹੈ, ਉਸਨੋ ਪੁਛਿਆ, ਕੱਲ ਤੁਸੀਂ ਕਿਉਂ ਜਾ ਰਹੇ ਹੋ ?

'ਬਾਬੂ ਜੀ ਨੂੰ ਲੈਕੇ ਅਸੀਂ ਸਭ ਮੁੰਗੇਰ ਜਾ ਰਹੇ ਹਾਂ ਉਥੇ ਗਰੀਨ ਬਾਬੂ ਦਾ ਮਕਾਨ ਹੈ। ਬਾਬੂ ਜੀ ਦੇ ਚੰਗਿਆਂ ਹੋ ਜਾਣ ਤੇ ਵੀ ਅਸੀਂ ਸ਼ਾਇਦ ਇੱਥੇ ਨ ਆ ਸਕੀਏ। ਡਾਕਟਰ ਜੀ ਨੇ ਕਿਹਾ ਹੈ ਕਿ 'ਇੱਥੇ ਬਾਬੂ ਜੀ ਦੀ ਤਬੀਅਤ ਕਦੇ ਠੀਕ ਨਹੀਂ ਹੋ ਸਕਦੀ।'

ਸ਼ੇਖਰ ਨੇ ਪੁਛਿਆ, 'ਹੁਣ ਉਹਨਾਂ ਦੀ ਤਬੀਅਤ ਕਿਹੋ ਜਹੀ ਹੈ ?'

'ਕੁਝ ਚੰਗੀ ਹੈ।' ਕਹਿਕੇ ਕਾਲੀ ਨੇ ਪੱਲਿਓ ਕਈ ਸਾੜ੍ਹੀਆਂ ਕੱਢਕੇ ਵਿਖਾਉਂਦੀ ਹੋਈ ਨੇ ਕਿਹਾ, 'ਇਹ ਤਾਈ ਜੀ ਨੇ ਦਿੱਤੀਆਂ ਹਨ।'

ਲਲਿਤਾ ਹੁਣ ਤੱਕ ਚੁੱਪ ਬੈਠੀ ਸੀ, ਮੇਜ਼ ਤੇ ਚਾਬੀਆਂ

ਰਖ ਕੇ ਕਹਿਣ ਲੱਗੀ, 'ਇਸ ਅਲਮਾਰੀ ਦੀ ਚਾਬੀ ਕਈਆਂ ਦਿਨਾਂ ਤੋਂ ਮੇਰੇ ਪਾਸ ਹੀ ਸੀ, ਪਰ ਰੁਪਇਆ ਏਸ ਵਿੱਚ ਇਕ ਵੀ ਨਹੀਂ ਸੀ, ਸਭ ਖਰਚ ਹੋ ਗਏ ਹਨ।'

ਸ਼ੇਖਰ ਚੁੱਪ ਕਰ ਗਿਆ।

ਕਾਲੀ ਨੇ ਆਖਿਆ, 'ਚੱਲ ਬੀਬੀ ਹੁਣ ਰਾਤ ਪੈ ਰਹੀ ਹੈ।'

ਲਲਿਤਾ ਦੇ ਕੁਝ ਕਹਿਣ ਤੋਂ ਬਿਨਾ ਹੀ, ਸ਼ੇਖਰ ਕੁਝ ਕਾਹਲਾ ਜਿਹਾ ਪੈਕੇ ਬੋਲ ਪਿਆ, ਕਾਲੀ ਜਰਾ ਥੱਲਿਓ ਮੇਰੇ ਵਾਸਤੇ ਪਾਨ ਤਾਂ ਲੈ ਆ!

ਲਲਿਤਾ ਨੇ ਉਹਦਾ ਹੱਥ ਘੁੱਟ ਕੇ ਆਖਿਆ, 'ਤੂੰ ਇਥੇ ਬਹੁ ਕਾਲੀ ਮੈਂ ਲਿਆ ਦੇਂਦੀ ਹਾਂ। ਇਹ ਆਖਕੇ ਛੇਤੀ ਨਾਲ ਥੱਲੇ ਚਲੀ ਗਈ। ਥੋੜਾ ਚਿਰ ਪਿਛੋਂ ਪਾਨ ਲਿਆਕੇ ਉਹਨੇ ਕਾਲੀ ਨੂੰ ਫੜਾ ਦਿਤੇ ਤੇ ਉਸਨੇ ਅਗਾਂਹ ਫੜਾ ਦਿਤੇ।'

ਪਾਨ ਹੱਥ ਵਿੱਚ ਫੜਕੇ ਸ਼ੇਖਰ ਬੁੱਤ ਜਿਹਾ ਬਣਕੇ ਬਹਿ ਗਿਆ।

'ਚਲਦੀਆਂ ਸ਼ੇਖਰ ਬਾਬੂ' ਕਹਿਕੇ ਕਾਲੀ ਨੇ ਪੈਰਾਂ ਦੇ ਪਾਸ ਆਕੇ ਪ੍ਰਨਾਮ ਕੀਤੀ ਤੇ ਲਲਿਤਾ ਨੇ ਜਿਥੇ ਖੜੀ ਸੀ ਉਥੋਂ ਹੀ ਪ੍ਰਨਾਮ ਕੀਤੀ। ਫੇਰ ਦੋਵੇਂ ਹੌਲੀ ਹੌਲੀ ਚਲੀਆਂ ਗਈਆਂ।

ਸ਼ੇਖਰ ਆਪਣੀ ਭਲਿਆਈ ਬੁਰਿਆਈ ਲੈਕੇ, ਆਤਮ ਸਨਮਾਨ ਲੈਕੇ, ਬੁੱਤ ਵਾਂਗੂ ਚੁਪ ਚਾਪ ਬੈਠਾ ਰਿਹਾ। ਲਲਿਤਾ ਆਈ ਤੇ ਜੋ ਕੁਝ ਆਖਣਾ ਸੀ ਆਖਕੇ ਹਮੇਸ਼ਾ ਵਾਸਤੇ ਚਲੀ ਗਈ, ਏਸਤਰਾਂ ਉਹ ਵਕਤ ਲੰਘ ਗਿਆ ਜਾਣੀ ਦਾ ਉਸ ਪਾਸ

ਆਖਣ ਵਾਸਤੇ ਕੁਝ ਵੀ ਨਹੀਂ ਸੀ। ਇਸ ਗਲ ਨੂੰ ਸ਼ੇਖਰ ਮਨ ਹੀ ਮਨ ਵਿਚ ਸਮਝ ਗਿਆ ਸੀ ਕਿ ਲਲਿਤਾ ਜਾਣਕੇ ਹੀ ਕਾਲੀ ਨੂੰ ਨਾਲ ਲਿਆਈ ਸੀ ਤਾਂ ਜੋ ਕੋਈ ਫਸਾਦ ਨ ਖੜਾ ਹੋ ਜਾਏ, ਉਸ ਤੋਂ ਪਿਛੋਂ ਓਹਦਾ ਸਾਰਾ ਸਰੀਰ ਸੁੰਨ ਜਿਹਾ ਹੋਣ ਲਗ ਪਿਆ। ਜੀ ਕੱਚਾ ਹੋਣ ਲੱਗਾ ਤੇ ਸਿਰ ਨੂੰ ਚੱਕਰ ਆਉਣ ਲਗ ਪਏ। ਅਖੀਰ ਨੂੰ ਉਹ ਉੱਠਕੇ ਬਿਸਤਰੇ ਤੇ ਜਾ ਪਿਆ ਤੇ ਅੱਖਾਂ ਬੰਦ ਕਰਕੇ ਸੌਂ ਗਿਆ।

—o—

## ੯.

ਗੁਰਚਰਨ ਦਾ ਟੁੱਟਾ ਹੋਇਆ ਸਰੀਰ ਮੁੰਗੇਰ ਦੇ ਜਲ ਪਾਣੀ ਨਾਲ ਵੀ ਨਾ ਗੰਢਿਆ ਜਾ ਸਕਿਆ। ਸਾਲ ਭਰ ਪਿਛੋਂ ਉਹ ਆਪਣੇ ਦੁੱਖਾਂ ਦੀ ਪੰਡ ਸਿਰੋਂ ਲਾਹਕੇ ਹਮੇਸ਼ਾਂ ਵਾਸਤੇ ਸੁੱਖ ਦੀ ਨੀਂਦ ਸੌਂ ਗਏ। ਗਰੀਨ ਸੱਚ ਮੁੱਚ ਹੀ ਉਹਨਾਂ ਨੂੰ ਚੰਗਾ ਜਾਣਨ ਲੱਗ ਪਿਆ ਸੀ। ਅਖੀਰ ਦਮ ਤੱਕ ਉਹ ਇਹਨਾਂ ਦੇ ਬਚਾਉਣ ਦੀ ਕੋਸ਼ਸ਼ ਕਰਦਾ ਰਿਹਾ ਪਰ ਕੁਝ ਨ ਹੋ ਸਕਿਆ।

ਮਰਨ ਤੋਂ ਕੁਝ ਚਿਰ ਪਹਿਲਾਂ ਗੁਰਚਰਨ ਨੇ ਗਿਰੀ ਨੰਦ ਦਾ ਹੱਥ ਫੜਕੇ ਅਥਰੂਆਂ ਭਰੀ ਅਵਾਜ਼ ਨਾਲ ਕਿਹਾ ਸੀ ਕਿ ਤੂੰ ਵੀ ਕਿਸੇ ਦਿਨ ਨੂੰ ਓਪਰਾ ਨ ਹੋ ਜਾਵੀਂ। ਇਹ ਗੰਭੀਰ ਰਿਸ਼ਤਾ ਰੱਬ ਕਰੇ ਆਤਮਕ ਤੌਰ ਤੇ ਅੱਤ ਨੇੜੇ ਹੋਕੇ

ਨਿਭ ਸਕੇ। ਉਹ ਆਪਣੀਆਂ ਅੱਖਾਂ ਨਾਲ ਇਹ ਨ ਵੇਖ ਸਕੇ। ਬੀਮਾਰੀ ਦੇ ਟੰਟਿਆਂ ਨੇ ਉਹਨਾਂ ਨੂੰ ਮੋਹਲਤ ਨਹੀਂ ਸੀ ਦਿੱਤੀ, ਉਹਨਾਂ ਦੇ ਸੁਰਗ ਵਿਚੋਂ ਵੇਖ ਲਿਆ ਕਿ ਉਸ ਵੇਲੇ ਗਿਰੀ ਨੰਦ ਨੇ ਖੁਸ਼ੀ ਖੁਸ਼ੀ ਤੇ ਸੱਚੇ ਦਿਲੋਂ ਹੀ ਉਹਨਾਂ ਨੂੰ ਬਚਨ ਦਿਤਾ ਸੀ।

ਗੁਰਚਰਨ ਦੇ ਕਲਕਤੇ ਵਾਲੇ ਮਕਾਨ ਵਿਚ ਜੋ ਕਰਾਏ ਦਾਰ ਸਨ ਉਹ ਉਹਨਾਂ ਦੀ ਰਾਹੀਂ ਭਵਨੇਸ਼ਵਰੀ ਨੂੰ ਕਦੀ ਕਦੀ ਇਹਦਾ ਪਤਾ ਮਿਲਦਾ ਰਹਿੰਦਾ ਸੀ। ਗੁਰ-ਚਰਨ ਦੇ ਮਰਨ ਦੀ ਖਬਰ ਵੀ ਇਸਨੂੰ ਕਰਾਏ ਦਾਰਾਂ ਪਾਸੋਂ ਹੀ ਮਿਲ ਸਕੀ ਸੀ।

ਇਸ ਤੋਂ ਪਿਛੋਂ ਇਕ ਜ਼ਬਰਦਸਤ ਘਟਨਾ ਹੋਈ। ਨਵੀਨ ਰਾਏ ਵੀ ਅੱਚਨਚੇਤ ਹੀ ਮਰ ਗਿਆ। ਭਵਨੇਸ਼ਵਰੀ ਦੁੱਖ ਨਾਲ ਪਾਗਲ ਜਹੀ ਹੋਕੇ ਨੇਂਹ ਨੂੰ ਘਰ ਦਾ ਭਾਰ ਸੌਂਪ ਕੇ ਆਪ ਕਾਂਸ਼ੀ ਚਲੀ ਗਈ, ਜਾਂਦੀ ਹੋਈ ਆਖ ਗਈ, ਆਵਣ ਵਾਲੇ ਸਾਲ ਵਿਚ ਮੈਂ ਸਭ ਕੁਝ ਠੀਕ ਕਰਕੇ ਸ਼ੇਖਰ ਦਾ ਵਿਆਹ ਕਰ ਜਾਵਾਂਗੀ।

ਵਿਆਹ ਦਾ ਪ੍ਰਬੰਧ ਨਵੀਨ ਰਾਏ ਖੁਦ ਹੀ ਕਰ ਗਏ ਸਨ। ਹੁਣ ਤੱਕ ਵਿਆਹ ਹੋ ਜਾਣਾ ਸੀ ਪਰ ਉਹਨਾਂ ਦੀ ਅਚਾਨਕ ਮੌਤ ਨੇ ਵਿਆਹ ਨੂੰ ਇਕ ਸਾਲ ਹੋਰ ਪਿਛੇ ਪਾ ਦਿੱਤਾ। ਪਰ ਧੀ ਵਾਲੇ ਹੁਣ ਕੁਝ ਜ਼ਿਆਦਾ ਦੇਰ ਨਹੀਂ ਸਨ ਕਰ ਸਕਦੇ। ਉਹ ਕਲ ਆਪ ਆਕੇ ਲੜਕੇ ਨੂੰ ਅਸ਼ੀਰਬਾਦ ਕਰ ਗਏ ਸਨ, ਕਿਉਂਕਿ ਉਸੇ ਮਹੀਨੇ ਵਿਆਹ ਹੋ ਜਾਣਾ ਸੀ ਸੋ ਸ਼ੇਖਰ ਮਾਂ ਨੂੰ ਲਿਆਉਣ ਦੀਆਂ ਤਿਆਰੀਆਂ ਕਰ ਰਿਹਾ

ਸੀ, ਅਲਮਾਰੀ ਵਿਚੋਂ ਚੀਜ਼ਾਂ ਕੱਢ ਬਕਸ ਵਿਚ ਸਜਾ ਰਿਹਾ ਸੀ ।

ਕਈਆਂ ਦਿਨਾਂ ਪਿਛੋਂ ਸ਼ੇਖਰ ਨੂੰ ਅਜ ਲਲਿਤਾ ਦੀ ਯਾਦ ਫੇਰ ਆਈ । ਕਿਉਂਕਿ ਇਹ ਸਭ ਕੰਮ ਲਲਿਤਾ ਹੀ ਕਰਿਆ ਕਰਦੀ ਸੀ ।

ਤਿੰਨ ਸਾਲ ਤੋਂ ਜ਼ਿਆਦਾ ਚਿਰ ਹੋਗਿਆ ਉਹ ਸਾਰੇ ਇਥੋਂ ਚਲੇ ਗਏ ਸਨ। ਇਨੇ ਲੰਮੇ ਸਮੇਂ ਵਿਚ ਉਸਨੂੰ ਇਹਨਾਂ ਦਾ ਕੋਈ ਪਤਾ ਹੀ ਨ ਮਿਲ ਸਕਿਆ ਮਲੂਮ ਕਰਨ ਦੀ ਕੋਸ਼ਸ਼ ਵੀ ਨਹੀਂ ਕੀਤੀ ਤੇ ਸ਼ਾਇਦ ਹੁਣ ਉਹਨੂੰ ਕੋਈ ਦਿਲਚਸਪੀ ਵੀ ਨਹੀਂ ਸੀ ਰਹੀ । ਲਲਿਤਾ ਨਾਲ ਉਹਨੂੰ ਹੌਲੀ ਹੌਲੀ ਘਿਰਣਾ ਜਹੀ ਹੁੰਦੀ ਜਾਂਦੀ ਸੀ, ਪਰ ਅਜ ਅਚਾਨਕ ਹੀ ਉਹਦੇ ਮਨ ਵਿਚ ਆਈ, ਚੰਗਾ ਹੁੰਦਾ ਜੇ ਉਹਦੀ ਖਬਰ ਮਿਲ ਜਾਂਦੀ। ਕੋਈ ਕਿਸਤਰਾਂ ਰਹਿ ਰਿਹਾ ਹੈ, ਹਾਲਾਂ ਕਿ ਉਹ ਇਹ ਗਲ ਜਾਣਦਾ ਸੀ ਕਿ ਉਹ ਸਾਰੇ ਖੁਸ਼ਹੀ ਹੋਣਗੇ, ਕਿਉਂਕਿ ਗਿਰੀਨੰਦ ਦੇ ਕੋਲ ਰੁਪਿਆ ਹੈ । ਲਲਿਤਾ ਨੂੰ ਕੋਈ ਤਕਲੀਫ ਨਾ ਹੋਵੇਗੀ। ਫੇਰ ਵੀ ਉਹਦਾ ਇਹ ਸੁਣਨ ਨੂੰ ਜੀ ਕਰਦਾ ਸੀ ਕਿ ਉਹਦਾ ਵਿਆਹ ਕਦੋਂ ਹੋਇਆ ਗਿਰੀ ਨੰਦ ਦੇ ਨਾਲ ਉਹ ਕਿੱਦਾ ਰਹਿ ਰਹੀ ਹੈ, ਆਦਿ ।

ਗੁਰਚਰਨ ਦੇ ਮਕਾਨ ਵਿਚ ਹੁਣ ਕੋਈ ਕਰਾਏਦਾਰ ਨਹੀਂ ਰਹਿੰਦਾ। ਦੋਂਹ ਮਹੀਨਿਆਂ ਤੋਂ ਮਕਾਨ ਖਾਲੀ ਪਿਆ ਹੈ। ਸ਼ੇਖਰ ਦੇ ਮਨ ਵਿਚ ਆਈ ਕਿ ਇਕ ਵੇਰਾਂ ਚਾਰੂ ਦੇ ਪਿਉ ਕੋਲੋਂ ਜਾਕੇ ਹੀ ਪੁਛ ਆਵੇ । ਕਿਉਂਕਿ ਉਸਨੂੰ ਗਿਰੀ ਨੰਦ ਦੀ ਸਾਰੀ ਗਲ ਬਾਤ ਦਾ ਜ਼ਰੂਰ ਪਤਾ ਹੋਵੇਗਾ। ਪਰ

ਕੁਝ ਚੀਜ਼ਾਂ ਬਕਸ ਵਿਚ ਪਾਉਣੋਂ ਰੋਕਕੇ ਉਹ ਇਕੋ ਟੱਕ ਦਰਵਾਜਿਓਂ ਬਾਹਰ ਵੱਲ ਵੇਖਦਾ ਰਿਹਾ ਤੇ ਇਹੋ ਹੀ ਸੋਚਦਾ ਰਿਹਾ। ਏਨੇ ਚਿਰ ਨੂੰ ਦਰਵਾਜ਼ੇ ਵਿਚੋਂ ਪੁਰਾਣੀ ਮਹਿਰੀ ਆਕੇ ਬੋਲੀ, 'ਛੋਟੇ ਬਾਬੂ ਕਾਲੀ ਦੀ ਮਾਂ ਨੇ ਤੁਹਾਨੂੰ ਇਕਵਾਰ ਸਦਿਆ ਹੈ।'

ਸ਼ੇਖਰ ਨੇ ਮੂੰਹ ਭੁਆਕੇ ਉਸ ਵਲ ਵੇਖਕੇ ਆਖਿਆ, 'ਕਾਲੀ ਦੀ ਮਾਂ ?' ਮਹਿਰੀ ਨੇ ਹੱਥ ਨਾਲ ਗੁਰਚਰਨ ਦੇ ਮਕਾਨ ਵੱਲ ਇਸ਼ਾਰਾ ਕਰਦੀ ਨੇ ਕਿਹਾ, 'ਆਪਣੀ ਕਾਲੀ ਦੀ ਮਾਂ, ਛੋਟੇ ਬਾਬੂ ਉਹ ਕਲ ਰਾਤ ਨੂੰ ਸਭ ਮੂੰਗੇਰ ਤੋਂ ਵਾਪਸ ਆ ਗਏ ਹਨ।'

'ਚਲ ਮੈਂ ਆਉਂਦਾ ਹਾਂ।' ਇਹ ਆਖਕੇ ਉਹ ਉਸਵੇਲੇ ਉਠਕੇ ਚਲਿਆ ਗਿਆ। ਉਸਵੇਲੇ ਦਿਨ ਢਾਲੇ ਪੈਰਿਹਾ ਸੀ। ਸ਼ੇਖਰ ਦੇ ਘਰ ਪਹੁੰਚਦਿਆਂ ਹੀ ਉਥੋਂ ਦਿਲ ਪਾੜ ਦੇਣ ਵਾਲੇ ਰੋਣ ਕੁਰਲਾਣ ਦੀ ਆਵਾਜ਼ ਆਈ। ਵਿਧਵਾ ਦੇ ਕਪੜੇ ਪਾਈ ਗੁਰਚਰਣ ਦੀ ਘਰ ਵਾਲੀ ਪਾਸ ਇਹ ਭੁੰਜੇ ਜਾਕੇ ਬੈਠ ਗਿਆ ਤੇ ਧੋਤੀ ਦੇ ਪਲੇ ਨਾਲ ਚੁਪਚਾਪ ਆਪਣੀਆਂ ਅੱਖਾਂ ਪੂੰਝਣ ਲੱਗ ਪਿਆ। ਸਿਰਫ ਗੁਰਚਰਨ ਵਾਸਤੇ ਹੀ ਨਹੀਂ, ਆਪਣੇ ਪਿਉ ਦੀ ਯਾਦ ਆਕੇ ਉਹ ਫੇਰ ਇਕ ਵਾਰੀ ਬੇਚੈਨ ਹੋਗਿਆ।

ਸ਼ਾਮ ਹੋਣ ਤੇ ਲਲਿਤਾ ਆਕੇ ਦੀਵਾ ਜਗਾ ਗਈ। ਦੂਰੋਂ ਹੀ ਗਲ ਵਿਚ ਪੱਲਾ ਪਾਕੇ ਸ਼ੇਖਰ ਨੇ ਉਸਨੂੰ ਸਲਾਮ ਕੀਤਾ, ਪਲਕੁ ਖਲੋਕੇ ਉਹ ਹੌਲੀ ਹੌਲੀ ਚਲੀ ਗਈ। ਸ਼ੇਖਰ ਸਤਾਰਾਂ ਸਾਲ ਦੀ ਮੁਟਿਆਰ ਬਗਾਨੀ ਇਸਤਰੀ ਵਲ ਅੱਖਾਂ

ਉੱਚੀਆਂ ਕਰਕੇ ਵੀ ਨ ਵੇਖ ਸਕਿਆ ਤੇ ਨਾ ਹੀ ਉਹਨੂੰ ਸਦ ਕੇ ਉਸ ਨਾਲ ਕੋਈ ਗਲ ਬਾਤ ਹੀ ਕਰ ਸਕਿਆ। ਫੇਰ ਵੀ ਹੋਰ ਅੱਖਾਂ ਨਾਲ ਉਹ ਜਿੰਨਾਂ ਕੁ ਵੇਖ ਸਕਿਆ ਉਸਨੂੰ ਇਹੋ ਪਤਾ ਲਗਾ ਕਿ ਉਹ ਅਗੇ ਨਾਲੋਂ ਹੋਰਵੀ ਦੁਬਲੀ ਹੋਗਈਹੈ।

ਬਹੁਤ ਰੋਣ ਪਿੱਟਣ ਦੇ ਪਿਛੋਂ ਗੁਰਚਰਨ ਦੀ ਵਿਧਵਾ ਇਸਤਰੀ ਨੇ ਜੋ ਕੁਝ ਆਖਿਆ ਉਹਦਾ ਸਿੱਟਾ ਇਹ ਸੀ ਕਿ ਇਸ ਮਕਾਨ ਨੂੰ ਵੇਚਕੇਉਹ ਮੁੰਗੇਰ ਵਿਚ ਆਪਣੇਜੁਆਈਪਾਸ ਰਹੇਗੀ, ਇਹੋ ਉਹਨਾਂ ਦਾ ਖਿਆਲ ਹੈ। ਮਕਾਨ ਕਈਆਂ ਚਿਰਾਂ ਤੋਂ ਸ਼ੇਖਰ ਦੇ ਪਿਤਾ ਖਰੀਦਣ ਦਾ ਇਰਾਦਾ ਰਖਦੇ ਸਨ। ਉਸ ਵੇਲੇ ਮੁਨਾਸਬ ਕੀਮਤ ਤੇ ਖਰੀਦ ਲੈਣ ਨਾਲ ਮਕਾਨ ਘਰ ਦਾ ਘਰ ਰਹਿ ਜਾਣਾ ਸੀ। ਇਹਨਾਂ ਨੂੰ ਕਿਸੇ ਤਰਾਂ ਦਾ ਦੁਖ ਨਹੀਂ ਸੀ ਹੋਣਾ ਤੇ ਅਗਾਂਹ ਜੇ ਕਦੇ ਆਉਂਦੇ ਤਾਂ ਦੋ ਚਾਰ ਦਿਨ ਲਈ ਸਿਰ ਲੁਕਾਵਾ ਵੀ ਕਰ ਸਕਦੇ। ਸ਼ੇਖਰ ਨੇ ਆਖਿਆ 'ਮਾਂ ਪਾਸੋਂ ਪੁਛਕੇ ਇਸ ਵਾਸਤੇ ਜੋ ਹੋਸਕੇ ਕੋਸ਼ਸ਼ ਕਰਾਂਗਾ।' ਇਸਤੇ ਉਹਨੇ ਅੱਥਰੂ ਪੂੰਝਦੀ ਹੋਈ ਨੇ ਕਿਹਾ, 'ਕੀ ਬੀਬੀ ਇਸ ਵਿਚ ਆ ਜਾਇਗੀ ? ਕਦੇ ਨਹੀਂ ਸ਼ੇਖਰ।'

ਸ਼ੇਖਰ ਨੇ ਦਸਿਆ ਕਿ ਅਜ ਰਾਤ ਨੂੰ ਹੀ ਮੈਂ ਉਹਨਾਂ ਨੂੰ ਲੈਣ ਜਾ ਰਿਹਾ ਹਾਂ, ਇਸਤੋਂ ਪਿਛੋਂ ਉਹਨਾਂ ਇਕ ਇਕ ਕਰਕੇ ਘਰ ਦੀਆਂ ਸਾਰੀਆਂ ਗਲਾਂ ਬੁਝ ਲਈਆਂ। ਸ਼ੇਖਰ ਦਾ ਵਿਆਹ ਕਦੋਂ ਹੈ, ਕਿੱਥੇ ਢੁਕਾ ਹੋਣਾ ਹੈ, ਕਿੰਨਾ ਗਹਿਣਾ ਪਾਉਣਾ ਹੈ, ਕੀ ਦਾਜ ਮਿਲਣਾ ਹੈ, ਕਿੰਨਾ ਖਰਚ ਆਵੇਗਾ, ਜੇਠ ਜੀ ਕਿੱਦਾਂ ਮਰੇ ਸਨ, ਬੀਬੀ ਜੀ ਨੇ ਕੀ ਕੀਤਾ ਤੇ ਇਹੋ

ਜਹੀਆਂ ਹੋਰ ਕਈ ਗੱਲਾਂ ਪੁਛੀਆਂ ਤੇ ਉਹਦੇ ਉੱਤਰ ਲਏ।

ਸ਼ੇਖਰ ਨੂੰ ਜਦੋਂ ਇਸ ਪਾਸਿਉਂ ਛੁਟਕਾਰਾ ਮਿਲਿਆ ਤਾਂ ਚੰਦ ਦੀ ਚਾਨਣੀ ਚੰਗੀਤਰਾਂ ਫੈਲ ਚੁਕੀ ਸੀ। ਇਸ ਵੇਲੇ ਗਿਰੀਨੰਦ ਉਤੋਂ ਉਤਰਕੇ ਸ਼ਾਇਦ ਆਪਣੀ ਭੈਣ ਵਲ ਜਾ ਰਿਹਾ ਸੀ। ਗੁਰਚਰਨ ਦੀ ਵਿਧਵਾ ਪਤਨੀ ਉਹਨੂੰ ਵੇਖਕੇ ਸ਼ੇਖਰ ਨੂੰ ਆਖਣ ਲਗੀ, 'ਮੇਰੇ ਜਵਾਈ ਨਾਲ ਤੇਰੀ ਗਲ ਬਾਤ ਨਹੀਂ ਹੋਈ ਸ਼ੇਖਰ! ਇਹੋ ਜਿਹਾ ਲੜਕਾ ਦੁਨੀਆਂ ਵਿਚ ਮਿਲਣਾ ਮੁਸ਼ਕਲ ਹੈ।'

ਸ਼ੇਖਰ ਨੇ ਆਖਿਆ, 'ਬੇਸ਼ਕ ਇਹ ਠੀਕ ਹੈ। ਮੇਰੀ ਗੱਲ ਬਾਤ ਉਸ ਨਾਲ ਹੋ ਚੁਕੀ ਹੈ।' ਇਹ ਆਖਕੇ ਉਹ ਬਾਹਰ ਚਲਿਆ ਗਿਆ। ਪਰ ਬਾਹਰ ਦੀ ਬੈਠਕ ਦੇ ਕੋਲ ਆਕੇ ਉਹਨੂੰ ਅਚਾਨਕ ਹੀ ਠਹਿਰਨਾ ਪੈਗਿਆ। ਹਨੇਰੇ ਵਿਚ ਦਰਵਾਜੇ ਦੇ ਪਿਛੇ ਲਲਿਤਾ ਖੜੀ ਸੀ। ਉਸਨੇ ਕਿਹਾ, 'ਖਲੋ ਜਾਓ! ਸੁਣੋ ਮਾਂ ਨੂੰ ਲੈਣ ਅੱਜ ਹੀ ਜਾ ਰਹੇ ਹੋ?'

ਸ਼ੇਖਰ ਨੇ ਆਖਿਆ, ਹਾਂ।

ਉਹ ਕੀ ਬਹੁਤ ਜ਼ਿਆਦਾ ਘਬਰਾ ਗਈ ਹੈ?

'ਹਾਂ ਲਗਪਗ ਪਾਗਲ ਸੀ ਹੋ ਗਈ ਹੈ।'

'ਤੁਹਾਡੀ ਤਬੀਅਤ ਕਿਹੋ ਜਹੀ ਹੈ?'

ਚੰਗੀ ਹੈ ਆਖਕੇ ਸ਼ੇਖਰ ਝਟਪਟ ਉਥੋਂ ਚਲਿਆ ਗਿਆ।

ਰਾਹ ਵਿਚ ਆਕੇ ਉਹ ਸਿਰ ਤੋਂ ਪੈਰਾਂ ਤਕ ਲੱਜਾ ਤੇ ਘਿਰਣਾ ਨਾਲ ਕੰਬ ਉਠਿਆ, ਉਹਨੂੰ ਇਉਂ ਮਲੂਮ ਹੋਇਆ ਕਿ ਲਲਿਤਾ ਦੇ ਕੋਲ ਖਲੋਕੇ ਉਸਦਾ ਸਾਰਾ ਸਰੀਰ ਅਪਵਿਤ੍ਰ

ਹੋਗਿਆ ਹੈ। ਘਰ ਆਕੇ ਉਹਨੇ ਸਭ ਕੁਝ ਪਾਕੇ ਬਕਸ ਬੰਦ ਕਰ ਦਿਤਾ ਤੇ ਗਡੀ ਵਿਚ ਅਜੇ ਦੇਰ ਸੀ ਸੋ ਉਹ ਮੰਜੇ ਤੇ ਲੰਮਾ ਪੇ ਗਿਆ।

ਲਲਿਤਾ ਦੀ ਵਿਸਾਹ ਘਾਤਕ ਯਾਦ ਨੂੰ ਨਸ਼ਟ ਕਰਨ ਵਾਸਤੇ ਉਸਨੇ ਆਪਣੇ ਮਨ ਅੰਦਰ ਸਾੜੇ ਦੇ ਭਾਂਬੜ ਬਾਲ ਲਏ। ਸਾੜ ਸੁਟਣ ਦੇ ਖਿਆਲ ਨਾਲ ਉਸਨੇ ਮਨ ਹੀ ਮਨ ਵਿਚ ਉਹਨੂੰ ਕਈ ਗਾਲਾਂ ਕਢੀਆਂ ਤੇ ਨਿਰਾਦਰੀ ਕੀਤੀ। ਏਥੋਂ ਤਕ ਕਿ ਉਹ ਉਸਨੂੰ ਬਜਾਰੀ ਔਰਤ ਵੀ ਕਹਿਣੋ ਨ ਸੰਗਿਆ। ਗੁਰਚਰਨ ਦੀ ਘਰ ਵਾਲੀ ਨੇ ਗਲਾਂ ਹੀ ਗਲਾਂ ਵਿਚ ਆਖਿਆ ਸੀ ਕਿ ਲੜਕੀ ਦਾ ਵਿਆਹ ਕੋਈ ਖੁਸ਼ੀਆਂ ਦਾ ਵਿਆਹ ਥੋੜਾ ਸੀ। ਏਸ ਵਾਸਤੇ ਖਿਆਲ ਨਹੀਂ ਆਇਆ, ਨਹੀਂ ਤਾਂ ਲਲਿਤਾ ਨੇ ਤਾਂ ਤੁਹਾਨੂੰ ਸਾਰਿਆਂ ਨੂੰ ਬੁਲਾਉਣ ਲਈ ਆਖਿਆ ਸੀ। ਲਲਿਤਾ ਦੀ ਇਹ ਬੇਵਕੂਫ਼ੀ ਸਾਰੀ ਘਿਰਣਾ ਦੀ ਅੱਗ ਉਤੇ ਲਾਟਾਂ ਬਣਕੇ ਉੱਚੀ ਉੱਡਣ ਲੱਗੀ।

—o—

## ੧੨.

ਸ਼ੇਖਰ ਜਿਸ ਵੇਲੇ ਮਾਂ ਨੂੰ ਲੈ ਕੇ ਮੁੜਿਆ ਉਸ ਦਿਨ ਵੀ ਉਹਦੇ ਵਿਆਹ ਵਿਚ ਦਸ ਬਾਰਾਂ ਦਿਨਾਂ ਦੀ ਦੇਰ ਸੀ।

ਤਿੰਨ ਚਾਰ ਦਿਨ ਪਿਛੋਂ ਇਕ ਦਿਨ ਸਵੇਰੇ ਲਲਿਤਾ ਸ਼ੇਖਰ ਦੀ ਮਾਂ ਕੋਲ ਬੈਠੀ ਇਕ ਟੋਕਰੀ ਵਿਚ ਕੁਝ ਵੇਖ ਰਹੀ ਸੀ। ਸ਼ੇਖਰ ਨੂੰ ਪਤਾ ਨਹੀਂ ਸੀ ਇਸ ਕਰਕੇ ਉਹ

ਕਿਸੇ ਕੰਮ ਲਈ 'ਮਾਂ' ਆਖ ਕੇ ਅੰਦਰ ਆ ਈ ਵੜਿਆ ਤੇ ਠਠੰਬਰ ਕੇ ਖਲੋ ਗਿਆ। ਲਲਿਤਾ ਥੱਲੇ ਮੂੰਹ ਕੀਤੇ ਕੰਮ ਕਰੀ ਗਈ।

ਮਾਂ ਨੇ ਪੁਛਿਆ, "ਕੀ ਗੱਲ ਹੈ ?"

ਉਹ ਜਿਸ ਕੰਮ ਵਾਸਤੇ ਆਇਆ ਸੀ, ਉਹ ਉਸਨੂੰ ਭੁਲ ਗਿਆ। 'ਨਹੀਂ ਹੁਣ ਰਹਿਣ ਦੇਹ' ਆਖ ਕੇ ਛੇਤੀ ਨਾਲ ਬਾਹਰ ਨਿਕਲ ਗਿਆ। ਲਲਿਤਾ ਦਾ ਚਿਹਰਾ ਉਹਨੂੰ ਨਹੀਂ ਦਿਸਿਆ, ਪਰ ਦੋਵੇਂ ਹੱਥ ਦਿੱਸ ਪਏ। ਉਹ ਬਿਲਕੁਲ ਸੁਵੇਸਨ ਸਿਰਫ ਕੱਚ ਦੀਆਂ ਦੋ ਦੋ ਚੂੜੀਆਂ ਪਈਆਂ ਹੋਈਆਂ ਸਨ। ਸ਼ੇਖਰ ਮਨ ਹੀ ਮਨ ਵਿਚ ਗੁੱਸੇ ਨਾਲ ਹੱਸਣ ਲੱਗਾ, ਇਹ ਵੀ ਇਕ ਤਰ੍ਹਾਂ ਦਾ ਪਖੰਡ ਹੈ। ਗਰੀਨ ਪੈਸੇ ਵਾਲਾ ਹੈ, ਉਸਦੀ ਘਰ ਵਾਲੀ ਦੇ ਏਦਾਂ ਗਹਿਣੇ ਤੇ ਖਾਲੀ ਹੱਥ ਹੋਣ ਦਾ ਉਹਨੂੰ ਕੋਈ ਪੱਕਾ ਸਬੂਤ ਨਾ ਸੁਝ ਸਕਿਆ। ਉਸ ਦਿਨ ਸ਼ਾਮ ਨੂੰ ਉਹ ਛੇਤੀ ਛੇਤੀ ਪੌੜੀਆਂ ਤੋਂ ਥੱਲੇ ਉਤਰ ਰਿਹਾ ਸੀ ਤੇ ਲਲਿਤਾ ਥਲਿਉਂ ਉਤੇ ਜਾ ਰਹੀ ਸੀ। ਉਹ ਇਕ ਪਾਸੇ ਕੰਧ ਨਾਲ ਲੱਗ ਕੇ ਖਲੋ ਗਈ, ਮਗਰ ਸ਼ੇਖਰ ਦੇ ਕੋਲ ਆਉਣ ਤੇ ਉਸਨੇ ਬਿਲਕੁਲ ਮੱਠੀ ਜਹੀ ਅਵਾਜ਼ ਨਾਲ ਆਖਿਆ, "ਤੁਹਾਨੂੰ ਇਕ ਗੱਲ ਆਖਣੀ ਹੈ।"

ਸ਼ੇਖਰ ਪਲ ਭਰ ਚੁੱਪ ਰਹਿਕੇ ਹਰਾਨੀ ਨਾਲ ਬੋਲਿਆ, "ਕਿਸਨੂੰ, ਮੈਨੂੰ ?"

ਲਲਿਤਾ ਪਹਿਲੇ ਵਾਂਗੂ ਹੀ ਹੌਲੀ ਜਹੀ ਬੋਲੀ, ਹਾਂ, ਤੁਹਾਨੂੰ ?"

"ਮੈਨੂੰ ਤੁਸਾਂ ਕੀ ਆਖਣਾ ਹੈ।" ਇਹ ਆਖ ਕੇ

ਸ਼ੇਖਰ ਪਹਿਲਾਂ ਨਾਲੋਂ ਵੀ ਤੇਜ਼ ਤੇਜ਼ ਪੌੜੀਆਂ ਉਤਰ ਗਿਆ।

ਲਲਿਤਾ ਕੁਝ ਚਿਰ ਉਥੇ ਹੀ ਬੁੱਤ ਬਣੀ ਖਲੋਤੀ ਰਹੀ ਤੇ ਮਾੜਾ ਜਿਹਾ ਹੌਕਾ ਲੈ ਕੇ ਚਲੀ ਗਈ।

ਦੂਜੇ ਦਿਨ ਸ਼ੇਖਰ ਆਪਣੇ ਬਾਹਰ ਦੇ ਕਮਰੇ ਵਿਚ ਖਲੋਤਾ ਅੱਜ ਦਾ ਅਖਬਾਰ ਪੜ੍ਹ ਰਿਹਾ ਸੀ। ਪੜ੍ਹਦਿਆਂ ੨ ਉਸਨੇ ਬੜੀ ਹੈਰਾਨੀ ਨਾਲ ਵੇਖਿਆ ਕਿ ਗਿਰੀ ਨੰਦ ਉਹਦੇ ਕਮਰੇ ਵਿਚ ਆ ਰਿਹਾ ਸੀ। ਗਿਰੀ ਨੰਦ ਨਮਸਕਾਰ ਕਰਕੇ ਇਕ ਕੁਰਸੀ ਤੇ ਬਹਿਗਿਆ, ਸ਼ੇਖਰ ਨੇ ਵੀ ਮੋੜਵੀਂ ਨਮਸਕਾਰ ਕਹਿਕੇ ਅਖਬਾਰ ਨੂੰ ਇਕ ਪਾਸੇ ਕਰਕੇ, ਕੁਝ ਸਮਝਣ ਜਾਂ ਪੁਛਣ ਵਾਲੀ ਤੱਕਣੀ ਨਾਲ ਉਸ ਵੱਲ ਤੱਕਣ ਲਗ ਪਿਆ। ਦੋਹਾਂ ਦੀ ਜਾਣ ਪਛਾਣ ਅੱਖਾਂ ਕਰਕੇ ਹੀ ਸੀ, ਪਰ ਅਜ ਤਕ ਕੋਈ ਗਲ ਬਾਤ ਨਹੀਂ ਹੋ ਸਕੀ ਸੀ। ਨਾਹੀ ਕਿਸੇ ਨੇ ਇਕ ਦੂਜੇ ਨਾਲ ਗਲ ਬਾਤ ਕਰਨ ਦਾ ਸ਼ੌਕ ਹੀ ਪ੍ਰਗਟ ਕੀਤਾ ਸੀ।

ਗਿਰੀ ਨੰਦ ਨੇ ਇਕ ਵੇਰਾਂ ਹੀ ਕੰਮ ਦੀ ਗਲ ਛੁਹ ਦਿਤੀ। ਕਹਿਣ ਲੱਗਾ, ਇਕ ਖਾਸ ਜ਼ਰੂਰੀ ਕੰਮ ਵਾਸਤੇ ਤੁਹਾਨੂੰ ਖੇਚਲ ਦੇਣ ਆਇਆ ਹਾਂ। ਮੇਰੀ ਸਸ ਦਾ ਇਰਾਦਾ ਤਾਂ ਤੁਸਾਂ ਸੁਣ ਹੀ ਲਿਆ ਹੋਵੇਗਾ। ਆਪਣਾ ਮਕਾਨ ਉਹ ਤੁਹਾਡੇ ਪਾਸ ਵੇਚ ਦੇਣਾ ਚਾਹੁੰਦੀ ਹੈ।

ਅੱਜ ਮੇਰੀ ਰਾਹੀਂ ਉਸਨੇ ਤੁਹਾਨੂੰ ਅਖਵਾ ਭੇਜਿਆ ਹੈ ਕਿ ਛੇਤੀ ਹੀ ਜੇ ਇਸਦਾ ਕੋਈ ਉਪਾ ਹੋ ਜਾਵੇ ਤਾਂ ਇਹ ਮੁੰਗੇਰ ਚਲੀ ਜਾਏ।

ਗਿਰੀ ਨੰਦ ਨੂੰ ਵੇਖਦਿਆਂ ਹੀ ਉਹਦੀ ਛਾਤੀ ਵਿਚ

ਇਕ ਤੂਫਾਨ ਉਠ ਖਲੋਤਾ ਸੀ। ਉਹਦੀਆਂ ਗਲਾਂ ਉਹਨੂੰ ਜ਼ਰਾ ਵੀ ਚੰਗੀਆਂ ਨਹੀਂ ਸਨ ਲੱਗ ਰਹੀਆਂ, ਉਸਨੇ ਗੁਸੇ ਜਹੇ ਨਾਲ ਆਖਿਆ, ਹੈ ਤਾਂ ਠੀਕ, ਪਰ ਪਿਤਾ ਜੀ ਦੇ ਥਾਂ ਹੁਣ ਤਾਂ ਭਾਬੀ ਜੀ ਹੀ ਮਾਲਕ ਹਨ। ਤੁਹਾਨੂੰ ਉਹਨਾਂ ਨੂੰ ਆਖਣਾ ਚਾਹੀਦਾ ਹੈ।

ਗਿਰੀ ਨੰਦ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ, ਇਹ ਤਾਂ ਮੈਂ ਵੀ ਜਾਣਦਾ ਹਾਂ ਪਰ ਜੇ ਉਹਨਾਂ ਨੂੰ ਤੁਸੀ ਭੀ ਆਖੋ ਤਾਂ ਚੰਗਾ ਹੈ।

ਸ਼ੇਖਰ ਨੇ ਉਸੇ ਤਰਾਂ ਜਵਾਬ ਦਿੱਤਾ। ਤੁਸੀਂ ਆਪ ਹੀ ਆਖੋ ਤਾਂ ਇਹ ਕੰਮ ਹੋ ਸਕਦਾ ਹੈ, ਓਸ ਪਾਸੇ ਵਲੋਂ ਕਾਰ ਮੁਖਤਾਰ ਤਾਂ ਤੁਸੀਂ ਹੀ ਹੋ।

ਗਿਰੀ ਨੰਦ ਨੇ ਆਖਿਆ, ਜੇ ਮੇਰੇ ਕਹਿਣ ਦੀ ਲੋੜ ਹੋਵੇ ਤਾਂ ਮੈਂ ਵੀ ਆਖ ਸਕਦਾ ਹਾਂ। ਪਰ ਕੋਲ ਭੈਣ ਜੀ ਕਹਿ ਰਹੇ ਸਨ ਕਿ ਜੇ ਤੁਸੀਂ ਧਿਆਨ ਦਿਉ ਤਾਂ ਕੰਮ ਛੇਤੀ ਹੋ ਸਕਦਾ ਹੈ।

ਸ਼ੇਖਰ ਹੁਣ ਤੱਕ ਇਕ ਮੋਟੇ ਸਿਰਹਾਣੇ ਦੇ ਆਸਰੇ ਬੈਠਾ ਗੱਲ ਬਾਤ ਕਰ ਰਿਹਾ ਸੀ, ਇਹ ਸੁਣਦਿਆਂ ਹੀ ਸੰਭਲ ਕੇ ਬਹਿ ਗਿਆ, ਕਹਿਣ ਲਗਾ, ਕੌਣ ਆਖਦੀ ਸੀ ?

ਗਿਰੀਨੰਦ ਨੇ ਕਿਹਾ, ਲਲਿਤਾ ਭੈਣ ਜੀ ਆਖ ਰਹੀ ਸੀ।

ਸ਼ੇਖਰ ਅਸਚਰਜ ਨਾਲ ਬੁੱਤ ਜਿਹਾ ਬਣ ਗਿਆ। ਅੱਗੇ ਜੋ ਜੋ ਗਿਰੀ ਨੰਦ ਆਖਦਾ ਗਿਆ ਉਹ ਭਰਾ ਵੀ ਨਾ ਸੁਣ ਸਕਿਆ। ਓਹ ਹਰਾਨੀ ਨਾਲ ਇਕ ਟੱਕ ਉਹਦੇ

ਮੂੰਹ ਵਲ ਵੇਖਦਾ ਰਿਹਾ, ਫੇਰ ਕਹਿਣ ਲੱਗਾ, ਮੈਨੂੰ ਮੁਆਫ ਕਰਨਾ ਗਿਰੀਨ ਬਾਬੂ, ਕੀ ਤੁਹਾਡੇ ਨਾਲ ਲਲਿਤਾ ਵਿਆਹੀ ਨਹੀਂ ?

ਗਿਰੀ ਨੰਦ ਨੇ ਦੰਦਾਂ ਥਲੇ ਜ਼ੁਬਾਨ ਦੇਕੇ ਆਖਿਆ, 'ਜੀ ਨਹੀਂ ! ਉਹਨਾਂਦੇ ਘਰ ਦੇ ਸਾਰੇ ਜੀਆਂ ਨੂੰ,ਤੁਸੀਂ ਜਾਣਦੇ ਹੋ। ਮੇਰਾ ਵਿਆਹ ਤਾਂ ਕਾਲੀ ਨਾਲ ਹੋਇਆ ਹੈ।'

'ਪਰ ਇਹ ਗੱਲ ਤਾਂ ਨਹੀਂ ਸੀ।'

ਗਿਰੀ ਨੰਦ ਨੇ ਲਲਿਤਾ ਦੇ ਮੂੰਹੋਂ ਸਾਰੀਆਂ ਗਲਾਂ ਸੁਣ ਰਖੀਆਂ ਸਨ, ਉਸਨੇ ਆਖਿਆ, ਨਹੀਂ ਇਹ ਠੀਕ ਹੈ ਕਿ ਇਹ ਗਲ ਬਾਤ ਨਹੀਂ ਸੀ, ਗੁਰਚਰਨ ਬਾਬੂ ਮਰਨ ਸਮੇਂ ਮੈਨੂੰ ਕਹਿ ਗਏ ਸਨ ਕਿ ਸ਼ਾਦੀ ਦੂਸਰੇ ਥਾਂ ਨਹੀਂ ਕਰਨੀ, ਮੈਂ ਵੀ ਇਹ ਬਚਨ ਦੇ ਚੁੱਕਾ ਸਾਂ। ਉਹਨਾਂ ਦੇ ਮਰਨ ਤੋਂ ਪਿਛੋਂ ਭੈਣ ਜੀ ਨੇ ਮੈਨੂੰ ਸਾਰੀਆਂ ਗਲਾਂ ਸਮਝਾਕੇ ਕਿਹਾ, ਹਾਲਾਂ ਕਿ ਇਹ ਸਾਰੀਆਂ ਗਲਾਂ ਦਾ ਕਿਸੇ ਨੂੰ ਪਤਾ ਨਹੀਂ ਸੀ ਕਿ ਉਹਨਾਂ ਦਾ ਵਿਆਹ ਪਹਿਲਾਂ ਹੋ ਚੁੱਕਾ ਹੈ, ਤੇ ਉਹਨਾਂ ਦੇ ਪਤੀ ਜੀਉਂਦੇ ਹਨ, ਇਹਨਾਂ ਗੱਲਾਂ ਨੂੰ ਸ਼ਾਇਦ ਕੋਈ ਵੀ ਨ ਮੰਨਦਾ, ਪਰ ਮੈਂ ਉਹਨਾਂ ਦੀ ਕਿਸੇ ਗਲ ਤੇ ਬੇ ਪ੍ਰਤੀਤੀ ਨਹੀਂ ਕੀਤੀ, ਇਸ ਤੋਂ ਬਿਨਾਂ ਇਸਤਰੀਆਂ ਦਾ ਇਕ ਵਾਰੀ ਹੀ ਵਿਆਹ ਹੁੰਦਾ ਹੈ,ਘੜੀ ਮੁੜੀ ਨਹੀਂ। 'ਓਹ ਇਹ ਕੀ ?'

ਸ਼ੇਖਰ ਦੀਆਂ ਅੱਖਾਂ ਅਥਰੂਆਂ ਨਾਲ ਭਰ ਆਈਆਂ ਤੇ ਉਹਨਾਂ ਵਿਚੋਂ ਗਰੀਨ ਦੇ ਸਾਹਮਣੇ ਹੀ ਕੜਪਾਟ ਗਏ। ਉਹਨਾਂ ਨੂੰ ਇਹ ਖਿਆਲ ਹੀ ਨ ਰਿਹਾ ਕਿ ਆਦਮੀ ਦੇ ਸਾਹਮਣੇ ਆਦਮੀ ਦੀ ਇਹ ਕਮਜ਼ੋਰੀ ਜ਼ਾਹਿਰ ਹੋ ਜਾਣੀ

ਕਿੰਨੀ ਸ਼ਰਮ ਦੀ ਗੱਲ ਹੈ।

ਗਿਰੀ ਨੰਦ ਚੁਪਚਾਪ ਬੈਠਾ ਉਸ ਵਲ ਵੇਖਦਾ ਰਿਹਾ। ਉਸਦੇ ਮਨ ਵਿਚ ਸ਼ੱਕ ਤਾਂ ਸੀ, ਅੱਜ ਉਸਨੇ ਲਲਿਤਾ ਦੇ ਪਤੀ ਨੂੰ ਸਿਆਣ ਲਿਆ, ਸ਼ੇਖਰ ਨੇ ਭਰੇ ਹੋਏ ਗਲੇ ਨਾਲ ਆਖਿਆ, ਤੁਸੀ ਤਾਂ ਲਲਿਤਾ ਨੂੰ ਪਿਆਰ ਕਰਦੇ ਹੋ ?

ਗਿਰੀ ਨੰਦ ਦੇ ਚਿਹਰੇ ਤੇ ਉਸ ਦੀ ਦਿਲੀ ਪੀੜ ਦਾ ਅਕਸ ਆਗਿਆ। ਪਰ ਦੂਜੇ ਪਲ ਹੀ ਫੇਰ ਹੌਲੀ ਹੌਲੀ ਮੁਸ-ਕਰਾਉਣ ਲੱਗ ਪਿਆ, ਹੌਲੀ ਹੌਲੀ ਆਖਣ ਲੱਗਾ, ਇਸ ਗਲ ਦਾ ਜੁਆਬ ਦੇਣਾ ਕੋਈ ਜਰੂਰੀ ਨਹੀਂ। ਪਿਆਰ ਭਾਵੇਂ ਕਿੰਨਾ ਹੀ ਡੂੰਘਾ ਕਿਉਂ ਨ ਹੋਵੇ, ਜਾਣ ਬੁੱਝ ਕੇ ਕੋਈ ਪਰਾਈ ਇਸਤ੍ਰੀ ਨਾਲ ਸ਼ਾਦੀ ਨਹੀਂ ਕਰ ਸਕਦਾ। ਪਰ ਖੈਰ ਵਡਿਆਂ ਦੀ ਬਾਬਤ ਮੈਂ ਇਹੋ ਜਹੀ ਗੱਲ ਬਾਤ ਕਰਨਾ ਨਹੀਂ ਚਾਹੁੰਦਾ, ਇਹ ਆਖਕੇ ਉਹ ਮੁਸਕਰਾਉਂਦਾ ਹੋਇਆ ਉਠ ਖਲੋਤਾ ਕਹਿਣ ਲੱਗਾ, ਅੱਜ ਜਾਂਦਾ ਹਾਂ ਫੇਰ ਕਦੇ ਮੁਲਾਕਾਤ ਕਰਾਂਗਾ। ਇਹ ਆਖਕੇ ਉਹ ਨਮਸਕਾਰ ਕਰਕੇ ਚਲਿਆ ਗਿਆ।

ਗਿਰੀ ਨੰਦ ਨਾਲ ਸ਼ੇਖਰ ਮੁੱਢ ਤੋਂ ਦਵੈਤ ਰਖਦਾ ਆਇਆ ਸੀ ਤੇ ਇਹ ਦਵੈਤ ਹੁਣ ਘਿਰਣਾ ਵਿਚ ਬਦਲ ਚੁੱਕੀ ਸੀ। ਪਰ ਅੱਜ ਉਸਦੇ ਚਲੇ ਜਾਣ ਪਿਛੋਂ ਸ਼ੇਖਰ ਉਸ ਨੌਜਵਾਨ ਨੂੰ ਜ਼ਮੀਨ ਤੇ ਮੱਥਾ ਰਗੜਨ ਨਮਸਕਾਰ ਕਰਨ ਲਗ ਪਿਆ। ਸਚ ਮੁੱਚ ਕਿੰਨਾ ਸਵਾਰਥ ਤਿਆਗ ਕੋਈ ਕਰ ਸਕਦਾ ਹੈ, ਹਸਦਿਆਂ ਹਸਦਿਆਂ ਆਪਣੇ ਬਚਨਾ ਨੂੰ ਕਿੰਨੀ ਸਖਤੀ ਨਾਲ ਕੋਈ ਪਾਲ ਸਕਦਾ ਹੈ, ਇਹ ਉਸਨੇ

ਅੱਜ ਵੀ ਵੇਖਿਆ ਸੀ।

ਦੁਪਹਿਰ ਨੂੰ ਭਵਨੇਸ਼ਵਰੀ ਫਰਸ਼ ਤੇ ਬੈਠੀ ਲਲਿਤਾ ਦੀ ਮਦਦ ਨਾਲ ਢੇਰ ਸਾਰਾ ਕਪੜਿਆਂ ਦਾ ਸੰਭਾਲ ਸੰਭਾਲਕੇ ਰੱਖ ਰਹੀ ਸੀ। ਸ਼ੇਖਰ ਅੰਦਰ ਆਕੇ ਮਾਂ ਦੇ ਬਿਸਤਰੇ ਤੇ ਬਹਿ ਗਿਆ ਅੱਜ ਉਹ ਲਲਿਤਾ ਨੂੰ ਵੇਖਕੇ ਬੇਚੈਨ ਹੋਕੇ ਭੱਜਾ ਨਹੀਂ। ਮਾਂ ਨੇ ਉਹਨੂੰ ਵੇਖ ਕੇ ਆਖਿਆ, ਕੀ ਗੱਲ ਹੈ ?

ਸ਼ੇਖਰ ਨੇ ਕੋਈ ਜੁਵਾਬ ਨ ਦਿੱਤਾ ਚੁੱਪ ਚਾਪ ਬਹਿਕੇ ਕਪੜਿਆਂ ਦੀਆਂ ਤਹਿਆ ਲਗਦੀਆਂ ਵੇਖਦਾ ਰਿਹਾ, ਥੋੜੇ ਚਿਰ ਪਿਛੋਂ ਬੋਲਿਆ, ਇਹ ਕੀ ਹੋ ਰਿਹਾ ਏ ਮਾਂ ?

ਮਾਂ ਨੇ ਆਖਿਆ ਨਵੇਂ ਕਪੜਿਆਂ ਵਿਚੋਂ ਕਿਸੇ ਨੂੰ ਕੀ ਦੇਣਾ ਹੈ, ਹਿਸਾਬ ਲਾਕੇ ਵੇਖ ਰਹੀ ਹਾਂ। ਸ਼ਾਇਦ ਹੋਰ ਵੀ ਬਣਾਉਣੇ ਪੈਣਗੇ।

ਲਲਿਤਾ ਨੇ ਸਿਰ ਹਲਾਕੇ ਪ੍ਰੋੜਤਾ ਕੀਤੀ।

ਸ਼ੇਖਰ ਨੇ ਹਸਦਿਆਂ ਹਸਦਿਆਂ ਆਖਿਆ, ਜੇ ਮੈਂ ਵਿਆਹ ਹੀ ਨ ਕਰਵਾਵਾਂ ਤਾਂ ?

ਭਵਨੇਸ਼ਵਰੀ ਹੱਸ ਪਈ। ਬੋਲੀ ਤੂੰ ਕਰ ਸਕਦਾ ਏਂ ਬੇਟਾ, ਤੇਰੇ ਵਿਚ ਕਿਹੜੀ ਗੱਲ ਦਾ ਘਾਟਾ ਹੈ ?

ਸ਼ੇਖਰ ਹੱਸ ਕੇ ਬੋਲਿਆ, ਸ਼ਾਇਦ ਕੋਈ ਘਾਟਾ ਹੋਵੇ ਈ ਮਾਂ ?

ਮਾਂ ਗੰਭੀਰ ਹੋਕੇ ਆਖਣ ਲੱਗੀ, ਇਹ ਕਿਹੋ ਜਹੀਆਂ ਗੱਲਾਂ ਕਰ ਰਿਹਾਏਂ ਇਹੋ ਜਹੀਆਂ ਗੱਲਾਂ ਜ਼ਬਾਨੋਂ ਨ ਕੱਢ।

ਸ਼ੇਖਰ ਨੇ ਆਖਿਆ, ਐਨਾਂ ਚਿਰ ਤਾਂ ਮੈਂ ਮੂੰਹੋਂ ਕੱਢੀ ਨਹੀਂ ਮਾਂ, ਪਰ ਹੁਣ ਬਿਨਾਂ ਕੱਢੇ ਰਿਹਾ ਨਹੀਂ ਜਾਂਦਾ। ਜੇ ਮੈਂ

ਹੁਣ ਵੀ ਨਾ ਕੱਢਾਂ ਤਾਂ ਇਹ ਬੜਾ ਭਾਰੀ ਪਾਪ ਹੋਵੇਗਾ।

ਭਵਨੇਸ਼ਵਰੀ ਨਾ ਸਮਝ ਸਕਣ ਦੇ ਕਾਰਨ ਉਸ ਦੇ ਮੂੰਹ ਵਲ ਸ਼ਕ ਦੀਆਂ ਨਜ਼ਰਾਂ ਨਾਲ ਵੇਖਣ ਲੱਗ ਪਈ।

ਸ਼ੇਖਰ ਨੇ ਆਖਿਆ, ਤੁਸੀ ਆਪਣੇ ਏਸ ਲੜਕੇ ਦੇ ਕਈ ਕਸੂਰ ਮਾਫ ਕਰਦੇ ਆਏ ਹੋ। ਮੇਰਾ ਇਹ ਕਸੂਰ ਵੀ ਮਾਫ ਕਰਨਾ ਪਵੇਗਾ। ਮਾਂ ਮੈਂ ਸੱਚ ਮੁਚ ਹੀ ਇਹ ਵਿਆਹ ਨਹੀਂ ਕਰਾਂਗਾ।

ਪੁਤ੍ਰ ਦੀ ਗੱਲ ਤੇ ਉਹਦੇ ਚੇਹਰੇ ਦੇ ਭਾਵ ਨੂੰ ਵੇਖਕੇ ਭਾਵਨੇਸ਼ਵਰੀ ਸੱਚ ਮੁੱਚ ਹੀ ਤਲਖ ਹੋ ਪਈ।ਪਰ ਉਹ ਗੁੱਸੇ ਨੂੰ ਰੋਕਕੇ ਕਹਿਣ ਲੱਗੀ, ਚੰਗਾ ਚੰਗਾ ! ਨਾ ਕਰੀਂ, ਪਰ ਹੁਣ ਤੂੰ ਇੱਥੋਂ ਚਲਿਆ ਜਾਹ। ਮੈਨੂੰ ਪਰੇਸ਼ਾਨ ਨਾ ਕਰ ਸ਼ੇਖਰ, ਤੈਨੂੰ ਪਤਾ ਨਹੀਂ ਮੈਂ ਕਿੰਨੇ ਕੰਮ ਕਰਨੇ ਹਨ ?

ਸ਼ੇਖਰ ਫੇਰ ਇਕ ਵਾਰੀ ਹੱਸਣ ਦੀ ਕੋਸ਼ਸ਼ ਕਰਦਾ ਸੁਕੇ ਜਹੇ ਗਲ ਨਾਲ ਬੋਲ ਪਿਆ, "ਨਹੀਂ ਮਾਂ ਮੈਂ ਸੱਚ ਆਖਦਾ ਹਾਂ ਕਿ ਮੈਂ ਇਹ ਵਿਆਹ ਨਹੀਂ ਕਰਾਂਗਾ।"

"ਕਿਉਂ ! ਕੀ ਵਿਆਹ ਬੱਚਿਆਂ ਦਾ ਖੇਲ ਹੈ ?"

"ਖੇਲ ਨਹੀਂ, ਏਸੇ ਕਰਕੇ ਤਾਂ ਆਖਦਾ ਹਾਂ।"

ਭਵਨੇਸ਼ਵਰੀ ਇਸ ਵਾਰੀ ਕ੍ਰੋਧ ਵਿਚ ਆ ਗਈ। ਗੁੱਸੇ ਨਾਲ ਆਖਣ ਲੱਗੀ,"ਵਿੱਚੋਂ ਗੱਲ ਕੀਏ ਖੋਲ੍ਹ ਕੇ ਦੱਸ ਖਾਂ ?" ਇਹ ਸਾਰੀਆਂ ਗੜ-ਬੜੀ ਦੀਆਂ ਗੱਲਾਂ ਮੈਨੂੰ ਚੰਗੀਆਂ ਨਹੀਂ ਲਗਦੀਆਂ।

ਸ਼ੇਖਰ ਨੇ ਹੌਲੀ ਜਹੀ ਆਖਿਆ, "ਫੇਰ ਕਿਸੇ ਦਿਨ ਸੁਣਨਾ ਮਾਂ ਫੇਰ ਦੱਸਾਂਗਾ।"

"ਫੇਰ ਕਿਸ ਦਿਨ ਦੱਸੇਂਗਾ !" ਉਹਨੇ ਕਪੜੇ ਦੀ ਤਹਿ ਦੂਜੇ ਪਾਸੇ ਕਰਦੀ ਹੋਈ ਨੇ ਕਿਹਾ, ਹੁਣ ਹੀ ਮੈਨੂੰ ਕਾਂਸ਼ੀ ਭੇਜ ਦਿਹ, ਇਹੋ ਜਹੇ ਟੱਬਰ ਵਿਚ ਮੈਂ ਇਕ ਰਾਤ ਵੀ ਨਹੀਂ ਰਹਿਣਾ ਚਾਹੁੰਦੀ।"

ਸ਼ੇਖਰ ਨੀਵੀਂ ਪਾਈ ਬੈਠਾ ਰਿਹਾ। ਭਵਨੇਸ਼ਵਰੀ ਹੋਰ ਭੀ ਭੜਕ ਕੇ ਕਹਿਣ ਲੱਗੀ, ਲਲਿਤਾ ਵੀ ਮੇਰੇ ਨਾਲ ਜਾਣਾ ਚਾਹੁੰਦੀ ਹੈ। ਮੈਂ ਵੇਖਾਂਗੀ ਕਿ ਇਸਦਾ ਬੰਦੋਬਸਤ ਕਰ ਸਕੀ ਤਾਂ ਜ਼ਰੂਰ ਕਰ ਦਿਆਂਗੀ।

ਇਸ ਵਾਰੀ ਸ਼ੇਖਰ ਸਿਰ ਉਠਾ ਕੇ ਹੱਸ ਪਿਆ। ਕਹਿਣ ਲੱਗਾ, ਤੁਸੀਂ ਇਹਨੂੰ ਨਾਲ ਲੈ ਜਾਉਗੇ ਤੇ ਇਹਦਾ ਹੋਰ ਬੰਦੋਬਸਤ ਕਿੱਥੇ ਕਰ ਦਿਉਗੇ ? ਮਾਂ ਇਸਨੂੰ ਤੇਰੀ ਗੋਦੀ ਤੋਂ ਬਿਨਾਂ ਹੋਰ ਕਿੱਥੇ ਥਾਂ ਮਿਲ ਸਕੇਗਾ ?"

ਲੜਕੇ ਦੇ ਮੂੰਹ ਤੇ ਹਾਸਾ ਵੇਖ ਕੇ ਮਾਂ ਕੁਝ ਮਨ ਹੀ ਮਨ ਵਿਚ ਅਸ਼ਾਂਤ ਜਹੀ ਹੋਈ। ਲਲਿਤਾ ਵੱਲ ਵੇਖ ਕੇ ਕਹਿਣ ਲੱਗੀ, "ਸੁਣ ਲਈ ਧੀਏ ਇਹਦੀ ਗੱਲ ਸੁਣ ਲਈ ? ਇਹ ਸਮਝਦਾ ਹੈ ਕਿ ਜੇ ਮੈਂ ਚਾਹਾਂ ਤਾਂ ਤੈਨੂੰ ਜਿਥੇ ਮਰਜ਼ੀ ਹੋਵੇ ਲੈ ਜਾ ਸਕਦੀ ਹਾਂ। ਇਹਦੀ ਮਾਮੀ ਪਾਸੋਂ ਨਹੀਂ ਪੁਛਣਾ ਪਏਗਾ ?"

ਲਲਿਤਾ ਨੇ ਕੋਈ ਜਵਾਬ ਨਹੀਂ ਦਿੱਤਾ। ਸ਼ੇਖਰ ਦੀ ਗੱਲ ਬਾਤ ਦੇ ਢੰਗ ਤੋਂ ਉਹ ਮਨ ਹੀ ਮਨ ਵਿਚ ਬਹੁਤ ਸ਼ਰਮਾ ਰਹੀ ਸੀ।

ਸ਼ੇਖਰ ਨੇ ਅਖੀਰ ਨੂੰ ਆਖ ਹੀ ਦਿੱਤਾ, 'ਜੇ ਇਹਦੀ ਮਾਮੀ ਨੂੰ ਪੁਛਣਾ ਹੈ ਤਾਂ ਪੁਛ ਲੈ ਤੇਰੀ ਮਰਜ਼ੀ। ਪਰ ਜੇ ਤੂੰ

ਆਖੇਂਗੀ ਉਹੋ ਹੀ ਹੋਵੇਗਾ। ਮਾਂ—ਮੈਂ ਵੀ ਸਮਝਦਾ ਹਾਂ ਤੇ ਜਿਸਨੂੰ ਨਾਲ ਖੜਨਾ ਚਾਹੁੰਦੀ ਹੈਂ, ਉਹ ਵੀ ਜਾਣਦੀ ਹੈ, ਇਹ ਤੇਰੀ ਹੀ ਨੂੰਹ ਹੈ, ਇਹ ਆਖ ਕੇ ਉਹਨੇ ਨੀਵੀਂ ਪਾ ਲਈ।

ਭੁਵਨੇਸ਼ਵਰੀ ਅਸਚਰਜ ਰਹਿਗਈ। ਮਾਂ ਦੇ ਸਾਹਮਣੇ ਉਲਾਦ ਦਾ ਇਹ ਮਖੌਲ ? ਇਕ ਟੱਕ ਉਸ ਵੱਲ ਵੇਖਦੀ ਹੋਈ ਬੋਲੀ, ਕੀ ਕਿਹਾ ਈ, ਇਹ ਕੀ ਹੈ ਮੇਰੀ ?''

ਸ਼ੇਖਰ ਮੂੰਹ ਉਤਾਂਹ ਨ ਕਰ ਸਕਿਆ, ਪਰ ਹੌਲੀ ਜਹੀ ਜਵਾਬ ਦਿੱਤਾ,'ਇਕ ਵਾਰੀ ਆਖ ਜੂ ਦਿੱਤਾ ਹੈ। ਅੱਜ ਨਹੀਂ ਚਾਰ ਸਾਲ ਤੋਂ ਵੱਧ ਹੋ ਗਏ ਹਨ ਜਦੋਂ ਦੀ ਤੂੰ ਸੱਚ ਮੁਚ ਹੀ ਉਸ ਦੀ ਮਾਂ (ਸੱਸ) ਹੋ, ਮਾਂ ਮੇਰੇ ਕੋਲੋਂ ਕਿਹਾ ਨਹੀਂ ਜਾਂਦਾ ਉਸ ਕੋਲੋਂ ਪੁਛ ਲੈ, ਓਹੋ ਹੀ ਦਸੇਗੀ।' ਆਖਕੇ ਜਿਉਂ ਹੀ ਉਸ ਨੇ ਲਲਿਤਾ ਵਲ ਵੇਖਿਆ ਕਿ ਲਲਿਤਾ ਗਲ ਵਿਚ ਕਪੜਾ ਪਾਕੇ ਮਾਂ ਨੂੰ ਪ੍ਰਨਾਮ ਕਰਨ ਲਈ ਤਿਆਰ ਹੋ ਰਹੀ ਹੈ। ਉਹ ਉਠਕੇ ਉਸਦੇ ਪਾਸ ਆ ਖਲ਼ੋਤਾ, ਅਰ ਦੋਹਾਂ ਨੇ ਇਕੱਠੇ ਹੋਕੇ ਮਾਂ ਦੇ ਚਰਨਾਂ ਤੇ ਸਿਰ ਰਖਕੇ ਪ੍ਰਣਾਮ ਕੀਤਾ। ਇਸ ਦੇ ਪਿਛੋਂ ਸ਼ੇਖਰ ਚੁਪ ਚਾਪ ਹੌਲੀ ਜਹੀ ਬਾਹਰ ਚਲਾ ਗਿਆ।

ਤਦ ਭੁਵਨੇਸ਼ਵਰੀ ਦੀਆਂ ਦੋਹਾਂ ਅਖਾਂ ਵਿਚੋਂ ਖੁਸ਼ੀ ਦੇ ਅਥਰੂ ਡਿਗਣ ਲਗ ਪਏ। ਉਹ ਲਲਿਤਾ ਨੂੰ ਬਹੁਤ ਹੀ ਪਿਆਰ ਕਰਦੀ ਹੁੰਦੀ ਸੀ। ਸੰਦੂਕ ਖੋਹਲਕੇ ਆਪਣੇ ਸਭ ਦੇ ਸਭ ਗਹਿਣੇ ਕੱਢ ਕੇ ਉਨ੍ਹਾਂ ਨੇ ਉਸਨੂੰ ਪੁਆਕੇ ਹੌਲੀ ਹੌਲੀ ਇਕ ਇਕ ਕਰਕੇ ਸਭ ਗਲਾਂ ਜਾਣ ਲਈਆਂ। ਸਭ ਸੁਣ

ਸੁਣਾ ਕੇ ਉਨ੍ਹਾਂ ਨੇ ਕਿਹਾ "ਇਸੇ ਕਰਕੇ ਸ਼ਾਇਦ ਗਰੀਨ ਦਾ ਵਿਆਹ ਕਾਲੀ ਨਾਲ ਹੋਇਆ ਸੀ।"

ਲਲਿਤਾ ਨੇ ਕਿਹਾ -"ਹਾਂ ਮਾਂ ਇਸੀ ਨਾਲ ਹੀ। ਗਰੀਨ ਬਾਬੂ ਜਹੇ ਆਦਮੀ ਦੁਨੀਆਂ ਵਿਚ ਹੋਰ ਹਨ ਜਾਂ ਨਹੀਂ, ਮਾਲੂਮ ਨਹੀਂ। ਮੈਂ ਉਸ ਨੂੰ ਸਮਝਾ ਕੇ ਕਿਹਾ ਅਤੇ ਸੁਣਦੇ ਹੀ ਉਨ੍ਹਾ ਨੇ ਵਿਸਵਾਸ ਕਰ ਲਿਆ ਕਿ ਸਚ ਮੁਚ ਹੀ ਮੇਰਾ ਵਿਆਹ ਹੋ ਚੁਕਾ ਹੈ, ਪਤੀ ਮੈਨੂੰ ਸਵੀਕਾਰ ਕਰਨ ਜਾਂ ਨਾ ਕਰਨ ਇਹ ਉਨ੍ਹਾਂ ਦੀ ਇੱਛਾ ਪਰ ਉਹ ਮੇਰੇ ਪਤੀ ਜ਼ਰੂਰ ਹਨ।"

ਭਵਨੇਵਸ਼ਰੀ ਨੇ ਲਲਿਤਾ ਦੇ ਮਥੇ ਤੇ ਹਥ ਰਖ ਕੇ ਕਿਹਾ-'ਜ਼ਰੂਰ ਹੈ ਬੇਟੀ ਮੈਂ ਅਸ਼ੀਰਬਾਦ ਦਿੰਦੀ ਹਾਂ ਕਿ ਜਨਮ ਜਨਮ ਵਡਾ ਉਮਰ ਵਾਲੀ ਹੋਕੇ ਰਹੇਂ। ਜ਼ਰਾ ਠਹਿਰਨਾ ਬੇਟੀ! ਅਬਨਾਸ਼ ਨੂੰ ਖਬਰ ਦੇ ਆਵਾਂ ਕਿ ਵਿਆਹ ਦੀ ਵਹੁਟੀ ਬਦਲ ਗਈ ਹੈ।" ਇਤਨਾ ਆਖ ਕੇ ਉਹ ਹਸਦੀ ਹੋਈ ਵਡੇ ਲੜਕੇ ਦੇ ਕਮਰੇ ਵਲ ਚਲੀ ਗਈ।

—ਸਮਾਪਤ—

# ਬੰਗਾਲ ਦੇ ਪ੍ਰਸਿੱਧ ਕਲਾਕਾਰ, ਬਾਬੂ ਸ਼ਰਤ ਚੰਦ੍ਰ ਚੈਟਰ ਜੀ ਦੀ ਅਨੋਖੀ ਰਚਨਾ ਵਿਚੋਂ ਪੰਜਾਬੀ ਵਿਚ ਅਨੁਵਾਦ ਕੀਤੀਆਂ ਗਈਆਂ ਕੁਝ-ਕੁ ਸੁਗਾਤਾਂ।

**ਚੰਦ੍ਰ ਨਾਥ**—ਬਾਬੂ ਸ਼ਰਤ ਚੰਦ੍ਰ ਚੈਟਰ ਜੀ ਪ੍ਰਸਿੱਧ ਕਲਾਕਾਰ ਦੀ ਜਾਦੂ ਭਰੀ ਲੇਖਣੀ ਤੋਂ ਲਿਖੀ ਹੋਈ ਪ੍ਰਸਿੱਧ ਕਹਾਣੀ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਗਿਆ ਹੈ। ਅਨੁਵਾਦ ਵਿਚ ਅਸਲ ਕਹਾਣੀ ਦਾ ਸਵਾਦ ਬਿਲਕੁਲ ਉਸੇ ਤਰ੍ਹਾਂ ਕਾਇਮ ਰਖਿਆ ਹੈ। ਕਹਾਣੀ ਇਸ ਤਰ੍ਹਾਂ ਹੈ--

ਬਾਬੂ ਚੰਦ੍ਰ ਨਾਥ ਜੀ, ਇਕ ਉੱਚੇ ਘਰਾਣੇ ਨਾਲ ਸਬੰਧ ਰਖਦਿਆਂ ਹੋਇਆਂ, ਵਿਧਵਾ ਦੀ ਲੜਕੀ ਨਾਲ ਸ਼ਾਦੀ ਕਰਦੇ ਹਨ। ਇਸ ਪ੍ਰੇਮ ਵਿਆਹ ਵਿਚ ਉਹਨਾਂ ਨੂੰ ਕਈ ਔਕੜਾਂ ਆਉਂਦੀਆਂ ਹਨ। ਅਖੀਰ ਤੇ ਪਿਆਰ ਦੀ ਜ਼ਬਰ-ਦਸਤ ਜਿੱਤ ਹੁੰਦੀ ਹੈ। 'ਵਿਸ਼ੂ' ਦੀ ਤੋਤਲੀ ਜ਼ਬਾਨ ਤੇ ਮਾਸੂਮ ਪਿਆਰ, ਬੁੱਢੇ ਤੇ ਜ਼ਮਾਨੇ ਦੀਆਂ ਠੋਕਰਾਂ ਖਾ ਖਾ ਕੇ ਮਰ ਚੁੱਕੇ ਕਇਲਾਸ ਚੰਦ੍ਰ ਦੇ ਖੁਸ਼ਕ ਜੀਵਣ ਨੂੰ ਮੁੜ ਹਰਿਆ ਭਰਿਆ ਕਰ ਦੇਂਦਾ ਹੈ।

ਕਹਾਣੀ ਡਾਢੀ ਦਿਲ-ਚਸਪ ਹੈ ਤੇ ਬਿਨਾਂ ਮੁਕਾਇਏ ਦੇ ਕਿਤਾਬ ਹੱਥੋਂ ਰੱਖਣ ਨੂੰ ਜੀ ਨਹੀਂ ਕਰਦਾ। ਕਹਾਣੀ, ਬਿਨਾ ਦਿਮਾਗ ਉਤੇ ਬੋਝ ਪਾਏ ਦੇ, ਠੰਢੇ ਜਲ ਦੀ ਸਿਆਲੀ ਨਦੀ ਵਾਂਗ ਇਕ ਸਾਰ ਤੁਰੀ ਜਾਂਦੀ ਹੈ। ਮੂਲ ੨॥)

**ਅਨੁਰਾਧਾ**—ਇਹ ਪੁਸਤਕ ਵੀ ਬਾਬੂ ਸ਼ਰਤ ਚੰਦ੍ਰ ਚੇਟਰ ਜੀ ਦੀਆਂ ਸੁਆਦਲੀਆਂ ਕਹਾਣੀਆਂ ਦੇ ਸੰਗ੍ਰਹਿ ਦਾ ਪੰਜਾਬੀ ਅਨੁਵਾਦ ਹੈ। ਅਨੁਵਾਦਕ ਨੇ ਯਤਨ ਕੀਤਾ ਹੈ ਕਿ ਅਨੁਵਾਦ ਵਿਚ ਕਹਾਣੀਆਂ ਦਾ ਅਸਲ ਸੁਆਦ ਕਾਇਮ ਰਹੇ। ਬੋਲੀ ਠੇਠ ਤੇ ਮੁਹਾਵਰੇ-ਦਾਰ ਹੈ।

ਹਰ ਇਕ ਕਹਾਣੀ, ਸਾਡੀ ਰੋਜ਼ਾਨਾ ਜ਼ਿੰਦਗੀ ਦੇ ਕਿਸੇ ਨ ਕਿਸੇ ਪਹਿਲੂ ਤੇ ਰੌਸ਼ਨੀ ਪਾਉਂਦੀ ਹੈ। ਸਮਾਜ ਦੀਆਂ ਕਈ ਹਨੇਰੀਆਂ ਗੁੱਠਾਂ ਵਿਚ ਚਾਨਣ ਕਰਦੀ ਹੈ। ਪਾਤ੍ਰਾਂ ਦੇ ਸਭਾ ਦੀ ਉਸਾਰੀ ਵਿਚ ਸਯੋਗ ਲੇਖਕ ਨੇ ਕਮਾਲ ਕਰ ਛਡਿਆ ਹੈ।

ਪੰਜਾਬੀ ਪਿਆਰਿਆਂ ਨੂੰ ਜ਼ਰੂਰ ਇਹ ਪੁਸਤਕ ਪੜ੍ਹਨੀ ਚਾਹੀਦੀਹੈ। ਮੁਲ ੨॥)

**ਧੁਪ ਤੇ ਛਾਂ**--ਇਸ ਨਾਂ ਹੇਠਾਂ ਵੀ ਸ੍ਰੀ ਯੁਤ ਬਾਬੂ ਸ਼ਰਤ ਚੰਦ੍ਰ ਚੇਟਰ ਜੀ ਦੀਆਂ ਅਤਿ ਸੁਆਦਲੀਆਂ ਕਹਾਣੀਆਂ ਦਾ ਪੰਜਾਬੀ ਅਨੁਵਾਦ ਕੀਤਾ ਗਿਆ ਹੈ। ਇਹਨਾਂ ਕਹਾਣੀਆਂ ਦੇ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਸਾਡੀ ਰੋਜ਼ ਦੀ ਜ਼ਿੰਦਗੀ ਵਿਚ ਕਿੱਦਾਂ ਦੁਖ ਤੇ ਸੁਖ ਆਉਂਦੇ ਹਨ ਤੇ ਕਿੱਦਾਂ ਧੁਪ ਛਾਂ ਵਾਂਗੂ ਇਕ ਦੂਜੇ ਨਾਲ ਵੱਟੇ ਜਾਂਦੇ ਹਨ। ਹਰ ਇਕ ਕਹਾਣੀ ਆਪਣੇ ਆਪ ਵਿਚ ਇਕ ਮੁਕੰਮਲ ਚੀਜ਼ ਹੈ। ਕਹਾਣੀਆਂ ਅਤਿ ਦਰਜੇ ਦੀਆਂ ਮਿਠੀਆਂ ਤੇ ਪਾਠਕ ਨੂੰ ਬੰਨ੍ਹ ਕੇ ਬਠਾ ਲੈਣ ਵਾਲੀਆਂ ਹਨ। ਲਿਖਾਰੀ ਦੇ ਲਿਖਣ ਢੰਗ ਦੀ ਖਾਹ ਮਖਾਹ ਸ਼ਲਾਘਾ ਕਰਨੀ ਪੈਂਦੀ ਹੈ। ਇਕ ਇਕ ਸ਼ਬਦ

ਪਾਠਕ ਦੇ ਦਿਲ ਦੀਆਂ ਡੂੰਘਿਆਈਆਂ ਅੰਦਰ ਉਤਰ ਜਾਂਦਾ ਹੈ। ਹਰ ਇਕ ਸਾਹਿਤ ਪ੍ਰੇਮੀ ਪਾਸੋਂ ਇਹਨਾਂ ਕਹਾਣੀਆਂ ਨੂੰ ਪੜ੍ਹਨ ਦੀ ਆਸ ਕੀਤੀ ਜਾਂਦੀ ਹੈ। ਮੁਲ ਕੇਵਲ ੨॥)

**ਅੰਧੇਰੇ ਵਿਚ**—ਇਹ ਪੁਸਤਕ ਵੀ ਬਾਬੂ ਸ਼ਰਤ ਚੰਦ੍ਰ ਚੇਟਰ ਜੀ ਦੀਆਂ ਖਾਸ ਖਾਸ ਕਹਾਣੀਆਂ ਦੇ ਸਗ੍ਰਹਿ ਦਾ ਸੁੰਦਰ ਪੰਜਾਬੀ ਅਨੁਵਾਦ ਹੈ। ਇਹਨਾਂ ਕਹਾਣੀਆਂ ਦੀ ਬਾਬਤ ਏਨਾਂ ਲਿਖ ਦੇਣਾ ਹੀ ਕਾਫੀ ਹੈ ਕਿ ਇਹੋ ਜਹੀਆਂ ਠਰੰਮੇ ਨਾਲ ਲਿਖੀਆਂ ਹੋਈਆਂ ਕਹਾਣੀਆਂ ਪੰਜਾਬੀ ਜ਼ਬਾਨ ਵਿਚ ਘਟ ਹੀ ਆਈਆਂ ਹਨ। ਲਿਖਾਰੀ ਨੂੰ ਸਾਡੇ ਸਮਾਜ ਦੀ ਵਿਗੜੀ ਹੋਈ ਹਾਲਤ ਨੂੰ ਸੁਧਾਰਨ ਦਾ ਇਸ਼ਕ ਲਗਾ ਹੋਇਆ ਜਾਪਦਾ ਹੈ ਤੇ ਇਹ ਕਹਾਣੀਆਂ ਇਸੇ ਲਗਨ ਨੂੰ ਪੂਰਾ ਕਰਨ ਦਾ ਤਰਲਾ ਮਲੂਮ ਹੁੰਦਾ ਹੈ।

ਪੜ੍ਹਨ ਵਿਚ ਐਨੀਆਂ ਸਵਾਦੀ ਹਨ ਕਿ ਪਾਠਕ ਪੜ੍ਹਦਾ ਪੜ੍ਹਦਾ ਗੁੰਮ ਹੀ ਹੋ ਜਾਂਦਾ ਹੈ। ਸਭ ਕਹਾਣੀਆਂ ਇਖਲਾਕੀ ਮਿਆਰ ਤੇ ਪੂਰੀਆਂ ਉਤਰਦੀਆਂ ਹਨ। ਬਹੁਤ ਉਚੇ ਦਰਜੇ ਦਾ ਸ਼ਿੰਗਾਰ ਰਸ ਨਿਬਾਹਿਆ ਗਿਆ ਹੈ। ਪਿਆਰ ਜਜ਼ਬੇ ਨੂੰ ਕਿਧਰੇ ਬੇ ਕਾਬੂ ਨਹੀਂ ਹੋਣ ਦਿਤਾ ਗਿਆ। ਮੁਲ ੨॥)

**ਪਾਰਸ**—ਇਹ ਪੁਸਤਕ ਬਾਬੂ ਸ਼ਰਤ ਚੰਦ੍ਰ ਚੇਟਰ ਜੀ ਦੀਆਂ ਅੱਤ ਉੱਚੇ ਦਰਜੇ ਦੀਆਂ ਕਹਾਣੀਆਂ ਦੇ ਸੰਗ੍ਰਹਿ ਦਾ ਪੰਜਾਬੀ ਅਨੁਵਾਦ ਹੈ। ਅਨੁਵਾਦ ਕਰਤਾ, ਗਿਆਨੀ ਦੁਸੌਂਧਾ ਸਿੰਘ 'ਮੁਸ਼ਤਾਕ', ਨੇ ਬੜੀ ਮਿਹਨਤ ਕਰਕੇ ਪੰਜਾਬੀ ਸਾਹਿਤ ਦੇ

ਭੰਡਾਰੇ ਵਿਚ ਇਸ ਚੀਜ਼ ਦਾ ਵਾਧਾ ਕੀਤਾ ਹੈ। ਕਹਾਣੀ
ਦੀ ਚੋਣ ਬੜੀ ਸੁਚੱਜੀ ਹੈ।

ਆਮ ਤੌਰ ਤੇ ਅਜ ਕੱਲ ਦੇ ਨੌਜੁਵਾਨ ਪਾਠਕ
ਪਾਠਕਾਵਾਂ ਦਾ ਮਿਜ਼ਾਕ ਆਮ ਸ਼ੰਗਾਰ ਰਸ ਦੀਆਂ ਕ
ਣੀਆਂ ਨੇ ਖਰਾਬ ਕਰ ਦਿਤਾ ਹੈ। ਇਹ ਕਹਾਣੀਆਂ
ਦੋਸ਼ ਤੋਂ ਪਾਕ ਹਨ। ਇਹਨਾਂ ਨੂੰ ਪੜ੍ਹਕੇ ਨੌਜਵਾਨਾਂ
ਅੰਦਰ ਦੇਸ ਪਿਆਰ, ਆਪਣੀ ਸਭਤਾ ਦੀ ਗੌਰਵਤਾ
ਉੱਚੇ ਆਚਰਣ ਵਾਲੇ ਸਾਹਸੀ ਗੱਭਰੂ ਬਣਨ ਦੀ ਸਪਿ
ਪੈਦਾ ਹੁੰਦੀ ਹੈ।

ਪੰਜਾਬੀ ਪੜ੍ਹੇ ਹੋਏ ਸਜਣਾਂ ਨੂੰ ਜ਼ਰੂਰ ਇਹ
ਕਹਾਣੀਆਂ ਦਾ ਸੁਵਾਦ ਮਾਨਣਾ ਚਾਹੀਦਾ ਹੈ। ਕੀ
ਸਭੇ ੨॥) ਹੈ।


## ਹਰ ਪ੍ਰਕਾਰ ਦੀਆਂ ਪੁਸਤਕਾਂ ਮਿਲਨ ਦਾ ਪਤਾ

# ਭਾਰਤ ਪੁਸਤਕ ਭੰਡਾਰ

## ਕਟੜਾ ਆਹਲੂ ਵਾਲੀਆ ਅੰਮ੍ਰਿਤਸਰ


---

ਵਜ਼ੀਰ ਹਿੰਦ ਪ੍ਰੈਸ ਹਾਲ ਬਜ਼ਾਰ ਅੰਮ੍ਰਿਤਸਰ ਵਿਚ
ਸ. ਭੂਪਿੰਦਰ ਸਿੰਘ ਬੀ. ਏ. ਐਲਐਲ. ਬੀ. ਮੈਨੇਜਰ
ਤੇ ਪ੍ਰਿੰਟਰ ਦੇ ਯਤਨ ਨਾਲ ਛਪੀ।